1-FEB-PAGE-1.qxd 1/31/2024 10:30 PM Page 1

ਵੀਰਵਾਰ, 1 ਫਰਵਰੀ, 2024
19 ਮਾਘ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 242

# ਨਵਾਂ ਜ਼ਮਾਨਾ

DAILY NAWAN ZAMANA • THURSDAY, 1 FEBRUARY, 2024 ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

# ਗਿਆਨਵਾਪੀ ਮਸਜਿਦ ਦੇ ਤਹਿਖਾਨੇ 'ਚ ਹੋਵੇਗੀ ਪੂਜਾ

## ਮੁਲਾਇਮ ਸਰਕਾਰ ਨੇ 1993 'ਚ ਕੀਤਾ ਸੀ ਸੀਲ, ਫੈਸਲੇ ਦੀ ਰਾਮ ਜਨਮ ਭੂਮੀ ਦਾ ਤਾਲਾ ਖੋਲ੍ਹਣ ਨਾਲ ਤੁਲਨਾ

**ਲਖਨਊ** : ਵਾਰਾਨਸੀ ਕੋਰਟ ਨੇ ਬੁੱਧਵਾਰ ਗਿਆਨਵਾਪੀ ਮਸਜਿਦ ਕੰਪਲੈਕਸ ਦੇ ਵਿਆਸ ਤਹਿਖਾਨੇ ਵਿਚ ਹਿੰਦੂ ਪੱਖ ਨੂੰ ਪੂਜਾ ਦਾ ਅਧਿਕਾਰ ਦੇ ਦਿੱਤਾ ਹੈ। ਇਹ ਤਹਿਖਾਨਾ 1993 ਵਿਚ ਮੁਲਾਇਮ ਸਿੰਘ ਯਾਦਵ ਦੀ ਵੇਲੇ ਦੀ ਸਰਕਾਰ ਨੇ ਸੀਲ ਕਰ ਦਿੱਤਾ ਸੀ। ਕੋਰਟ ਨੇ ਆਪਣੇ ਹੁਕਮ ਵਿਚ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਦੀ 7 ਦਿਨਾਂ ਵਿਚ ਵਿਵਸਥਾ ਕਰੇ। ਵਾਰਾਨਸੀ ਜ਼ਿਲ੍ਹਾ ਪ੍ਰਸ਼ਾਸਨ ਨੇ 24 ਜਨਵਰੀ ਨੂੰ ਗਿਆਨਵਾਪੀ ਮਸਜਿਦ ਕੰਪਲੈਕਸ ਦੇ ਦੱਖਣੀ ਤਹਿਖਾਨੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ।

ਹਿੰਦੂ ਪੱਖ ਦੇ ਵਕੀਲ ਵਿਸ਼ਣੂ ਸ਼ੰਕਰ ਨੇ ਮੀਡੀਆ ਨੂੰ ਦੱਸਿਆ ਕਿ ਕੋਰਟ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ 7 ਦਿਨਾਂ ਦੇ ਅੰਦਰ ਵਿਵਸਥਾਵਾਂ ਕਰਨ ਦਾ ਹੁਕਮ ਦਿੱਤਾ ਹੈ। ਕੁਝ ਮਹਿਲਾਵਾਂ ਨੇ ਵਿਆਸ ਤਹਿਖਾਨੇ ਵਿਚ ਪੂਜਾ ਲਈ ਅਰਜ਼ੀ ਲਾਈ ਸੀ।

ਵਕੀਲ ਵਿਸ਼ਣੂ ਸ਼ੰਕਰ ਜੈਨ ਨੇ ਇਸ ਫੈਸਲੇ ਦੀ ਤੁਲਨਾ ਰਾਮ ਜਨਮ ਭੂਮੀ ਨਾਲ ਜੁੜੇ ਜਸਟਿਸ ਕੇ ਐੱਮ ਪਾਂਡੇ ਦੇ ਉਸ ਹੁਕਮ ਨਾਲ ਕੀਤੀ, ਜਿਸ ਵਿਚ ਤਾਲਾ ਖੋਲ੍ਹਣ ਲਈ ਕਿਹਾ ਗਿਆ ਸੀ। ਉਨ੍ਹਾ ਕਿਹਾ ਕਿ ਇਹ ਉਸੇ ਤਰ੍ਹਾਂ ਦਾ ਹੀ ਹੁਕਮ ਹੈ। ਇਹ ਟਰਨਿੰਗ ਪੁਆਇੰਟ ਹੈ, ਬਹੁਤ ਇਤਿਹਾਸਕ ਹੁਕਮ ਹੈ। ਉਨ੍ਹਾ ਕਿਹਾ ਕਿ ਜੇ ਇਲਾਹਾਬਾਦ ਹਾਈ ਕੋਰਟ ਮਾਮਲੇ ਦੀ ਸੁਣਵਾਈ ਕਰੇਗੀ ਤਾਂ ਉਹ ਤਿਆਰ ਹਨ। ਉਹ ਹਾਈ ਕੋਰਟ ਵਿਚ ਕੈਵਿਏਟ ਦਾਖਲ ਕਰਨਗੇ।

ਵਕੀਲ ਸੁਭਾਸ਼ ਨੰਦਨ ਚਤੁਰਵੇਦੀ ਨੇ ਕਿਹਾ ਕਿ 1993 ਵਿਚ ਵਿਆਸ ਤਹਿਖਾਨੇ ਵਿਚ ਪੂਜਾ ਪਾਠ 'ਤੇ ਰੋਕ ਲਾਈ ਗਈ ਸੀ।



ਉਨ੍ਹਾ ਉਨ੍ਹਾਂ ਦੇ ਵੰਸ਼ਜ ਸ਼ੈਲੇਂਦਰ ਕੁਮਾਰ ਵਿਆਸ ਵੱਲੋਂ ਅਰਜ਼ੀ ਦਾਖਲ ਕੀਤੀ ਸੀ। ਜ਼ਿਲ੍ਹਾ ਜੱਜ ਨੇ ਆਪਣੇ ਹੁਕਮ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਕਿਹਾ ਕਿ ਉਹ ਸ਼ੈਲੇਂਦਰ ਵਿਆਸ ਤੇ ਕਾਸ਼ੀ ਵਿਸ਼ਵਨਾਥ ਟਰੱਸਟ ਵੱਲੋਂ ਤੈਅ ਕੀਤੇ ਗਏ ਪੁਜਾਰੀ ਤੋਂ ਵਿਆਜ ਜੀ ਦੇ ਤਹਿਖਾਨੇ ਵਿਚ ਸਥਿਤ ਮੂਰਤੀਆਂ ਦੀ ਪੂਜਾ ਤੇ ਰਾਗ ਭੋਗ ਕਰਾਏ ਜਾਣ ਦੀ ਵਿਵਸਥਾ 7 ਦਿਨਾਂ ਵਿਚ ਕਰਾਉਣ। ਕੋਰਟ ਨੇ ਜ਼ਿਲ੍ਹਾ ਮੈਜਿਸਟ੍ਰੇਟ/ਰਿਸੀਵਰ ਨੂੰ ਹੁਕਮ ਦਿੱਤਾ ਹੈ ਕਿ ਉਹ ਸੈਟਲਮੈਂਟ ਪਲਾਟ ਨੰ.9130 ਥਾਣਾ ਚੌਕ ਜ਼ਿਲ੍ਹਾ ਵਾਰਾਨਸੀ ਸਥਿਤ ਭਵਨ ਦੇ ਦੱਖਣੀ ਪਾਸੇ ਸਥਿਤ ਤਹਿਖਾਨੇ, ਜੋ ਵਿਵਾਦਗ੍ਰਸਤ ਸੰਪਤੀ ਹੈ, ਵਿਚ ਵਾਦੀ ਤੇ ਕਾਸ਼ੀ ਵਿਸ਼ਵਨਾਥ ਟਰੱਸਟ ਬੋਰਡ ਵੱਲੋਂ ਸੁਝਾਏ ਪੁਜਾਰੀ ਤੋਂ ਪੂਜਾ, ਰਾਜ ਭੋਗ ਆਦਿ ਦਾ ਪ੍ਰਬੰਧ ਕਰਨ।

ਵਕੀਲ ਵਿਸ਼ਣੂ ਸ਼ੰਕਰ ਜੈਨ ਨੇ ਦੱਸਿਆ ਕਿ ਤਹਿਖਾਨਾ ਭਗਵਾਨ ਨੰਦੀ ਦੇ ਠੀਕ ਸਾਹਮਣੇ ਸਥਿਤ ਹੈ। ਇਹ ਵਿਆਸ ਪਰਵਾਰ ਦਾ ਤਹਿਖਾਨਾ ਹੈ। ਮਸਜਿਦ ਦੇ ਗਰਾਉਂਡ ਫਲੋਰ ਵਿਚ 1993 ਤੱਕ ਪੂਜਾ ਹੁੰਦੀ ਸੀ, ਪਰ ਨਵੰਬਰ 1993 ਵਿਚ ਸਰਕਾਰ ਨੇ ਪੂਜਾ ਬੰਦ ਕਰਵਾ ਦਿੱਤੀ ਤੇ ਪੁਜਾਰੀਆਂ ਨੂੰ ਹਟਾ ਦਿੱਤਾ।

ਸ਼ਿੰਗਾਰ ਗੌਰੀ ਤੇ ਵਿਆਸ ਤਹਿਖਾਨੇ ਦਾ ਮਾਮਲਾ ਅੱਡ-ਅੱਡ ਹੈ। 18 ਅਗਸਤ 2021 ਨੂੰ ਪੰਜ ਮਹਿਲਾਵਾਂ ਨੇ ਸਿਵਲ ਜੱਜ (ਸੀਨੀਅਰ ਡਵੀਜ਼ਨ) ਦੇ ਸਾਹਮਣੇ ਮਾਮਲਾ ਦਰਜ ਕਰਵਾ ਕੇ ਗਿਆਨਵਾਪੀ ਮਸਜਿਦ ਦੇ ਬਗਲ ਵਿਚ ਬਣੇ ਸ਼ਿੰਗਾਰ ਗੌਰੀ ਮੰਦਰ ਵਿਚ ਰੋਜ਼ਾਨਾ ਪੂਜਨ-ਦਰਸ਼ਨ ਦੀ ਮੰਗ ਕੀਤੀ ਸੀ। ਜੱਜ ਰਵੀ ਕੁਮਾਰ ਦਿਵਾਕਰ ਨੇ ਮਸਜਿਦ ਕੰਪਲੈਕਸ ਦਾ ਏ ਐੱਸ ਆਈ ਤੋਂ ਸਰਵੇ ਕਰਾਉਣ ਦਾ ਹੁਕਮ ਦਿੱਤਾ ਸੀ। ਏ ਐੱਸ ਆਈ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਗਿਆਨਵਾਪੀ ਮਸਜਿਦ ਉਥੇ ਪਹਿਲਾਂ ਤੋਂ ਮੌਜੂਦ ਪੁਰਾਣੇ ਮੰਦਰ ਦੇ ਅਵਸ਼ੇਸ਼ਾਂ 'ਤੇ ਬਣਾਈ ਗਈ ਸੀ।



## ਚੰਡੀਗੜ੍ਹ ਮੇਅਰ ਚੋਣ ਦੇ ਪ੍ਰੀਜ਼ਾਈਡਿੰਗ ਅਫਸਰ ਖਿਲਾਫ ਪ੍ਰਦਰਸ਼ਨ

**ਹਾਈ ਕੋਰਟ 'ਚ ਮਾਮਲਾ ਤਿੰਨ ਹਫਤਿਆਂ ਤੱਕ ਟਲਿਆ**

**ਚੰਡੀਗੜ੍ਹ** : ਮੇਅਰ ਵਜੋਂ ਭਾਜਪਾ ਆਗੂ ਦੀ ਚੋਣ ਖਿਲਾਫ ਬੁੱਧਵਾਰ ਇਥੇ ਸੈਕਟਰ-17 'ਚ ਥਾਣੇ ਦੇ ਬਾਹਰ ਆਮ ਆਦਮੀ ਪਾਰਟੀ ਤੇ ਕਾਂਗਰਸ ਨੇ ਪ੍ਰਦਰਸ਼ਨ ਕੀਤਾ। ਇਨ੍ਹਾਂ ਪਾਰਟੀਆਂ ਨੇ ਮੇਅਰ ਚੋਣ ਦੇ ਪ੍ਰੀਜ਼ਾਈਡਿੰਗ ਅਫਸਰ ਵਿਰੁੱਧ ਪੁਲਸ ਕੇਸ ਦਰਜ ਕਰਨ ਦੀ ਮੰਗ ਕੀਤੀ। ਆਪ ਤੇ ਕਾਂਗਰਸ ਦੇ ਕੌਂਸਲਰ ਸਣੇ ਵੱਡੀ ਗਿਣਤੀ 'ਚ ਪਾਰਟੀ ਆਗੂ ਪ੍ਰੀਜ਼ਾਈਡਿੰਗ ਅਫਸਰ ਵਿਰੁੱਧ ਸ਼ਿਕਾਇਤ ਦੇਣ ਲਈ ਪਹੁੰਚੇ ਸਨ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਅਤੇ ਚੰਡੀਗੜ੍ਹ ਆਪ ਦੇ ਇੰਚਾਰਜ ਐੱਸ ਐੱਸ ਆਹਲੂਵਾਲੀਆ ਵੀ ਮੌਜੂਦ ਸਨ। ਇਸੇ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਨਿਗਰਾਨੀ ਵਿਚ ਮੇਅਰ ਦੀਆਂ ਨਵੀਂਆਂ ਚੋਣਾਂ ਕਰਵਾਉਣ ਦੀ ਆਮ ਆਦਮੀ ਪਾਰਟੀ ਦੀ ਪਟੀਸ਼ਨ 'ਤੇ ਚੰਡੀਗੜ੍ਹ ਪ੍ਰਸ਼ਾਸਨ ਅਤੇ ਨਗਰ ਨਿਗਮ ਨੂੰ ਨੋਟਿਸ ਜਾਰੀ ਕੀਤਾ। ਹਾਈ ਕੋਰਟ ਨੇ ਇਸ ਮਾਮਲੇ 'ਚ ਪ੍ਰਤੀਵਾਦੀਆਂ ਨੂੰ ਜਵਾਬ ਦੇਣ ਲਈ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਹੈ।

## ਅਚਾਨਕ ਬਰੇਕ ਲਾਉਣ ਨਾਲ ਰਾਹੁਲ ਦੀ ਕਾਰ ਦਾ ਸ਼ੀਸ਼ਾ ਟੁੱਟਿਆ

**ਮਾਲਦਾ** : ਕਾਂਗਰਸ ਨੇ ਬੁੱਧਵਾਰ ਕਿਹਾ ਕਿ 'ਭਾਰਤ ਜੋੜੋ ਨਿਆਏ ਯਾਤਰਾ' ਦੌਰਾਨ ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਵਿਚ ਰਾਹੁਲ ਗਾਂਧੀ ਦੀ ਕਾਰ ਦਾ ਸ਼ੀਸ਼ਾ ਅੱਗੇ ਮਹਿਲਾ ਆਉਣ ਕਰਕੇ ਅਚਾਨਕ ਬਰੇਕ ਲਾਉਣ ਕਰਕੇ ਟੁੱਟਿਆ। ਪਾਰਟੀ ਨੇ ਕਿਹਾ—ਮਾਲਦਾ ਵਿਚ ਰਾਹੁਲ ਨੂੰ ਮਿਲਣ ਲਈ ਭੀੜ ਜੁਟ ਗਈ ਸੀ। ਇਕ ਮਹਿਲਾ ਅਚਾਨਕ ਕਾਰ ਦੇ ਸਾਹਮਣੇ ਆ ਗਈ, ਜਿਸ ਕਰਕੇ ਬਰੇਕ ਲਾਉਣੀ ਪਈ। ਕਾਰ ਦਾ ਸ਼ੀਸ਼ਾ ਸੁਰੱਖਿਆ ਸਰਕਲ ਵਿਚ ਕੀਤੀ ਵਾੜਬੰਦੀ ਕਾਰਨ ਟੁੱਟ ਗਿਆ। ਪਾਰਟੀ ਨੇ ਕਿਹਾ ਕਿ ਰਾਹੁਲ ਗਾਂਧੀ ਅਨਿਆਂ ਵਿਰੁੱਧ ਨਿਆਂ ਲਈ ਲੜ ਰਹੇ ਹਨ। ਲੋਕ ਉਨ੍ਹਾ ਦੇ ਨਾਲ ਹਨ ਤੇ ਉਹ ਹੀ ਸੁਰੱਖਿਆ ਕਰ ਰਹੇ ਹਨ। ਇਸ ਤੋਂ ਪਹਿਲਾਂ ਸੂਬਾ ਕਾਂਗਰਸ ਪ੍ਰਧਾਨ ਅਧੀਰ ਰੰਜਨ ਚੌਧਰੀ ਨੇ ਕਿਹਾ ਸੀ ਕਿ ਅਣਪਛਾਤਿਆਂ ਨੇ ਕਾਰ 'ਤੇ ਪਥਰਾਅ ਕੀਤਾ।

## ਪੁੱਠਾ ਕੰਮ ਕਰਦਾ ਮਾਸਟਰ ਨੱਪਿਆ

**ਨਾਗਪੁਰ** : ਮਹਾਰਾਸ਼ਟਰ ਦੇ ਨਾਗਪੁਰ ਵਿਚ ਉਦਯੋਗਿਕ ਪ੍ਰਦਰਸ਼ਨੀ ਵਾਲੀ ਥਾਂ 'ਤੇ ਪਖਾਨਿਆਂ ਵਿਚ ਘੱਟੋ-ਘੱਟ 12 ਔਰਤਾਂ ਦੀ ਵੀਡੀਓ ਬਣਾਉਣ ਦੇ ਦੋਸ਼ ਵਿਚ ਪੁਲਸ ਨੇ ਸਕੂਲ ਅਧਿਆਪਕ ਨੂੰ ਗ੍ਰਿਫਤਾਰ ਕੀਤਾ ਹੈ। ਇਹ ਔਰਤਾਂ ਪ੍ਰੋਗਰਾਮ 'ਚ ਹਿੱਸਾ ਲੈਣ ਆਈਆਂ ਸਨ। ਮੁਲਜ਼ਮ ਮੰਗੇਸ਼ ਵਿਨਾਇਕਰਾਓ ਖਾਪਰੇ (37) ਨਾਗਪੁਰ ਦੇ ਕਾਸਰਪੁਰਾ ਦਾ ਵਾਸੀ ਹੈ। ਉਸ ਨੇ ਆਪਣੇ ਮੋਬਾਇਲ 'ਤੇ ਪਖਾਨੇ ਦੀ ਖਿੜਕੀ ਤੋਂ ਔਰਤਾਂ ਦੀਆਂ ਵੀਡੀਓਜ਼ ਰਿਕਾਰਡ ਕੀਤੀਆਂ ਸਨ।

## ਐੱਨ ਡੀ ਏ 'ਚ ਹੀ ਰਹਾਂਗਾ : ਨਿਤੀਸ਼

**ਪਟਨਾ** : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਬੁੱਧਵਾਰ ਕਿਹਾ ਕਿ ਉਹ ਹੁਣ ਹਮੇਸ਼ਾ ਲਈ ਕੌਮੀ ਜਮਹੂਰੀ ਗਠਜੋੜ (ਐੱਨ ਡੀ ਏ) 'ਚ ਰਹਿਣਗੇ ਅਤੇ ਆਪਣੇ ਰਾਜ ਦੇ ਲੋਕਾਂ ਲਈ ਕੰਮ ਕਰਦੇ ਰਹਿਣਗੇ। ਜਨਤਾ ਦਲ (ਯੂਨਾਈਟਿਡ) ਦੇ ਸੁਪਰੀਮੋ ਦੀ ਟਿੱਪਣੀ ਬਿਹਾਰ 'ਚ ਭਾਰਤੀ ਜਨਤਾ ਪਾਰਟੀ ਦੇ ਸਮਰਥਨ ਨਾਲ ਨਵੀਂ ਸਰਕਾਰ ਬਣਾਉਣ ਲਈ ਮਹਾਂਗਠਬੰਧਨ ਅਤੇ ਇੰਡੀਆ ਗੱਠਜੋੜ ਨੂੰ ਛੱਡਣ ਤੋਂ ਕੁਝ ਦਿਨ ਬਾਅਦ ਆਈ ਹੈ। ਵਿਰੋਧੀ ਧਿਰ ਦੇ ਗੱਠਜੋੜ ਦੇ ਨਾਂਅ ਇੰਡੀਆਂ ਬਾਰੇ ਉਨ੍ਹਾ ਕਿਹਾ—ਮੈਂ ਇੰਡੀਆ ਦੀ ਥਾਂ ਕੋਈ ਹੋਰ ਨਾਂਅ ਰੱਖਣ ਲਈ ਕਿਹਾ ਸੀ, ਪਰ ਉਹ ਪਹਿਲਾਂ ਹੀ ਇਸ ਨੂੰ ਅੰਤਮ ਰੂਪ ਦੇ ਚੁੱਕੇ ਸਨ। ਇੰਡੀਆ ਗਠਜੋੜ 'ਚ ਜਿੰਨੇ ਮੂੰਹ, ਓਨੀਆਂ ਗੱਲਾਂ ਹਨ। ਅੱਜ ਤੱਕ ਉਨ੍ਹਾ ਇਹ ਫੈਸਲਾ ਨਹੀਂ ਕੀਤਾ ਕਿ ਕਿਹੜੀ ਪਾਰਟੀ ਕਿੰਨੀਆਂ ਸੀਟਾਂ 'ਤੇ ਚੋਣ ਲੜੇਗੀ।

## ਅਸੀਂ ਹੀ ਭਾਜਪਾ ਨਾਲ ਲੜਨ ਦੇ ਸਮਰੱਥ : ਮਮਤਾ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੁੱਧਵਾਰ ਕਿਹਾ ਕਿ ਜੇ ਕੇਂਦਰ ਨੇ 1 ਫਰਵਰੀ ਤੱਕ ਰਾਜ ਦਾ ਬਕਾਇਆ ਨਾ ਦਿੱਤਾ ਤਾਂ ਉਹ ਧਰਨੇ 'ਤੇ ਬੈਠ ਜਾਣਗੇ। ਉਨ੍ਹਾ ਕਿਹਾ ਕਿ ਕਾਂਗਰਸ ਨੇ ਲੋਕ ਸਭਾ ਚੋਣਾਂ 'ਚ ਬੰਗਾਲ 'ਚ ਭਾਜਪਾ ਨੂੰ ਮਜ਼ਬੂਤ ਕਰਨ ਲਈ ਸੀ ਪੀ ਆਈ (ਐੱਮ) ਨਾਲ ਹੱਥ ਮਿਲਾਇਆ, ਪਰ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਟੀ ਐੱਮ ਸੀ ਤੋਂ ਇਲਾਵਾ ਬੰਗਾਲ 'ਚ ਕੋਈ ਵੀ ਪਾਰਟੀ ਸਿਆਸੀ ਤੌਰ 'ਤੇ ਭਾਜਪਾ ਨਾਲ ਲੜਨ ਦੇ ਸਮਰੱਥ ਨਹੀਂ ਹੈ।

## ਸੋਨੇ ਦੀ ਮੰਗ ਘਟੀ

**ਮੁੰਬਈ** : ਭਾਰਤ ਵਿਚ ਸੋਨੇ ਦੀ ਮੰਗ 2023 ਵਿਚ ਸਾਲਾਨਾ ਆਧਾਰ 'ਤੇ ਤਿੰਨ ਫੀਸਦੀ ਘਟ ਕੇ 747.5 ਟਨ ਰਹਿ ਗਈ। ਵਰਲਡ ਗੋਲਡ ਕੌਂਸਲ ਦੀ ਸੋਨਾ ਮੰਗ ਰੁਝਾਨ ਰਿਪੋਰਟ-2023 ਮੁਤਾਬਕ 2022 'ਚ ਦੇਸ਼ ਦੀ ਮੰਗ 774.1 ਟਨ ਸੀ, ਜੋ 2023 'ਚ ਘਟ ਕੇ 747.5 ਟਨ ਰਹਿ ਗਈ।

## ਇਮਰਾਨ ਤੇ ਪਤਨੀ ਨੂੰ 14-14 ਸਾਲ ਕੈਦ

**ਇਸਲਾਮਾਬਾਦ** : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾ ਦੀ ਪਤਨੀ ਬੁਸ਼ਰਾ ਬੀਬੀ ਨੂੰ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ 'ਚ ਬੁੱਧਵਾਰ 14 ਸਾਲ ਦੀ ਸਜ਼ਾ ਸੁਣਾਈ ਗਈ। ਇਕ ਦਿਨ ਪਹਿਲਾਂ ਮੰਗਲਵਾਰ ਨੂੰ ਵਿਸ਼ੇਸ਼ ਅਦਾਲਤ ਨੇ ਖਾਨ (71) ਨੂੰ ਸਰਕਾਰੀ ਭੇਤ ਕਾਨੂੰਨ ਦੀ ਉਲੰਘਣਾ ਦੇ ਮਾਮਲੇ ਵਿਚ 10 ਸਾਲ ਦੀ ਸਜ਼ਾ ਸੁਣਾਈ ਸੀ। ਨਵੀਂ ਸਜ਼ਾ ਨੇ 8 ਫਰਵਰੀ ਦੀਆਂ ਆਮ ਚੋਣਾਂ ਵਿਚ ਸੱਤਾ ਵਿਚ ਵਾਪਸੀ ਦੀ ਉਨ੍ਹਾ ਦੀ ਕੋਸ਼ਿਸ਼ ਨੂੰ ਇਕ ਹੋਰ ਝਟਕਾ ਦਿੱਤਾ ਹੈ। ਜਵਾਬਦੇਹੀ ਅਦਾਲਤ ਦੇ ਜੱਜ ਮੁਹੰਮਦ ਬਸ਼ੀਰ ਨੇ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ 'ਚ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ ਦੀ ਸੁਣਵਾਈ ਕੀਤੀ। ਸਾਬਕਾ ਪ੍ਰਧਾਨ ਮੰਤਰੀ ਇਸੇ ਜੇਲ੍ਹ 'ਚ ਇੱਕ ਹੋਰ ਕੇਸ 'ਚ ਸਜ਼ਾ ਕੱਟ ਰਹੇ ਹਨ। ਅਦਾਲਤ ਨੇ ਆਪਣੇ ਫੈਸਲੇ 'ਚ ਦੋਵਾਂ 'ਤੇ 10 ਸਾਲ ਤੱਕ ਕਿਸੇ ਵੀ ਸਰਕਾਰੀ ਅਹੁਦੇ 'ਤੇ ਰਹਿਣ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ 78.70-78.70 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਬੁਸ਼ਰਾ ਬੀਬੀ ਅਦਾਲਤ 'ਚ ਪੇਸ਼ ਨਹੀਂ ਹੋਈ।

## ਸੰਸਦ ਸੰਨ੍ਹ ਮਾਮਲੇ ਦੇ ਮੁਲਜ਼ਮਾਂ ਦਾ ਪਾਰਟੀ ਨਾਲ ਸਾਥ ਕਬੂਲਣ ਲਈ ਕਰੰਟ ਲਾਉਣ ਦਾ ਦੋਸ਼

**ਨਵੀਂ ਦਿੱਲੀ** : ਸੰਸਦ ਦੀ ਸੁਰੱਖਿਆ ਵਿਚ ਸੰਨ੍ਹ ਲਾਉਣ ਦੇ ਦੋਸ਼ ਵਿਚ ਫੜੇ ਛੇ ਵਿੱਚੋਂ ਪੰਜ ਵਿਅਕਤੀਆਂ ਨੇ ਦਿੱਲੀ ਦੀ ਅਦਾਲਤ 'ਚ ਦਿੱਤੀ ਅਰਜ਼ੀ ਵਿਚ ਦੋਸ਼ ਲਾਇਆ ਹੈ ਕਿ ਉਨ੍ਹਾਂ ਨੂੰ ਜੁਰਮ ਕਬੂਲ ਕਰਨ ਤੇ ਆਪੋਜ਼ੀਸ਼ਨ ਪਾਰਟੀਆਂ ਦੇ ਸਾਥੀ ਹੋਣਾ ਮੰਨਣ ਲਈ ਕਰੰਟ ਲਾਇਆ ਗਿਆ ਤੇ ਤਸੀਹੇ ਦਿੱਤੇ ਗਏ। ਮਨੋਰੰਜਨ ਡੀ, ਸਾਗਰ ਸ਼ਰਮਾ, ਲਲਿਤ ਝਾਅ, ਅਮੋਲ ਸ਼ਿੰਦੇ ਤੇ ਮਹੇਸ਼ ਕੁਮਾਵਤ ਨੇ ਆਪਣੀ ਅਰਜ਼ੀ ਵਿਚ ਇਹ ਦੋਸ਼ ਵੀ ਲਾਇਆ ਕਿ ਉਨ੍ਹਾਂ ਸਭ ਤੋਂ ਪੁਲਸ ਨੇ ਧੱਕੇ ਨਾਲ ਕਰੀਬ 70 ਕੋਰੇ ਕਾਗਜ਼ਾਂ 'ਤੇ ਦਸਤਖਤ ਕਰਵਾਏ। ਛੇਵੀਂ ਮੁਲਜ਼ਮ ਨੀਲਮ ਆਜ਼ਾਦ ਨੇ ਪੋਲੀਗ੍ਰਾਫ ਟੈੱਸਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਐਡੀਸ਼ਨਲ ਸੈਸ਼ਨ ਜੱਜ ਹਰਦੀਪ ਕੌਰ ਅੱਗੇ ਪੇਸ਼ ਅਰਜ਼ੀ ਵਿਚ ਕਿਹਾ ਗਿਆ ਹੈ ਕਿ ਮੁਲਜ਼ਮਾਂ ਨੂੰ ਸੋਸ਼ਲ ਮੀਡੀਆ ਅਕਾਊਂਟ, ਈ-ਮੇਲ ਤੇ ਫੋਨਾਂ ਦੇ ਪਾਸਵਰਡ ਦੇਣ ਲਈ ਮਜਬੂਰ ਕੀਤਾ ਗਿਆ। ਜਿਨ੍ਹਾਂ ਪੋਲੀਗ੍ਰਾਫ ਟੈੱਸਟ ਜਾਂ ਨਾਰਕੋ ਟੈੱਸਟ ਕੀਤਾ, ਉਨ੍ਹਾਂ ਮੁਲਜ਼ਮਾਂ ਤੋਂ ਸਿਆਸੀ ਪਾਰਟੀ ਜਾਂ ਲੀਡਰ ਨਾਲ ਮਿਲੇ ਹੋਣਾ ਕਬੂਲ ਕਰਨ ਲਈ ਦਬਾਅ ਪਾਇਆ। ਕੋਰਟ ਨੇ ਸਭ ਦ ਾ

● ਬਾਕੀ ਸਫ਼ਾ 2 'ਤੇ

## ਭਾਜਪਾ ਵੱਲੋਂ ਚੰਡੀਗੜ੍ਹ 'ਚ ਲੋਕਤੰਤਰ ਦਾ ਕਤਲ : ਸੀ ਪੀ ਆਈ

**ਚੰਡੀਗੜ੍ਹ** : ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ, ਜ਼ਿਲ੍ਹਾ ਚੰਡੀਗੜ੍ਹ ਦੇ ਸਕੱਤਰ ਰਾਜ ਕੁਮਾਰ ਅਤੇ ਪ੍ਰਸਿੱਧ ਟਰੇਡ ਯੂਨੀਅਨ ਆਗੂ ਦੇਵੀ ਦਿਆਲ ਸ਼ਰਮਾ ਨੇ ਸਾਂਝਾ ਬਿਆਨ ਜਾਰੀ ਕਰਕੇ ਚੰਡੀਗੜ੍ਹ ਮੇਅਰ ਚੋਣਾਂ ਵਿਚ ਭਾਜਪਾ ਵੱਲੋਂ ਕੀਤੇ ਫਰਾਡ, ਜਿਸ ਵਿਚ ਇੰਡੀਆ ਬਲਾਕ ਦੀਆਂ ਅੱਠ ਵੋਟਾਂ ਰੱਦ ਕਰਕੇ 20 ਵੋਟਾਂ ਵਾਲੇ ਗਠਜੋੜ ਨੂੰ ਹਰਾਇਆ ਗਿਆ ਅਤੇ 16 ਵਾਲੇ ਨੂੰ ਮੇਅਰ ਦੀ ਕੁਰਸੀ 'ਤੇ ਬਿਠਾ ਦਿਤਾ ਗਿਆ ਹੈ, ਨੂੰ ਲੋਕਤੰਤਰ ਦਾ ਕਤਲ ਆਖ ਕੇ ਸਖਤ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਸ਼ਰੇਆਮ ਬਹੁਗਿਣਤੀ ਦੇ ਵੋਟ ਰੱਦ ਕੀਤੇ ਗਏ, ਜਿਸ ਲਈ ਪ੍ਰੀਜ਼ਾਈਡਿੰਗ ਅਫਸਰ ਭਾਜਪਾ ਦੇ ਅਹੁਦੇਦਾਰ ਨੂੰ ਬਣਾਇਆ ਗਿਆ ਸੀ। ਕਮਿਊਨਿਸਟ ਆਗੂਆਂ ਨੇ ਮੰਗ ਕੀਤੀ ਕਿ ਇਸ 'ਫਰਾਡੀ ਚੋਣ' ਨੂੰ ਰੱਦ ਕੀਤਾ ਜਾਵੇ ਅਤੇ ਹਾਈ ਕੋਰਟ ਦੇ ਜੱਜ ਦੀ ਨਿਗਰਾਨੀ ਵਿਚ ਆਜ਼ਾਦ ਤੇ ਨਿਆਂਪੂਰਨ ਚੋਣ ਕਰਵਾਈ ਜਾਵੇ। ਉਹਨਾਂ ਚੰਡੀਗੜ੍ਹ ਦੇ ਲੋਕਾਂ ਅਤੇ ਜਮਹੂਰੀ ਸ਼ਕਤੀਆਂ ਨੂੰ ਇਕਮੁੱਠ ਹੋ ਕੇ ਭਾਜਪਾ ਵੱਲੋਂ ਸੰਵਿਧਾਨ, ਜਮਹੂਰੀਅਤ ਦਾ ਘਾਣ ਕੀਤੇ ਜਾਣ ਵਿਰੁਧ ਲੋਕ ਲਹਿਰ ਖੜ੍ਹੀ ਕਰਨ ਦੀ ਅਪੀਲ ਕੀਤੀ ਹੈ।

## ਹਿਮਾਚਲ 'ਚ ਸੀਜ਼ਨ ਦੀ ਪਹਿਲੀ ਚੰਗੀ ਬਰਫਬਾਰੀ



**ਸ਼ਿਮਲਾ** : ਕਰੀਬ ਦੋ ਮਹੀਨਿਆਂ ਦੇ ਲੰਮੇ ਸੁੱਕੇ ਦੌਰ ਤੋਂ ਬਾਅਦ ਬੁੱਧਵਾਰ ਹਿਮਾਚਲ 'ਚ ਬਰਫਬਾਰੀ ਅਤੇ ਇਸ ਦੇ ਹੇਠਲੇ ਇਲਾਕਿਆਂ 'ਚ ਹੋਈ ਭਾਰੀ ਬਾਰਸ਼ ਨੇ ਇਸ ਖੇਤਰ ਦੇ ਕਿਸਾਨਾਂ ਅਤੇ ਹੋਟਲ ਮਾਲਕਾਂ ਨੂੰ ਖੁਸ਼ ਕਰ ਦਿੱਤਾ। ਸ਼ਿਮਲਾ ਦੇ ਨੇੜਲੇ ਸੈਰ-ਸਪਾਟਾ ਸਥਾਨਾਂ ਨੇ ਸੀਜ਼ਨ ਦੀ ਪਹਿਲੀ ਚੰਗੀ ਬਰਫਬਾਰੀ ਦੇਖੀ। ਮੌਸਮ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਸ਼ਿਮਲਾ ਦੇ ਨੇੜਲੇ ਸਥਾਨਾਂ 'ਤੇ ਸਵੇਰੇ ਕਾਫੀ ਬਰਫਬਾਰੀ ਹੋਈ। ਇਹ ਸੀਜ਼ਨ ਦੀ ਪਹਿਲੀ ਚੰਗੀ ਬਰਫਬਾਰੀ ਹੈ। ਪੱਛਮੀ ਗੜਬੜੀ ਕਾਰਨ ਸੂਬੇ 'ਚ ਬਰਫਬਾਰੀ ਵੀਰਵਾਰ ਤੱਕ ਜਾਰੀ ਰਹੇਗੀ। ਮਨਾਲੀ ਅਤੇ

● ਬਾਕੀ ਸਫ਼ਾ 2 'ਤੇ

## ਬਾਦਲ ਪੰਜਾਬ ਦੇ ਵਿਨਾਸ਼ ਪੁਰਸ਼ : ਆਪ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਆਪਣਾ ਕੈਲੰਡਰ ਜਾਰੀ ਕਰਨ ਤੋਂ ਬਾਅਦ ਉਸ 'ਤੇ ਜਵਾਬੀ ਹਮਲਾ ਕੀਤਾ ਅਤੇ ਕਿਹਾ—ਬਾਦਲ ਪੰਜਾਬ ਦੇ ਵਿਕਾਸ ਨਹੀਂ, 'ਵਿਨਾਸ਼ ਪੁਰਸ਼' ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਮੰਗਲਵਾਰ ਨੂੰ ਇੱਕ ਕੈਲੰਡਰ ਜਾਰੀ ਕੀਤਾ, ਜਿਸ ਵਿੱਚ ਉਨ੍ਹਾ ਬਾਦਲਾਂ ਨੂੰ 'ਵਿਕਾਸ ਪੁਰਸ਼' ਦੱਸਿਆ। ਅਕਾਲੀ ਆਗੂ ਖਾਸ ਕਰਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਚੁਟਕੀ ਲੈਂਦਿਆਂ 'ਆਪ' ਪੰਜਾਬ ਨੇ ਕਿਹਾ ਕਿ ਬਾਦਲ ਪੰਜਾਬ ਦੇ 'ਵਿਕਾਸ ਪੁਰਸ਼' ਨਹੀਂ, ਕਿਉਂਕਿ ਉਨ੍ਹਾ ਸੱਤਾ 'ਚ ਰਹਿੰਦਿਆਂ ਪੰਜਾਬ ਅਤੇ ਪੰਜਾਬੀਆਂ ਲਈ ਕੁਝ ਨਹੀਂ ਕੀਤਾ। ਉਹਨਾ ਆਪਣੇ ਪਰਵਾਰ ਅਤੇ ਕਾਰੋਬਾਰ ਦਾ ਵਿਕਾਸ ਕੀਤਾ।

● ਬਾਕੀ ਸਫ਼ਾ 2 'ਤੇ

## ਨਾਗਰਿਕ ਸੇਵਾਵਾਂ ਲਾਗੂ ਕਰਨ 'ਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ : ਮੁੱਖ ਮੰਤਰੀ

**ਚੰਡੀਗੜ੍ਹ**—ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਉੱਚ ਪੱਧਰੀ ਮੀਟਿੰਗ ਕੀਤੀ ਅਤੇ ਸੂਬੇ ਵਿੱਚ ਨਾਗਰਿਕ ਸੇਵਾਵਾਂ ਲਾਗੂ ਕਰਨ 'ਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ।



ਇੱਥੇ ਪੰਜਾਬ ਭਵਨ ਵਿੱਚ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਵਿੱਚ ਘਰ-ਘਰ ਸੇਵਾਵਾਂ ਸਕੀਮ ਨੂੰ ਲਾਗੂ ਕਰਨ ਉਤੇ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਉਤੇ ਤਸੱਲੀ ਜ਼ਾਹਰ ਕੀਤੀ। ਉਨ੍ਹਾ ਕਿਹਾ ਕਿ ਇਸ ਵੱਡ ਆਕਾਰੀ ਸਕੀਮ ਦਾ ਮੰਤਵ 43 ਨਾਗਰਿਕ ਸੇਵਾਵਾਂ ਨੂੰ ਲੋਕਾਂ ਦੇ ਘਰ-ਘਰ ਤੱਕ ਪਹੁੰਚਾਉਣਾ ਹੈ। ਮਾਨ ਨੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਲੋਕਾਂ ਦੀ ਭਲਾਈ ਲਈ ਇਸ ਸਕੀਮ ਨੂੰ ਮਿਸ਼ਨਰੀ ਉਤਸ਼ਾਹ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

ਇਕ ਹੋਰ ਏਜੰਡੇ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਸੂਬੇ ਵਿੱਚ 664 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਅਤੇ ਹੁਣ ਤੱਕ ਇਨ੍ਹਾਂ ਕਲੀਨਿਕਾਂ ਵਿੱਚੋਂ 98 ਲੱਖ ਦੇ ਕਰੀਬ ਮਰੀਜ਼ ਇਲਾਜ ਸਹੂਲਤਾਂ

● ਬਾਕੀ ਸਫ਼ਾ 2 'ਤੇ

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਧਾਰਾ 295 ਰੱਦ ਕਰਨ ਦੀ ਮੰਗ

**ਜਲੰਧਰ**—ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਵਿਚਾਰ ਪ੍ਰਗਟਾਵੇ ਦੇ ਬੁਨਿਆਦੀ ਅਧਿਕਾਰ ਦਾ ਗਲਾ ਘੁਟਣ ਵਾਲੀ ਧਾਰਾ 295 ਅਤੇ ਇਸ ਦਾ ਵਿਸਤਾਰ 295-ਏ ਭਾਰਤੀ ਰਾਜ ਵੱਲੋਂ ਸਭਨਾਂ ਫਿਰਕੂ ਤਾਕਤਾਂ ਦੇ ਹੱਥ ਵਿੱਚ ਦਿੱਤਾ ਹੋਇਆ ਲੋਕ-ਦੋਖੀ ਹਥਿਆਰ ਹੈ। ਇਸ ਨੂੰ ਫਿਰਕਾਪ੍ਰਸਤੀ ਖਿਲਾਫ਼ ਆਵਾਜ਼ ਉਠਾਉਣ ਵਾਲੇ ਅਤੇ ਸਮਾਜ ਅੰਦਰਲੇ ਅੰਧ-ਵਿਸ਼ਵਾਸਾਂ ਨੂੰ ਰੱਦ ਕਰਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਦਾ ਛੱਟਾ ਦੇਣ ਵਾਲੇ ਹਿੱਸਿਆਂ ਖ਼ਿਲਾਫ਼ ਵਰਤਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹਨਾਂ ਦਿਨਾਂ 'ਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਰਗਰਮ ਆਗੂ ਸੁਰਜੀਤ ਦੌਧਰ ਸਮੇਤ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਚੜ੍ਹਦੇ ਸੂਰਜ ਇਹ ਧਾਰਾਵਾਂ ਮੜ੍ਹੀਆਂ ਜਾਣ ਦਾ ਸਿਲਸਿਲਾ ਫੌਰੀ ਬੰਦ ਕੀਤਾ ਜਾਏ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਵਿਚਾਰ ਹੈ

● ਬਾਕੀ ਸਫ਼ਾ 2 'ਤੇ

## ਔਰਤਾਂ ਦੀ ਸੁਰੱਖਿਆ ਤੇ ਸਨਮਾਨ ਲਈ ਆਵਾਜ਼ ਬੁਲੰਦ ਕਰਨੀ ਜ਼ਰੂਰੀ : ਸੋਹਲ

**ਕੋਟਕਪੂਰਾ (ਰਸ਼ਪਾਲ ਭੁੱਲਰ)**-ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦੇ ਸੱਦੇ ਤਹਿਤ 'ਔਰਤਾਂ ਦੇ ਸਨਮਾਨ ਵਿੱਚ ਪੰਜਾਬ ਇਸਤਰੀ ਸਭਾ ਮੈਦਾਨ ਵਿੱਚ' ਮੁਹਿੰਮ ਦਾ ਆਗਾਜ਼ ਫਰੀਦਕੋਟ ਜ਼ਿਲ੍ਹੇ ਦੇ ਬਲਾਕ ਕੋਟਕਪੂਰਾ ਤੋਂ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਵੀਰਪਾਲ ਬੱਗੇਆਣਾ ਤੇ ਰੁਪਿੰਦਰ ਔਲਖ ਨੇ ਕੀਤੀ। ਜ਼ਿਲਾ ਪ੍ਰਧਾਨ ਮਨਜੀਤ ਨੱਥੇਆਲਾ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਪ੍ਰੋਗਰਾਮ ਦੀ ਮਹੱਤਤਾ ਉਤੇ ਚਾਨਣਾ ਪਾਇਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੀ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਨੇ ਕਿਹਾ ਕਿ ਔਰਤਾਂ ਹਮੇਸ਼ਾ ਜ਼ੁਲਮ ਵਿਰੁੱਧ ਕੀਤੇ ਜਾਂਦੇ ਸੰਘਰਸ਼ਾਂ ਵਿੱਚ ਆਪਣਾ ਬਣਦਾ ਹਿੱਸਾ ਪਾਉਂਦੀਆਂ ਰਹੀਆਂ ਹਨ। ਔਰਤਾਂ ਦੇ

● ਬਾਕੀ ਸਫ਼ਾ 2 'ਤੇ

### ਪੇਂਡੂ ਭਾਰਤ ਬੰਦ ਦੀ ਪੂਰਨ ਹਮਾਇਤ



## ਅੱਜ-ਨਾਮਾ

ਈ ਡੀ ਪਾਇਆ ਈ ਧਮਕੜੇ ਆਗੂਆਂ ਨੂੰ,
ਚੁਣ-ਚੁਣ ਰਹੀ ਸ਼ਿਕਾਰ ਉਹ ਘੇਰ ਬੇਲੀ।
ਸੰਮਣ ਭੇਜਦੀ, ਜਿਹੜਾ ਨਹੀਂ ਪੇਸ਼ ਹੁੰਦਾ,
ਮੁੜ-ਮੁੜ ਭੇਜਦੀ ਸੰਮਣ ਆ ਫੇਰ ਬੇਲੀ।
ਜਦ ਵੀ ਜਾਪਦਾ ਉਨ੍ਹਾਂ ਕੁਝ ਖਾਸ ਕਰਨਾ,
ਅਗਲੇ ਸੰਮਣ ਦੀ ਲਾਏ ਨਹੀਂ ਦੇਰ ਬੇਲੀ।
ਏਜੰਸੀ ਦਿੱਸਦੀ ਕਦੀ ਨਿਰਪੱਖ ਨਹੀਂ ਜੀ,
ਲੁਕਾਇਆਂ ਲੁਕੇ ਨਾ ਤੇਰ ਜਾਂ ਮੇਰ ਬੇਲੀ।
ਰੰਗ ਦੀ ਬੇਗੀ ਆ ਚੋਣ ਵਿੱਚ ਬਣੀ ਈ ਡੀ,
ਇਹੀ ਕੁਝ ਆਖ ਰਹੇ ਦੇਸ਼ ਦੇ ਲੋਕ ਬੇਲੀ।
ਠੀਕ ਜਾਂ ਗਲਤ ਦਾ ਪਤਾ ਹੈ ਅਫਸਰਾਂ ਨੂੰ,
ਬਣ ਰਹੇ ਰੋਜ਼ ਹਨ ਈ ਡੀ ਦੇ ਜੋਕ ਬੇਲੀ।

-ਤੀਸ ਮਾਰ ਖਾਂ

## ਪੇਂਡੂ ਭਾਰਤ ਬੰਦ ਦੀ ਲਾਮਬੰਦੀ ਲਈ ਭਲਕੇ ਜ਼ਿਲ੍ਹਾ ਪੱਧਰੀ ਤਾਲਮੇਲ ਮੀਟਿੰਗਾਂ

### ਐੱਸ ਕੇ ਐੱਮ ਤੇ ਟਰੇਡ ਯੂਨੀਅਨਾਂ ਦੀ ਸੂਬਾਈ ਮੀਟਿੰਗ ਨੇ ਧਾਰਿਆ ਕਨਵੈਨਸ਼ਨ ਦਾ ਰੂਪ



**ਲੁਧਿਆਣਾ, (ਐੱਮ ਐੱਸ ਭਾਟੀਆ)**- ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਵੱਲੋਂ ਦਿੱਤੇ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਜ਼ੋਰਦਾਰ ਤਿਆਰੀਆਂ ਵਿੱਢਣ ਲਈ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਪੰਜਾਬ ਦੇ ਵੱਖ-ਵੱਖ ਵਰਗਾਂ ਨਾਲ ਸੰਬੰਧਤ ਜਥੇਬੰਦੀਆਂ ਦੀ ਹੋਈ ਮੀਟਿੰਗ ਨੇ ਇੱਕ ਵੱਡੀ ਕਨਵੈਨਸ਼ਨ ਦਾ ਰੂਪ ਧਾਰਨ ਕਰ ਲਿਆ। ਇਸ ਭਰਵੀਂ ਮੀਟਿੰਗ ਵਿੱਚ ਆੜ੍ਹਤੀ ਐਸੋਸੀਏਸ਼ਨਾਂ, ਦੋਧੀ ਡੇਅਰੀ ਦੇ ਧੰਦੇ ਨਾਲ ਜੁੜੀਆਂ ਜਥੇਬੰਦੀਆਂ, ਪੇਂਡੂ/ ਖੇਤ ਮਜ਼ਦੂਰ, ਉਸਾਰੀ ਅਤੇ ਮਨਰੇਗਾ ਕਾਮੇ, ਬਿਜਲੀ, ਰੋਡਵੇਜ਼, ਰੇਲਵੇ, ਬੈਂਕ, ਅਧਿਆਪਕ ਅਤੇ ਹੋਰ ਮੁਲਾਜ਼ਮ ਜਥੇਬੰਦੀਆਂ, ਵਿਦਿਆਰਥੀ, ਨੌਜਵਾਨ ਅਤੇ ਔਰਤਾਂ ਦੀਆਂ 60 ਦੇ ਲਗਭਗ ਜਥੇਬੰਦੀਆਂ ਨੇ ਮੀਟਿੰਗ ਵਿੱਚ ਸ਼ਮੂਲੀਅਤ ਕਰਕੇ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਦਿਨ-ਰਾਤ ਇੱਕ ਕਰ ਦੇਣ ਦਾ ਅਹਿਦ ਲਿਆ। ਮੀਟਿੰਗ ਦੇ ਪ੍ਰਧਾਨਗੀ ਮੰਡਲ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਬਲਬੀਰ ਸਿੰਘ ਰਾਜੇਵਾਲ, ਪਰਮਿੰਦਰ ਸਿੰਘ ਪਾਲ ਮਾਜਰਾ, ਰਾਮਿੰਦਰ ਸਿੰਘ ਪਟਿਆਲਾ, ਬਲਦੇਵ ਸਿੰਘ ਨਿਹਾਲਗੜ੍ਹ, ਡਾ. ਸਤਨਾਮ ਸਿੰਘ ਅਜਨਾਲਾ, ਮੇਜਰ ਸਿੰਘ ਪੁੰਨਾਂਵਾਲ, ਮਨਜੀਤ ਸਿੰਘ ਧਨੇਰ ਅਤੇ ਟਰੇਡ ਯੂਨੀਅਨਾਂ ਵੱਲੋਂ ਨਿਰਮਲ ਸਿੰਘ ਧਾਲੀਵਾਲ, ਚੰਦਰ ਸ਼ੇਖਰ, ਜਗਦੀਸ਼ ਚੰਦ ਤੇ ਮੰਗਤ ਰਾਮ ਲੌਂਗੋਵਾਲ ਸ਼ਾਮਲ ਸਨ।

ਸ਼ੁਰੂਆਤੀ ਤੌਰ 'ਤੇ ਬਲਬੀਰ ਸਿੰਘ ਰਾਜੇਵਾਲ, ਰਾਮਿੰਦਰ ਸਿੰਘ ਪਟਿਆਲਾ, ਨਿਰਮਲ ਸਿੰਘ ਧਾਲੀਵਾਲ ਅਤੇ ਚੰਦਰ ਸ਼ੇਖਰ ਨੇ ਸਾਰੀਆਂ ਜਥੇਬੰਦੀਆਂ ਸਾਹਮਣੇ ਅਜੰਡਾ ਪੇਸ਼ ਕਰਦਿਆਂ ਕਿਹਾ ਕਿ 16 ਫਰਵਰੀ ਦਾ ਭਾਰਤ ਬੰਦ ਦੇਸ਼ ਦੇ ਖੇਤੀ ਖੇਤਰ, ਸਿੱਖਿਆ, ਟਰਾਂਸਪੋਰਟ, ਬਿਜਲੀ ਸਮੇਤ ਪਬਲਿਕ ਸੈਕਟਰ ਉੱਪਰ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਕਾਰਪੋਰੇਟ ਪੱਖੀ ਅਤੇ ਤਾਨਾਸ਼ਾਹ ਨੀਤੀਆਂ ਵਿਰੁੱਧ ਸਖਤ ਰੋਹ ਦਾ ਪ੍ਰਗਟਾਵਾ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਵਿੱਚ ਮੋਦੀ ਸਰਕਾਰ ਕਿਸਾਨਾਂ ਦੀਆਂ ਐੱਮ ਐੱਸ ਪੀ ਅਤੇ ਕਰਜ਼ਾ ਮੁਕਤੀ ਅਤੇ ਹੋਰ ਮੰਗਾਂ ਨਾਲ ਸੰਬੰਧਤ ਮਾਮਲਿਆਂ ਨੂੰ ਮੰਨਣ ਦਾ ਲਿਖਤੀ ਵਾਅਦਾ ਕਰਕੇ ਮੁੱਕਰ ਗਈ ਹੈ। ਉਸ ਨੇ ਇਕੱਲਾ ਕਿਸਾਨਾਂ ਨਾਲ ਹੀ ਵਿਸ਼ਵਾਸਘਾਤ ਨਹੀਂ ਕੀਤਾ, ਬਲਕਿ ਸਮਾਜ ਦੇ ਹਰ ਤਬਕਾ ਚਾਹੇ ਉਹ ਮਜ਼ਦੂਰ ਹੋਣ, ਚਾਹੇ ਵਪਾਰੀ ਹੋਣ, ਚਾਹੇ ਮੁਲਾਜ਼ਮ, ਨੌਜਵਾਨ ਅਤੇ ਔਰਤਾਂ ਹੋਣ, ਸਭ ਨੂੰ ਹੀ ਆਪਣੀਆਂ ਤਬਾਹਕੁੰਨ ਨੀਤੀਆਂ ਦਾ ਸ਼ਿਕਾਰ ਬਣਾਇਆ ਹੈ। ਚਾਰ ਲੇਬਰ ਕੋਡ, ਅਗਨੀਵੀਰ ਸਕੀਮ, ਕੌਮੀ ਸਿੱਖਿਆਂ ਨੀਤੀ ਅਤੇ ਹੁਣ ਹਿੱਟ ਐਂਡ ਰਨ ਕਾਨੂੰਨ ਆਦਿ ਇੱਕ ਤੋਂ ਬਾਅਦ ਇੱਕ ਮਾਮਲਾ ਇਸ ਦੇ ਗਵਾਹ ਹਨ। ਉਨ੍ਹਾਂ ਸਾਰੀਆਂ ਜਥੇਬੰਦੀਆਂ ਤੇ ਹਰੇਕ ਵਰਗ ਤੋਂ 16 ਫਰਵਰੀ ਦੇ ਭਾਰਤ ਬੰਦ ਲਈ ਸਹਿਯੋਗ ਅਤੇ ਸਮਰਥਨ ਦੀ ਅਪੀਲ ਕੀਤੀ। ਮੀਟਿੰਗ ਵਿੱਚ ਹਾਜ਼ਰ ਜਥੇਬੰਦੀਆਂ ਵਿੱਚੋਂ ਬਿਜਲੀ ਅਤੇ ਰੋਡਵੇਜ਼ ਨਾਲ ਸਬੰਧਤ ਜਥੇਬੰਦੀਆਂ ਨੇ ਜਾਣਕਾਰੀ ਦਿੱਤੀ ਕਿ ਉਹ 16 ਨੂੰ ਮੁਕੰਮਲ ਹੜਤਾਲ ਲਈ ਤਿਆਰੀ ਸ਼ੁਰੂ ਕਰ ਚੁੱਕੇ ਹਨ, ਇਸ ਸੰਬੰਧੀ ਮਹਿਕਮੇ ਨੂੰ ਨੋਟਿਸ ਦੇ ਚੁੱਕੇ ਹਨ। ਇਸੇ ਤਰ੍ਹਾਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਫੋਰਮ ਨੇ ਦੱਸਿਆ ਕਿ ਉਨ੍ਹਾਂ 27 ਜਨਵਰੀ ਨੂੰ ਪੰਜਾਬ ਦੇ ਪ੍ਰਮੁੱਖ ਸਕੱਤਰ ਨੂੰ ਹੜਤਾਲ ਕਰਨ ਸੰਬੰਧੀ ਨੋਟਿਸ ਭੇਜ

● ਬਾਕੀ ਸਫ਼ਾ 2 'ਤੇ

## ਪੰਜਾਬ ਪੱਧਰੀ ਖੇਡਾਂ 'ਚ ਹਿੱਸਾ ਲੈਣ ਵਾਲੇ ਵਿਦਿਆਰਥੀ ਸਨਮਾਨਤ



**ਮਾਨਸਾ (ਪਮਾਰ)**-ਕਲੱਸਟਰ ਖਿਆਲਾ ਅਧੀਨ ਆਉਂਦੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਪੰਜਾਬ ਪੱਧਰ ਤੇ ਜ਼ਿਲ੍ਹਾ ਮਾਨਸਾ ਵੱਲੋਂ ਖੇਡਦਿਆਂ ਕਬੱਡੀ ਤੇ ਕੁਸ਼ਤੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ।ਸੈਂਟਰ ਹੈੱਡ ਟੀਚਰ ਸੁਖਵੀਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ, ਕੋਟੜਾ ਕਲਾਂ ਤੇ ਮਾਨਸਾ ਕੈਂਚੀਆਂ ਦੇ ਬੱਚਿਆਂ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਪੰਜਾਬ ਪੱਧਰ 'ਤੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਕਲੱਸਟਰ ਪੱਧਰ ਤੇ ਸਮਾਗਮ ਰੱਖ ਕੇ ਇਨ੍ਹਾਂ ਬੱਚਿਆਂ ਨੂੰ ਯਾਦਗਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਇਨ੍ਹਾਂ ਬੱਚਿਆਂ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕ ਅਸ਼ਵਿੰਦਰ ਸਿੰਘ ਮਾਨ, ਬਲਜਿੰਦਰ ਸਿੰਘ, ਕੁਲਦੀਪ ਸਿੰਘ ਤੇ ਅਧਿਆਪਨ ਖ਼ੇਤਰ ਵਿੱਚ ਵਧੀਆ ਸੇਵਾਵਾਂ ਦੇਣ ਬਦਲੇ ਰਾਜਵੀਰ ਕੌਰ ਦਾ ਵੀ ਇਸ ਮੌਕੇ ਸਨਮਾਨ ਕੀਤਾ ਗਿਆ।ਅਧਿਆਪਕ ਬਲਜਿੰਦਰ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਉਪਰਾਲੇ ਨਾਲ ਹੋਰ ਅਧਿਆਪਕਾਂ ਤੇ ਬੱਚਿਆਂ ਨੂੰ ਉਤਸ਼ਾਹ ਮਿਲੇਗਾ।ਇਸ ਸਮੇਂ ਅਧਿਆਪਕ ਅਜੈ ਜਿੰਦਲ ਵੱਲੋਂ ਅਧਿਆਪਕਾਂ ਤੇ ਬੱਚਿਆਂ ਦੇ ਮੁਖਾਤਿਬ ਹੁੰਦਿਆਂ ਕਵਿਤਾ ਰਾਹੀਂ ਖੇਡਾਂ ਤੇ ਪੜ੍ਹਾਈ ਵਿੱਚ ਸਖ਼ਤ ਮਿਹਨਤ ਕਰਨ ਦਾ ਸੰਦੇਸ਼ ਦਿੱਤਾ।ਇਸ ਦੌਰਾਨ ਮੈਡਮ ਪਰਮਜੀਤ ਕੌਰ, ਮੀਰਾ ਬਾਈ, ਸਾਕਸ਼ੀ, ਹਰਪਾਲ ਕੌਰ, ਅਭਿਤਾ ਭੱਟੀ, ਸੁਖਪਾਲ ਕੌਰ, ਜਗਤਾਰ ਸਿੰਘ, ਰਾਜਵੰਤ ਸਿੰਘ ਤੋਂ ਇਲਾਵਾ ਸਕੂਲ ਵਿਦਿਆਰਥੀ ਹਾਜ਼ਰ ਸਨ

## ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਦੇ ਸਮਾਗਮਾਂ ਦੀ ਸੰਪੂਰਨਤਾ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਅਨੋਖੇ ਅਮਰ ਸ਼ਹੀਦ ਤੇ ਦਮਦਮੀ ਟਕਸਾਲ ਦੇ ਬਾਨੀ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਖੂ ਗੇਟ ਸਥਿਤ ਗੁਰਦੁਆਰਾ ਭਾਈ ਹਾਕਮ ਸਿੰਘ ਦੀ ਪ੍ਰਬੰਧਕ ਕਮੇਟੀ ਤੇ ਇਲਾਕੇ ਦੀ ਇਸਤਰੀ ਸਤਿਸੰਗ ਸਭਾ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿੰਘ, ਸਰਪ੍ਰਸਤ ਭਾਈ ਜਸਪਾਲ ਸਿੰਘ ਤੇ ਸਕੱਤਰ ਕਿੱਕਰ ਸਿੰਘ ਸੰਧੂ ਨੇ ਦੱਸਿਆ ਕਿ ਪਿਛਲੇ ਤਕਰੀਬਨ 15 ਦਿਨਾਂ ਤੋਂ ਜੋ ਇਸਤਰੀ ਸਤਿਸੰਗ ਸਭਾ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਚੱਲ ਰਹੀ ਸੀ, ਉਸ ਦੀ ਸੰਪੂਰਨਤਾ 2 ਫਰਵਰੀ ਨੂੰ ਸ਼ਾਮ ਤਕਰੀਬਨ 5 ਵਜੇ ਹੋਵੇਗੀ। ਉਪਰੰਤ ਦੀਵਾਨ ਸਜਣਗੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਕਮੇਟੀ ਮੈਂਬਰਾਂ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਇਲਾਕੇ ਦੀ ਧਾਰਮਿਕ ਸ਼ਖਸੀਅਤ ਭਗਤ ਬਾਬਾ ਮਿਲਖਾ ਸਿੰਘ ਜੀ ਅਰਮਾਨ ਪੂਰੇ ਵਾਲਿਆਂ ਦਾ ਵਿਸ਼ੇਸ਼ ਯੋਗਦਾਨ ਹੋਵੇਗਾ। ਇਸ ਮੌਕੇ ਸੁਰਜੀਤ ਸਿੰਘ, ਗੁਰਚਰਨ ਸਿੰਘ ਬਾਬਾ, ਅਨੂਪ ਸਿੰਘ, ਪ੍ਰਗਟ ਸਿੰਘ, ਸੁਖਬੀਰ ਸਿੰਘ ਸੰਧੂ, ਅਜਮੇਰ ਸਿੰਘ, ਰਾਮ ਲੁਭਾਇਆ, ਗੁਰਨਾਮ ਸਿੰਘ, ਸੁਖਦੇਵ ਸਿੰਘ, ਜਗਦੀਸ਼ ਲਾਲ ਬਜਾਜ, ਨਿਰਮਲ ਸਿੰਘ ਦੁਲਚੀਕੇ, ਜੋਗਿੰਦਰ ਸਿੰਘ, ਪਿੱਪਲ ਸਿੱਧੂ, ਬਲਦੇਵ ਸਿੰਘ ਕੋਟੀਆ ਆਦਿ ਆਗੂ ਹਾਜ਼ਰ ਸਨ।

## 9 ਨੂੰ ਮਨਾਇਆ ਜਾਵੇਗਾ ਬਾਬਾ ਮੋਤੀ ਰਾਮ ਮਹਿਰਾ ਦਾ ਜਨਮ ਦਿਹਾੜਾ : ਚੇਅਰਮੈਨ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦਾ ਜਨਮ ਦਿਹਾੜਾ 9 ਫਰਵਰੀ 2024 ਨੂੰ ਗੁਰਦੁਆਰਾ ਯਾਦਗਾਰ ਬਾਬਾ ਮੋਤੀ ਰਾਮ ਮਹਿਰਾ ਫਤਿਹਗੜ੍ਹ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ ਅਤੇ ਇਸੇ ਦਿਨ ਸਵੇਰੇ 9 ਵਜੇ ਅੰਮ੍ਰਿਤ ਸੰਚਾਰ ਵੀ ਹੋਵੇਗਾ।ਇਸ ਗੱਲ ਦੀ ਜਾਣਕਾਰੀ ਦਿੰਦਿਆਂ ਟਰੱਸਟ ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਨੇ ਪ੍ਰਬੰਧਾਂ ਬਾਰੇ ਹੋਈ ਮੀਟਿੰਗ ਉਪਰੰਤ ਪ੍ਰੈੱਸ ਨਾਲ ਗੱਲ ਕਰਦਿਆਂ ਅੰਮ੍ਰਿਤ ਛਕਣ ਵਾਲੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸਵੇਰੇ ਆਪਣੇ ਕੇਸੀ ਇਸ਼ਨਾਨ ਕਰਕੇ ਆਉਣ, ਜਦੋਂਕਿ ਕਕਾਰ ਗੁਰਦੁਆਰਾ ਸਾਹਿਬ ਵਿਖੇ ਹੀ ਦਿੱਤੇ ਜਾਣਗੇ।ਅੰਮ੍ਰਿਤ ਸੰਚਾਰ ਦੀ ਸੇਵਾ ਦਸਮੇਸ਼ ਅੰਮ੍ਰਿਤ ਸੰਚਾਰ ਜੱਥਾ ਲੁਧਿਆਣਾ ਵੱਲੋਂ ਨਿਭਾਈ ਜਾਵੇਗੀ। ਚੇਅਰਮੈਨ ਨੇ ਦੱਸਿਆ ਕਿ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਜਨਮ ਦਿਵਸ ਸਬੰਧੀ 7 ਫਰਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 9 ਫਰਵਰੀ ਨੂੰ ਸਵੇਰੇ 10 ਵਜੇ ਭੋਗ ਪਾਉਣ ਉਪਰੰਤ ਕੀਰਤਨ ਤੇ ਗੁਰਮਤਿ ਵਿਚਾਰਾਂ ਹੋਣਗੀਆਂ।ਇਸ ਮੀਟਿੰਗ ਵਿੱਚ ਗੁਰਮੀਤ ਸਿੰਘ ਸਕੱਤਰ, ਪਰਮਜੀਤ ਸਿੰਘ ਖੰਨਾ, ਜੈਕ੍ਰਿਸ਼ਨ ਕਸ਼ਿਅਪ ਮੀਤ ਚੇਅਰਮੈਨ, ਜਸਪਾਲ ਸਿੰਘ ਕਲੌਦੀ, ਪਰਮਜੀਤ ਸਿੰਘ ਜਲੰਧਰ, ਬਸੰਤ ਸਿੰਘ ਮੋਗਾ, ਅਮੀਚੰਦ ਮਾਛੀਵਾੜਾ, ਦਰਸ਼ਨ ਸਿੰਘ ਪਾਇਲ, ਦੇਵਿੰਦਰ ਸਿੰਘ ਮੋਗਾ, ਬਲਵੀਰ ਸਿੰਘ ਲੁਧਿਆਣਾ, ਰਾਏ ਸਿੰਘ ਪਾਇਲ, ਮਹਿੰਦਰ ਸਿੰਘ ਖੰਨਾ, ਸੇਵਾ ਸਿੰਘ ਮੋਗਾ, ਸਤਨਾਮ ਸਿੰਘ ਮੋਗਾ, ਨਵਤੇਜ ਸਿੰਘ ਖੰਨਾ, ਨਵਜੋਤ ਸਿੰਘ ਮੈਨੇਜਰ, ਤੇਜਿੰਦਰ ਸਿੰਘ ਮੋਗਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਟਰੱਸਟੀ ਹਾਜ਼ਰ ਸਨ।

## ਪੰਜਾਬ ਭਰ 'ਚੋਂ ਅੱਵਲ ਕਾਰਗੁਜ਼ਾਰੀ ਲਈ ਸ਼ੁਭਮ ਸ਼ਰਮਾ ਦਾ ਸਨਮਾਨ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਯੂਥ ਕਾਂਗਰਸ ਦੀ ਸੂਬਾ ਕਾਰਜਕਾਰਨੀ ਦੀ ਹੋਈ ਮੀਟਿੰਗ ਦੌਰਾਨ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਤੇ ਵਿਧਾਨ ਸਭਾ ਹਲਕਾ ਧੂਰੀ ਤੋਂ ਪ੍ਰਮੁੱਖ ਆਗੂ ਸ਼ੁਭਮ ਸ਼ਰਮਾ ਨੂੰ ਪੂਰੇ ਪੰਜਾਬ ਵਿੱਚੋਂ ਅੱਵਲ ਕਾਰਗੁਜ਼ਾਰੀ ਲਈ ਪੰਜਾਬ ਵਿਧਾਨ ਸਭਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਯੂਥ ਕਾਂਗਰਸ ਦੇ ਕੌਮੀ ਇੰਚਾਰਜ ਕ੍ਰਿਸ਼ਨਾ ਅਲਵਾਰੂ, ਪੰਜਾਬ ਯੂਥ ਕਾਂਗਰਸ ਦੇ ਇੰਚਾਰਜ ਅਜੇ ਚਿਕਾਰਾ ਤੇ ਪ੍ਰਧਾਨ ਮੋਹਿਤ ਮਹਿੰਦਰਾ ਨੇ ਸਨਮਾਨਤ ਕਰਦਿਆਂ ਹੋਰ ਵੀ ਮਿਹਨਤ ਨਾਲ ਕੰਮ ਕਰਨ ਲਈ ਥਾਪੜਾ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਦੌਰਾਨ ਪੰਜਾਬ ਯੂਥ ਕਾਂਗਰਸ ਨੇ 'ਰੋਜ਼ਗਾਰ ਦਿਓ ਨਿਆਏ ਕਰੋ' ਦੀ ਸ਼ੁਰੂਆਤ ਕੀਤੀ।ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਇਹ ਮੁਹਿੰਮ ਪੰਜਾਬ ਦੇ ਸਾਰੇ ਸੰਸਦੀ ਹਲਕਿਆਂ ਤੋਂ ਸ਼ੁਰੂ ਹੋਵੇਗੀ ਤੇ ਘਰ-ਘਰ ਜਾ ਕੇ ਹਰ ਵਿਧਾਨ ਸਭਾ ਹਲਕੇ ਨੂੰ ਕਵਰ ਕਰੇਗੀ।ਉਨ੍ਹਾਂ ਕਿਹਾ ਕਿ ਪੰਜਾਬ ਯੂਥ ਕਾਂਗਰਸ ਇਸ ਮੁਹਿੰਮ ਨੂੰ ਪੰਜਾਬ ਦੇ ਹਰ ਲੋਕ ਸਭਾ ਹਲਕਿਆਂ ਵਿੱਚ ਲੈ ਕੇ ਜਾਵੇਗੀ।ਰੋਜ਼ਗਾਰ 'ਤੇ ਅੰਦੋਲਨ, ਧਰਨੇ ਤੇ ਵਿਰੋਧ ਪ੍ਰਦਰਸ਼ਨ ਆਦਿ ਹੋਣਗੇ, ਯੂਥ ਕਾਂਗਰਸ ਐਪ ਨਾਲ ਘਰ-ਘਰ 'ਤੇ, ਰੋਜ਼ਗਾਰ ਦੋ ਨਿਆਏ ਦੋ ਸੰਮੇਲਨ ਅਤੇ ਰੁਜ਼ਗਾਰ ਦੋ ਨਿਆਏ ਦੋ ਬਾਈਕ ਰੈਲੀਆਂ/ਯਾਤਰਾਂ ਸਥਾਨਕ ਪੱਧਰ 'ਤੇ ਹੋਣਗੀਆਂ।

# ਮਜ਼ਦੂਰਾਂ ਦੇ ਹੱਕ 'ਚ ਚੱਲਣ ਸਮੇਂ ਭਗਵੰਤ ਮਾਨ ਦੇ ਹਰੇ ਪੈੱਨ ਦੀ ਸਿਆਹੀ ਹੋਈ ਖਤਮ : ਚੌਹਾਨ/ਉੱਡਤ

### ਲਲਕਾਰ ਰੈਲੀ ਦੀ ਤਿਆਰੀ ਹਿੱਤ ਜਨ-ਸੰਪਰਕ ਮੁਹਿੰਮ ਚਲਾਉਣ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਪੰਜਾਬ ਖੇਤ ਮਜ਼ਦੂਰ ਸਭਾ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੀਆਂ ਜ਼ਿਲ੍ਹਾ ਇਕਾਈਆਂ ਦੀ ਇੱਕ ਸਾਂਝੀ ਅਤੇ ਅਹਿਮ ਮੀਟਿੰਗ ਦੋ ਮੈਂਬਰੀ ਪ੍ਰਧਾਨਗੀ ਮੰਡਲ ਕ੍ਰਮਵਾਰ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਤੇ ਸਾਥੀ ਕੇਵਲ ਸਿੰਘ ਸਮਾਓਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 16 ਫਰਵਰੀ ਦੇ ਪੇਂਡੂ ਭਾਰਤ ਬੰਦ ਤੇ 20 ਫਰਵਰੀ ਦੀ ਲਲਕਾਰ ਰੈਲੀ ਆਦਿ ਏਜੰਡਿਆਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਤੇ ਫੈਸਲਾ ਕੀਤਾ ਗਿਆ ਕਿ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਮਾਨਸਾ ਵਿੱਚ ਤਨਦੇਹੀ ਨਾਲ ਲਾਗੂ ਕੀਤਾ ਜਾਵੇਗਾ ਤੇ ਲਲਕਾਰ ਰੈਲੀ ਦੀ ਤਿਆਰੀ ਲਈ ਜ਼ਿਲ੍ਹੇ ਵਿੱਚ ਜਨ-ਸੰਪਰਕ ਮੁਹਿੰਮ ਚਲਾਈ ਜਾਵੇਗੀ।

ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਹਰ ਗੱਲ ਉੱਤੇ ਬੇਬਾਕੀ ਨਾਲ ਮੀਡੀਏ ਵਿੱਚ ਬੋਲਣ ਵਾਲਾ ਪੰਜਾਬ ਦਾ ਮੁੱਖ ਮੰਤਰੀ ਮਜ਼ਦੂਰਾਂ ਦੇ ਹੱਕ ਵਿੱਚ ਆਪਣਾ ਮੂੰਹ ਨਹੀਂ ਖੋਲ੍ਹ ਰਿਹਾ ਤੇ ਮਾਨ ਦੇ ਹਰੇ ਪੈੱਨ ਦੀ ਸਿਆਹੀ ਮਜ਼ਦੂਰ ਦੇ ਹੱਕ ਵਿੱਚ ਲਿਖਣ ਸਮੇਂ ਮੁੱਕ ਗਈ ਜਾਪਦੀ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਮਜ਼ਦੂਰ ਸੰਘਰਸ਼ ਦੇ ਬਲਬੂਤੇ ਸਮੇਂ ਦੇ ਹਾਕਮਾਂ ਨੂੰ ਲਲਕਾਰਨਗੇ ਤੇ ਮਜ਼ਦੂਰਾਂ ਦੇ ਹੱਲ ਸੋਚਣ ਲਈ ਮਜਬੂਰ ਕਰਨਗੇ।

ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਸਾਥੀ ਸੀਤਾਰਾਮ ਗੋਬਿੰਦਪੁਰਾ, ਏਟਕ ਦੇ ਜ਼ਿਲ੍ਹਾ ਜਨਰਲ ਸਕੱਤਰ ਸਾਥੀ ਨਰੇਸ਼ ਬੁਰਜਹਰੀ ਤੇ ਪੰਜਾਬ ਇਸਤਰੀ ਸਭਾ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ ਗਾਮੀਵਾਲਾ ਨੇ ਕਿਹਾ ਕਿ ਮਨਰੇਗਾ ਸਕੀਮ ਨੂੰ ਤਹਿਸ ਨਹਿਸ ਕਰਨ ਲਈ ਆਪ ਸਰਕਾਰ ਅਕਾਲੀਆਂ ਕਾਂਗਰਸੀਆਂ ਦੀਆਂ ਸਰਕਾਰਾਂ ਨਾਲੋਂ ਵੀ ਦੋ ਕਦਮ ਅੱਗੇ ਲੰਘ ਚੁੱਕੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਰਤਨ ਭੋਲਾ, ਗੁਰਪ੍ਰੀਤ ਸਿੰਘ ਹੀਰਕੇ, ਨਿਰਮਲ ਸਿੰਘ ਬੱਪੀਆਣਾ, ਕਾਲਾ ਖਾਂ ਭੰਮੇ, ਕਪੂਰ ਸਿੰਘ ਲੱਲੂਆਣਾ, ਸੁਖਦੇਵ ਸਿੰਘ ਪੰਧੇਰ, ਸੁਖਦੇਵ ਸਿੰਘ ਮਾਨਸਾ, ਗੁਰਪਿਆਰ ਸਿੰਘ ਫੱਤਾ, ਸਾਥੀ ਜੱਗਾ ਸਿੰਘ ਰਾਏਪੁਰ, ਬੰਸੀ ਜਟਾਣਾ, ਅਸ਼ੋਕ ਲਾਕੜਾ, ਬਲਵੰਤ ਭੈਣੀਬਾਘਾ ਤੇ ਗੁਰਦੇਵ ਸਿੰਘ ਦਲੇਲ ਸਿੰਘ ਵਾਲਾ ਆਦਿ ਹਾਜ਼ਰ ਸਨ।

## ਕੰਗਣੀਵਾਲ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ




**ਚੰਡੀਗੜ੍ਹ**—ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਵੱਲੋਂ ਲੋਕ ਸੰਪਰਕ ਅਧਿਕਾਰੀ ਡਾ. ਸਰਬਜੀਤ ਸਿੰਘ ਕੰਗਣੀਵਾਲ ਨੂੰ ਉਨ੍ਹਾ ਦੀ ਸੇਵਾ-ਮੁਕਤੀ ਮੌਕੇ ਨਿੱਘੀ ਵਿਦਾਇਗੀ ਦਿੱਤੀ ਗਈ। ਉਨ੍ਹਾ ਵਿਭਾਗ ਵਿੱਚ ਤਕਰੀਬਨ 22 ਸਾਲ ਸ਼ਾਨਦਾਰ ਸੇਵਾਵਾਂ ਨਿਭਾਈਆਂ।

ਵਿਦਾਇਗੀ ਸਮਾਗਮ ਦੌਰਾਨ ਡਾ. ਸਰਬਜੀਤ ਸਿੰਘ ਕੰਗਣੀਵਾਲ ਨਾਲ ਆਪਣੀ ਨਿੱਜੀ ਸਾਂਝ ਦੀਆਂ ਤੰਦਾਂ ਫੋਲਦਿਆਂ ਜਾਇੰਟ ਡਾਇਰੈਕਟਰ ਰਣਦੀਪ ਸਿੰਘ ਆਹਲੂਵਾਲੀਆ, ਜਾਇੰਟ ਡਾਇਰੈਕਟਰ ਹਰਜੀਤ ਸਿੰਘ ਗਰੇਵਾਲ, ਜਾਇੰਟ ਡਾਇਰੈਕਟਰ ਪ੍ਰੀਤਕੰਵਲ ਸਿੰਘ, ਡਿਪਟੀ ਡਾਇਰੈਕਟਰ ਇਸਵਿੰਦਰ ਸਿੰਘ ਗਰੇਵਾਲ, ਡਿਪਟੀ ਡਾਇਰੈਕਟਰ ਮਨਵਿੰਦਰ ਸਿੰਘ, ਡਿਪਟੀ ਡਾਇਰੈਕਟਰ ਸ੍ਰੀਮਤੀ ਸ਼ਿਖਾ ਨਹਿਰਾ, ਡਿਪਟੀ ਡਾਇਰੈਕਟਰ ਗੁਰਮੀਤ ਸਿੰਘ ਖਹਿਰਾ, ਆਈ ਪੀ ਆਰ ਓ ਨਵਦੀਪ ਸਿੰਘ ਗਿੱਲ ਤੇ ਕੁਲਤਾਰ ਸਿੰਘ ਮੀਆਂਪੁਰੀ ਅਤੇ ਹੋਰ ਅਧਿਕਾਰੀਆਂ ਨੇ ਡਾ. ਕੰਗਣੀਵਾਲ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ। ਡਾਕਟਰ ਕੰਗਣੀਵਾਲ ਵੱਲੋਂ ਵਿਭਾਗ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਕੰਗਣੀਵਾਲ ਦੀ ਮਿਸਾਲੀ ਸਖ਼ਤ ਮਿਹਨਤ, ਸਮਰਪਣ ਅਤੇ ਲਗਨ ਉਨ੍ਹਾ ਦੇ ਸਾਥੀਆਂ ਅਤੇ ਨਵੇਂ ਭਰਤੀ ਹੋਏ ਸਟਾਫ ਮੈਂਬਰਾਂ ਨੂੰ ਪੂਰੀ ਸ਼ਿੱਦਤ ਨਾਲ ਸੇਵਾਵਾਂ ਨਿਭਾਉਣ ਲਈ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ।

ਇਸ ਮੌਕੇ ਸਟਾਫ ਮੈਂਬਰਾਂ ਵੱਲੋਂ ਡਾ. ਸਰਬਜੀਤ ਸਿੰਘ ਕੰਗਣੀਵਾਲ ਅਤੇ ਉਨ੍ਹਾ ਦੀ ਪਤਨੀ ਡਾ. ਮਾਲਤੀ ਸਿੰਘ ਵਿਗਿਆਨੀ, ਨਾਈਪਰ (ਮੋਹਾਲੀ) ਨੂੰ ਵੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਸਰਕਾਰੀ ਸਕੂਲ ਆਸਾ ਬੁੱਟਰ ਦੇ ਬੱਚਿਆਂ ਨੂੰ ਹੁਣ ਮਿਲੇਗਾ ਸਾਫ ਸੁਥਰਾ ਪਾਣੀ

### *ਪੰਜਾਬ ਸਰਕਾਰ ਸਰਕਾਰੀ ਸਕੂਲਾਂ ਨੂੰ ਬਿਹਤਰ ਬਣਾਉਣ ਲਈ ਕਰ ਰਹੀ ਹੈ ਉਪਰਾਲੇ : ਚੇਅਰਮੈਨ ਕਾਉਣੀ*



**ਗਿੱਦੜਬਾਹਾ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ/ਪਰਮਜੀਤ/ਚਾਵਲਾ)**-ਸ੍ਰੀ ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਇੱਕ ਲੱਖ ਲਾਗਤ ਨਾਲ ਬਲਾਕ ਗਿੱਦੜਬਾਹਾ ਦੇ ਪਿੰਡ ਆਸਾ ਬੁੱਟਰ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਸਕੂਲੀ ਬੱਚਿਆਂ ਨੂੰ ਪੀਣ ਯੋਗ ਪਾਣੀ ਉਪਲੱਬਧ ਕਰਵਾਉਣ ਲਈ ਆਰ. ਓ. ਦਾ ਉਦਘਾਟਨ ਕੀਤਾ।ਇਸ ਮੌਕੇ ਕਾਉਣੀ ਨੇ ਕਿਹਾ ਕਿ ਸਕੂਲੀ ਬੱਚਿਆਂ ਦੇ ਪੀਣ ਯੋਗ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਆਰ. ਓ. ਲੱਗਣਾ ਬਹੁਤ ਜ਼ਰੂਰੀ ਸੀ।ਸਕੂਲ ਵਿੱਚ ਆਰ ਓ ਲੱਗਣ ਨਾਲ ਬੱਚਿਆਂ ਨੂੰ ਸਾਫ ਸੁਥਰਾ ਪਾਣੀ ਉਪਲਬੱਧ ਹੋਵੇਗਾ, ਜਿਸ ਨਾਲ ਵਿਦਿਆਰਥੀ ਬਿਮਾਰੀਆਂ ਤੋਂ ਵੀ ਬਚੇ ਰਹਣਗੇ।

ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਕੂਲੀ ਸਿੱਖਿਆ ਨੂੰ ਉਤਸ਼ਾਹਤ ਕਰ ਰਹੀ ਹੈ, ਜਿਸ ਤਹਿਤ ਰਾਜ ਵਿੱਚ ਸਕੂਲ ਆਫ ਐਮੀਨੈਂਸ ਤੇ ਸਮਾਰਟ ਸਕੂਲਾਂ ਦੀ ਵਿਵਸਥਾ ਕੀਤੀ ਗਈ ਹੈ।ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਟ੍ਰੇਨਿੰਗ ਲਈ ਸਿੰਘਾਪੁਰ ਭੇਜਿਆ ਗਿਆ ਤਾਂ ਜੋ ਅਧਿਆਪਕ ਬੱਚਿਆਂ ਨੂੰ ਬਿਹਤਰ ਸਿੱਖਿਆ ਮੁਹੱਈਆ ਕਰਵਾ ਸਕਣ।ਉਨ੍ਹਾ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵੱਖ ਵੱਖ ਵਿਸ਼ਿਆਂ ਤੇ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਤੇ ਸਰਕਾਰੀ ਸਕੂਲਾਂ ਦੀ ਸੁੰਦਰ ਦਿੱਖ ਲਈ ਬੁਨਿਆਦੀ ਢਾਂਚਾ ਵੀ ਮਹੱਈਆ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਸ੍ਰੀ ਦੀਪਕ ਕੁਮਾਰ ਪ੍ਰਿੰਸੀਪਲ, ਰਾਜਿੰਦਰ ਸਿੰਘ ਮੈਂਬਰ ਸ੍ਰੀ ਸੁਖਦੇਵ ਸਿੰਘ, ਜਸਵੰਤ ਸਿੰਘ ਨੰਬਰਦਾਰ, ਡਾ. ਗੁਰਤੇਜ਼ ਸਿੰਘ, ਜਗਸੀਰ ਸਿੰਘ, ਸੋਨੂ ਸਿੰਘ, ਬਲਤੇਜ ਸਿੰਘ, ਮੋਹਨੀ ਸਿੰਘ ਤੇ ਪਿੰਡ ਵਾਸੀ ਹਾਜ਼ਰ ਸਨ।

## ਯੂਨੀਅਨ ਨੇ ਮੋਹਾਲੀ 'ਚ ਦਿੱਤੇ ਜਾ ਰਹੇ ਧਰਨੇ ਦਾ ਸਥਾਨ ਬਦਲਿਆ

### *ਹੁਣ ਮੁਲਾਜ਼ਮ 6 ਨੂੰ ਹੈੱਡ ਆਫਿਸ ਪਟਿਆਲਾ ਅੱਗੇ ਪਰਵਾਰਾਂ ਸਮੇਤ ਸੂਬਾ ਪੱਧਰੀ ਧਰਨਾ ਦੇਣਗੇ : ਵਰਿੰਦਰ ਸਿੰਘ*

**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੀਆਂ ਵਾਟਰ ਸਪਲਾਈ ਸਕੀਮਾਂ ਤੇ ਫੀਲਡ ਅਤੇ ਦਫ਼ਤਰਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਇਨਲਿਸਟਮੈਂਟ/ਆਊਟਸੋਰਸ ਅਧੀਨ ਕੰਮ ਕਰਦੇ ਵਰਕਰਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦੀ ਪ੍ਰਾਪਤੀ ਲਈ, ਕਿਰਤ ਵਿਭਾਗ ਪੰਜਾਬ ਸਰਕਾਰ ਦੇ ਅਨੁਸਾਰ ਵਧੇ ਹੋਏ ਰੇਟ ਲਾਗੂ ਕਰਨ, ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਤੇ ਸਕਾਡਾ ਸਿਸਟਮ ਲਗਾਉਣ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਰੱਦ ਕਰਨ ਸਮੇਤ ਮੰਗ-ਪੱਤਰ 'ਚ ਦਰਜ ਤਮਾਮ ਮੰਗਾਂ ਦਾ ਹੱਲ ਕਰਵਾਉਣ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ ਨੰ.31) ਵੱਲੋਂ 6 ਫਰਵਰੀ ਨੂੰ ਵਿਭਾਗੀ ਮੁਖੀ, ਜਸਸ ਵਿਭਾਗ ਪੰਜਾਬ ਦੇ ਦਫ਼ਤਰ ਮੁਹਾਲੀ ਅੱਗੇ ਸੂਬਾ ਪੱਧਰੀ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਸੀ ਅਤੇ ਤਿਆਰੀਆਂ ਵੀ ਜ਼ੋਰ ਸ਼ੋਰ ਨਾਲ ਚੱਲ ਰਹੀਆਂ ਹਨ, ਪਰ ਪਤਾ ਚੱਲਣ 'ਤੇ ਕਿ ਵਿਭਾਗੀ ਮੁਖੀ ਦੇ ਲਗਾਤਾਰ ਛੁੱਟੀ 'ਤੇ ਹਨ, ਜਿਸ ਦੇ ਕਾਰਨ ਯੂਨੀਅਨ ਵੱਲੋਂ ਇਸ ਸੂਬਾ ਪੱਧਰੀ ਧਰਨੇ ਦਾ ਸਥਾਨ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਐੱਚ.ਓ.ਡੀ. ਵੱਲੋਂ ਗਠਿਤ ਵਿਭਾਗੀ ਅਧਿਕਾਰੀਆਂ ਦੀ ਸਬ-ਕਮੇਟੀ ਖਿਲਾਫ 6 ਫਰਵਰੀ 4 ਨੂੰ ਹੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਹੈੱਡ ਆਫਿਸ ਪਟਿਆਲਾ ਅੱਗੇ ਸੂਬਾ ਪੱਧਰੀ ਧਰਨਾ ਪਰਿਵਾਰਾਂ ਬੱਚਿਆਂ ਸਮੇਤ ਦਿੱਤਾ ਜਾਵੇਗਾ, ਜਿਸ ਵਿਚ ਸਾਰੇ ਪੰਜਾਬ ਵਿਚੋਂ ਇਨਲਿਸਟਮੈਂਟ/ਆਊਟਸੋਰਸ ਵਰਕਰ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਪਟਿਆਲਾ ਵਿੱਚ ਵਹੀਰਾਂ ਘੱਤ ਕੇ ਵੱਡੇ ਕਾਫ਼ਲਿਆਂ ਦੇ ਰੂਪ ਵਿੱਚ ਪੁੱਜਣਗੇ। ਉਨ੍ਹਾਂ ਕਿਹਾ ਕਿ ਇਹ ਧਰਨਾ ਉਪਰੋਕਤ ਮੰਗਾਂ ਦਾ ਹੱਲ ਕਰਵਾਉਣ ਤੱਕ ਜਾਰੀ ਰੱਖਿਆ ਜਾਵੇਗਾ।



## ਜੈਤੋਂ ਦੇ ਸ਼ਹੀਦਾਂ ਦੀ ਯਾਦ 'ਚ ਕਰਾਇਆ ਜਾਵੇਗਾ ਧਾਰਮਿਕ ਸਮਾਗਮ : ਟੌਹੜਾ, ਲਾਲਕਾ



**ਨਾਭਾ (ਵਰਿੰਦਰ ਵਰਮਾ)**-ਜੈਤੋਂ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਸਮਾਗਮ ਸਬੰਧੀ ਅੱਜ ਗੁਰਦੁਆਰਾ ਅਕਾਲਗੜ੍ਹ ਸਾਹਿਬ ਨਾਭਾ ਵਿਖੇ ਮੀਟਿੰਗ ਕੀਤੀ ਗਈ।ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਤਵਿੰਦਰ ਸਿੰਘ ਟੌਹੜਾ ਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਨਾਭਾ ਮੱਖਣ ਸਿੰਘ ਲਾਲਕਾ ਨੇ ਦੱਸਿਆ ਕਿ ਇਹ ਧਾਰਮਿਕ ਸਮਾਗਮ ਗੁਰਦੁਆਰਾ ਅਕਾਲਗੜ੍ਹ ਸਾਹਿਬ ਸਾਹਿਬ ਨਾਭਾ ਵਿਖੇ 17 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 19 ਫਰਵਰੀ ਨੂੰ 10 ਵਜੇ ਭੋਗ ਪਾਏ ਜਾਣਗੇ।ਉਨ੍ਹਾਂ ਕਿਹਾ ਕਿ ਇਸ ਮੌਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ ਤੇ ਅੰਤ ਵਿੱਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।ਉਨ੍ਹਾਂ ਹਲਕੇ ਦੀਆਂ ਸੰਗਤਾਂ ਨੂੰ ਇਸ ਧਾਰਮਿਕ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਮੱਖਣ ਸਿੰਘ ਲਾਲਕਾ ਹਲਕਾ ਇੰਚਾਰਜ ਨਾਭਾ, ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਾਬਕਾ ਨਗਰ ਕੌਂਸਲ ਪ੍ਰਧਾਨ ਤੇ ਕੌਂਸਲਰ ਗੁਰਸੇਵਕ ਸਿੰਘ ਗੋਲੂ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗੁਰਦਿਆਲ ਇੰਦਰ ਸਿੰਘ ਬਿੱਲੂ, ਜੱਸਾ ਖੋਖ, ਜਗਜੀਤ ਸਿੰਘ ਖੋਖ, ਬਬਲੂ ਚੌਹਾਨ, ਪਰਮਜੀਤ ਸਿੰਘ ਬੂਹੀ, ਬਲਜੀਤ ਸਿੰਘ ਖੈਹਿਰਾ, ਰਣਜੀਤ ਸਿੰਘ ਸਰਪੰਚ ਦੋਦਾ, ਨਰਿੰਦਰ ਸਿੰਘ ਮੈਹਸ, ਪ੍ਰਗਟ ਸਿੰਘ ਹਰੀਗੜ੍ਹ, ਸਰਬਜੀਤ ਸਿੰਘ ਧੀਰੋਮਾਜਰਾ, ਟਹਿਲ ਸਿੰਘ ਛੀਟਾਂਵਾਲਾ, ਸੁੱਖਾ ਸਿੰਘ ਛੀਟਾਂਵਾਲਾ, ਸੁਖਵਿੰਦਰ ਸਿੰਘ ਛੀਟਾਂਵਾਲਾ, ਪ੍ਰਤਾਪ ਸਿੰਘ ਤੂੰਗਾਂ, ਮੇਜਰ ਸਿੰਘ ਸਰਪੰਚ ਤੂੰਗਾਂ, ਜਗਤਾਰ ਸਿੰਘ ਕੋਟ ਕਲਾਂ, ਗਿਆਨ ਸਿੰਘ ਲੌਪੇ, ਬੱਲਾ, ਬਹਾਦਰ ਸਿੰਘ ਲੱਧਾਹੇੜੀ ਆਦਿ ਹਾਜ਼ਰ ਸਨ।

## ਸਾਹਿਤ ਸਭਾ ਭੈਣੀ ਸਾਹਿਬ ਦੀ ਮੀਟਿੰਗ 'ਚ ਰਚਨਾਵਾਂ ਪੇਸ਼

**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਨਿਊ ਹਾਲ ਲਾਟੋ ਰੋਡ ਵਿਖੇ ਹਰਬੰਸ ਸਿੰਘ ਰਾਏ ਤੇ ਲੇਖਿਕਾ ਰਜਿੰਦਰ ਕੌਰ ਪੰਨੂੰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਅਰੰਭ ਵਿੱਚ ਪ੍ਰਸਿੱਧ ਸ਼ਾਇਰ ਮੁਨੱਵਰ ਰਾਣਾ, ਡਾ. ਸਰਬਜੀਤ ਸਿੰਘ ਦੇ ਪਿਤਾ ਕਾਮਰੇਡ ਪੂਰਨ ਸਿੰਘ, ਗਜ਼ਲਗੋ ਮੇਜਰ ਸਿੰਘ ਰਾਜਗੜ੍ਹ, ਸਭਾ ਦੇ ਮੈਂਬਰ ਬਲਵੰਤ ਸਿੰਘ ਵਿਰਕ ਦੇ ਭਰਾ, ਹਰਭਜਨ ਸਿੰਘ, ਵਣ ਰੇਂਜ ਅਫ਼ਸਰ ਜਸਵੀਰ ਸਿੰਘ ਰਾਏ ਭੈਣੀ ਸਾਹਿਬ ਦੇ ਭਣਵਈਏ ਕੇਵਲ ਸਿੰਘ ਬਾੜੇਵਾਲ ਦੇ ਸਦੀਵੀ ਵਿਛੋੜੇ 'ਤੇ ਅਫਸੋਸ ਪ੍ਰਗਟ ਕੀਤਾ ਗਿਆ।ਰਚਨਾਵਾਂ ਦੇ ਦੌਰ ਵਿੱਚ ਹਰਬੰਸ ਸਿੰਘ ਰਾਏ, ਗ਼ਜ਼ਲਗੋ ਜੋਰਾਵਰ ਸਿੰਘ ਪੰਛੀ, ਰਜਿੰਦਰ ਕੌਰ ਪੰਨੂੰ, ਜਗਵੀਰ ਸਿੰਘ ਵਿੱਕੀ, ਜਗਦੇਵ ਸਿੰਘ ਬਾਘਾ, ਨੇਤਰ ਸਿੰਘ ਮੁੱਤੋ, ਬਲਵੰਤ ਸਿੰਘ ਵਿਰਕ, ਦਲਬੀਰ ਸਿੰਘ ਕਲੇਰ, ਹਰਪ੍ਰੀਤ ਸਿੰਘ ਕਲੇਰ, ਲਖਬੀਰ ਸਿੰਘ ਲੱਭਾ, ਆਦਿ ਨੇ ਰਚਨਾਵਾਂ ਸਾਂਝੀਆਂ ਕੀਤੀਆਂ।ਪੜ੍ਹੀਆਂ ਸੁਣੀਆਂ ਰਚਨਾਵਾਂ 'ਤੇ ਉਸਾਰੂ ਵਿਚਾਰ ਚਰਚਾ ਹੋਈ। ਜਗਵੀਰ ਸਿੰਘ ਵਿੱਕੀ ਨੇ ਸਭਾ ਦੀ ਕਾਰਵਾਈ ਬਹੁਤ ਖੂਬਸੂਰਤ ਅੰਦਾਜ਼ 'ਚ ਨਿਭਾਈ।ਸ੍. ਹਰਬੰਸ ਸਿੰਘ ਰਾਏ, ਰਜਿੰਦਰ ਕੌਰ ਪੰਨੂੰ ਤੇ ਸਭਾ ਦੇ ਮੈਂਬਰਾਂ ਵੱਲੋਂ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਗਿਆ।


**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| | |
|---|---|
| ਨੀਲਾਮੀ ਸੂਚੀ ਨੰ. | EAFZR-CTG24-5 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 14/02/2024 ਨੂੰ 11:00 ਵਜੇ |
| ਕੰਮ ਦਾ ਨਾਮ : ਰੇਲਵੇ ਸਟੇਸ਼ਨ ਬਾਰਾਮੂਲਾ, ਬਡਗਾਮ, ਅਨੰਤਨਾਗ, ਕਾਜੀਗੁੰਡ, ਬਨਿਹਾਲ ਅਤੇ ਸ਼੍ਰੀਨਗਰ (ਖਾਨਪਾਨ ਸਟਾਲ ਅਤੇ ਰਿਫ੍ਰੇਸ਼ਮੈਂਟ ਰੂਮ) ਵਿਚ ਖਾਨਪਾਨ ਸਟਾਲ ਦਾ ਅਲਾਟਮੈਂਟ। | |
| ਨੀਲਾਮੀ ਸੂਚੀ ਨੰ. | EAFZR-PRKG24-2 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 14/02/2024 ਨੂੰ 12:30 ਵਜੇ |
| ਕੰਮ ਦਾ ਨਾਮ : ਰੇਲਵੇ ਸਟੇਸ਼ਨ ਭੋਗਪੁਰ ਸਿਰਵਾਲ ਦੇ ਨੇੜੇ ਠੇਕੇ ਤੇ ਗੈਰ-ਰੇਲਹੇਡ ਪਾਰਕਿੰਗ ਸਥਲ ਦਾ ਅਲਾਟਮੈਂਟ। | |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 334/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 1)**

ਦੂਜੀ ਮੰਜ਼ਲ, ਐੱਸ ਸੀ ਓ ਨੰ. 33-34-35, ਸੈਕਟਰ 17-ਏ, ਚੰਡੀਗੜ੍ਹ

ਕੇਸ ਨੰ. ਓ ਏ/192/2021

ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਅਧੀਨ ਸੰਮਨ , ਕਰਜ਼ਾ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂ 1993 ਦੇ ਨਿਯਮ 5 ਦੇ ਉਪ ਨਿਯਮ (2 ਏ) ਨਾਲ ਪੜ੍ਹਿਆ ਜਾਵੇ।

ਏਕਸ ਨੰ. : 20400

ਐਕਸਿਸ ਬੈਂਕ ਬਨਾਮ ਸੁਰਿੰਦਰ ਸਿੰਘ

ਵੱਲ

(1) ਸੁਰਿੰਦਰ ਸਿੰਘ ਡੀ/ਡਬਲਯੂ/ਐੱਸ/ਪੀ-ਪੁੱਤਰ ਨਿਰਭੈ ਸਿੰਘ ਵਾਸੀ ਮਕਾਨ ਨੰ. 7, ਪਿੰਡ ਦੌਲੇਵਾਲਾ, ਤਹਿਸੀਲ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ, ਪੰਜਾਬ-151108

(2) ਬਲਜੀਤ ਕੌਰ ਪਤਨੀ ਸ੍ਰੀ ਸੁਰਿੰਦਰ ਸਿੰਘ ਵਾਸੀ ਮਕਾਨ ਨੰ. 7, ਪਿੰਡ ਦੌਲੇਵਾਲਾ, ਤਹਿਸੀਲ ਰਾਮਪੁਰਾ ਫੂਲ, ਬਠਿੰਡਾ, ਪੰਜਾਬ-151108

ਸੰਮਨ

ਜਦੋਂ ਕਿ ਓ ਏ /192/2021 ਮਿਤੀ 21/12/2023 ਨੂੰ ਮਾਣਯੋਗ ਪ੍ਰਧਾਨਗੀ ਅਫਸਰ ਰਜਿਸਟਰਾਰ ਸਨਮੁੱਖ ਸੂਚੀਬੱਧ ਕੀਤਾ ਗਿਆ ਸੀ।

ਜਦੋਂ ਕਿ ਮਾਣਯੋਗ ਟ੍ਰਿਬਿਊਨਲ ਨੂੰ ਐਕਟ (ਓ ਏ) ਦੀ ਧਾਰਾ 19 (4) ਅਧੀਨ ਉਕਤ ਅਰਜ਼ੀ (ਓ ਏ) ਤੁਹਾਡੇ ਵੱਲੋਂ ਕਰਜ਼ਾ ਰੁਪਏ 39,04,230.20/- (ਅਰਜ਼ੀ ਸਮੇਤ ਦਸਤਾਵੇਜ਼ਾਂ ਦੀਆਂ ਕਾਪੀਆਂ ਆਦਿ ਦੇ ਨਾਲ ਨੱਥੀ) ਦੀ ਕਰਜ਼ਾ ਵਸੂਲੀ ਲਈ ਤੁਹਾਨੂੰ ਸੰਮਨ/ਨੋਟਿਸ ਜਾਰੀ ਕੀਤਾ ਜਾਂਦਾ ਹੈ।

ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਨੁਸਾਰ, ਤੁਹਾਨੂੰ ਬਚਾਅ ਪੱਖ ਨੂੰ ਹੇਠ ਲਿਖੇ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ।

(i) ਸੰਮਨ ਜਾਰੀ ਹੋਣ ਦੇ ਤੀਹ ਦਿਨਾਂ ਦੇ ਅੰਦਰ ਕਾਰਨ ਦਰਸਾਓ ਕਿ ਕਿਉਂ ਨਹੀਂ ਰਾਹਤ ਲਈ ਕੀਤੀ ਗਈ ਬੇਨਤੀ ਮਨਜ਼ੂਰ ਨਹੀਂ ਕੀਤੀ ਜਾਣੀ ਚਾਹੀਦੀ।

(ii) ਅਸਲ ਅਰਜ਼ੀ ਦੇ ਲੜੀ ਨੰਬਰ 3 ਏ ਤਹਿਤ ਬਿਨੈਕਾਰ ਦੁਆਰਾ ਦਰਸਾਈਆਂ ਗਈਆਂ ਸੰਪਤੀਆਂ ਤੋਂ ਇਲਾਵਾ ਹੋਰ ਸੰਪਤੀਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ :

(iii) ਤੁਹਾਨੂੰ ਅਸਲ ਅਰਜ਼ੀ ਦੇ ਲੜੀ ਨੰਬਰ 3 ਏ ਤਹਿਤ ਦਰਸਾਈਆਂ ਸੁਰੱਖਿਅਤ ਸੰਪਤੀਆਂ ਜਾਂ ਅਜਿਹੀਆਂ ਹੋਰ ਸੰਪਤੀਆਂ ਅਤੇ ਸੰਪਤੀਆਂ ਜਿਨ੍ਹਾਂ ਦੀ ਕੁਰਕੀ ਲਈ ਅਸਲ ਅਰਜ਼ੀ ਦੀ ਸੁਣਵਾਈ ਅਤੇ ਨਿਪਟਾਰੇ ਲਈ ਲੰਬਿਤ ਹੈ, ਨਾਲ ਲੈਣ-ਦੇਣ ਜਾਂ ਨਿਪਟਾਉਣ ਤੋਂ ਵਰਜਿਆ ਜਾਂਦਾ ਹੈ।

(iv) ਤੁਸੀਂ ਟ੍ਰਿਬਿਊਨਲ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਅਜਿਹੀ ਕਿਸੇ ਜਾਇਦਾਦ ਜਿਸ 'ਤੇ ਸੁਰੱਖਿਅਤ ਇੰਟਰੈਸਟ ਬਣਦਾ ਹੈ ਜਾਂ ਹੋਰ ਜਾਇਦਾਦ ਜੋ ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਦਰਸਾਈਆਂ ਗਈਆਂ ਹਨ, ਨੂੰ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦੇ।

(v) ਕਾਰੋਬਾਰ ਦੇ ਆਮ ਕੋਰਸ ਵਿੱਚ ਸੁਰੱਖਿਅਤ ਸੰਪਤੀਆਂ ਜਾਂ ਹੋਰ ਸੰਪਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਹੋਈ ਆਮਦਨ ਲਈ ਜਵਾਬਦੇਹ ਹੋਵੇਗੇ ਅਤੇ ਅਜਿਹੀ ਵਿਕਰੀ ਦੀ ਕਮਾਈ ਨੂੰ ਵਿੱਤੀ ਸੰਸਥਾ ਜਿਸ ਦੀ ਅਜਿਹੀ ਜਾਇਦਾਦ ਤੋਂ ਸੁਰੱਖਿਅਤ ਦਿਲਚਸਪੀ ਹੈ, ਦੇ ਬੈਂਕ ਦੇ ਦਰਸਾਏ ਖਾਤੇ ਵਿੱਚ ਜਮ੍ਹਾਂ ਕਰੋਗੇ।

ਤੁਹਾਨੂੰ ਬਿਨੈਕਾਰ ਨੂੰ ਦਿੱਤੀ ਗਈ ਇੱਕ ਕਾਪੀ ਦੇ ਨਾਲ ਲਿਖਤੀ ਬਿਆਨ ਦਰਜ ਕਰਨ ਅਤੇ ਮਿਤੀ 30/05/2024 ਨੂੰ ਸਵੇਰੇ 10.30 ਵਜੇ ਰਜਿਸਟਰਾਰ ਸਨਮੁੱਖ ਪੇਸ਼ ਹੋਣ ਲਈ ਕਿਹਾ ਜਾਂਦਾ ਹੈ। ਜਿਸ ਵਿੱਚ ਅਸਫਲ ਰਹਿਣ 'ਤੇ ਤੁਹਾਡੀ ਗੈਰ-ਹਾਜ਼ਰੀ ਵਿੱਚ ਅਰਜ਼ੀ ਦੀ ਸੁਣਵਾਈ ਅਤੇ ਫੈਸਲਾ ਕੀਤਾ ਜਾਵੇਗਾ।

ਮੇਰੇ ਹਸਤਾਖਰ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਹੇਠ ਅੱਜ ਮਿਤੀ 22/12/2023 ਨੂੰ ਜਾਰੀ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਧਿਕਾਰੀ ਦੇ ਦਸਤਖਤ


## ...ਸ.ਫਾ 1 ਦੇ ਬਾਕੀ

### ਸੰਸਦ ਸੰਨ੍ਹ ਮਾਮਲ...

ਜੁਡੀਸ਼ੀਅਲ ਰਿਮਾਂਡ ਇਕ ਮਾਰਚ ਤੱਕ ਵਧਾਉਂਦਿਆਂ ਉਨ੍ਹਾਂ ਦੀ ਅਰਜ਼ੀ 'ਤੇ ਦਿੱਲੀ ਪੁਲਸ ਤੋਂ ਜਵਾਬ ਮੰਗਦਿਆਂ 17 ਫਰਵਰੀ ਨੂੰ ਸੁਣਵਾਈ ਕਰਨ ਦਾ ਫੈਸਲਾ ਕੀਤਾ। ਹਾਲ ਹੀ ਵਿਚ ਕੋਰਟ ਨੇ ਨੀਲਮ ਆਜ਼ਾਦ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਉਸ ਨੇ ਦਿੱਲੀ ਪੁਲਸ ਨੂੰ ਨੀਲਮ ਨੂੰ ਐੱਫ ਆਈ ਆਰ ਦੀ ਕਾਪੀ ਮੁਹੱਈਆ ਕਰਾਉਣ ਦੀ ਹਦਾਇਤ ਕੀਤੀ ਸੀ। ਦਿੱਲੀ ਪੁਲਸ ਨੇ ਇਸ ਨੂੰ ਹਾਈ ਕੋਰਟ ਵਿਚ ਚੈਲੰਜ ਕੀਤਾ ਤੇ ਹਾਈ ਕੋਰਟ ਨੇ ਕਾਪੀ ਮੁਹੱਈਆ ਕਰਾਉਣ ਦੀ ਹਦਾਇਤ ਸਟੇਅ ਕਰ ਦਿੱਤੀ।

### ਦੇਸ਼ ਭਗਤ ਯਾਦਗਾਰ...

ਕਿ ਅਜਿਹੀਆਂ ਲੋਕਾਂ ਦੇ ਜਨਮ ਸਿੱਧ ਅਧਿਕਾਰਾਂ 'ਤੇ ਛਾਪੇ ਮਾਰਨ ਵਾਲੀਆਂ ਧਾਰਾਵਾਂ ਰੱਦ ਕਰਨ ਦੀ ਮੰਗ ਸਭਨਾਂ ਜਮਹੂਰੀ, ਇਨਸਾਫਪਸੰਦ ਤੇ ਅਗਾਂਹਵਧੂ ਲੋਕਾਂ ਦੀ ਸਾਂਝੀ ਮੰਗ ਹੈ। ਜਿਹੜੀ ਧਾਰਾ ਹੀ ਗੈਰ ਜਮਹੂਰੀ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਗਲ਼ ਘੁਟਦੀ ਹੈ, ਉਸ ਅਧੀਨ ਦਰਜ ਕੇਸ ਨੂੰ ਕਿਸੇ ਤਰ੍ਹਾਂ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਕਮੇਟੀ ਦਾ ਕਹਿਣਾ ਹੈ ਕਿ ਗ਼ਦਰੀ ਦੇਸ਼ ਭਗਤਾਂ ਸਮੇਤ ਆਜ਼ਾਦੀ ਲਈ ਜੱਦੋਜਹਿਦ ਦੇ ਮੈਦਾਨ ਵਿੱਚ ਉੱਤਰੀਆਂ ਲਹਿਰਾਂ ਦੀ ਇਤਿਹਾਸਕ ਵਿਰਾਸਤ ਸਾਥੋਂ ਇਹ ਜ਼ੋਰਦਾਰ ਮੰਗ ਕਰਦੀ ਹੈ ਕਿ ਮੁਢਲੇ ਜਮਹੂਰੀ ਹੱਕਾਂ ਦੀ ਰਾਖੀ ਲਈ ਮਿਲ਼ ਕੇ ਆਵਾਜ਼ ਉਠਾਈ ਜਾਵੇ। ਉਹਨਾਂ ਆਪਣੇ ਬਿਆਨ ਵਿੱਚ ਜ਼ੋਰ ਦੇ ਕੇ ਕਿਹਾ ਹੈ ਕਿ ਸਮੂਹ ਲੋਕ-ਪੱਖੀ ਸੰਸਥਾਵਾਂ ਨੂੰ ਤੁਰੰਤ ਸਿਰ ਜੋੜ ਕੇ ਸਾਂਝੀ ਲੋਕ ਆਵਾਜ਼ ਬੁਲੰਦ ਕਰਨ ਦੀ ਲੋੜ ਹੈ, ਤਾਂ ਜੋ ਅਜਿਹੇ ਕਦਮਾਂ ਨੂੰ ਪਿਛਲ ਮੋੜਾ ਦਿੱਤਾ ਜਾ ਸਕੇ।

### ਨਾਗਰਿਕ ਸੇਵਾਵਾਂ ਲਾਗੂ...

ਦਾ ਲਾਭ ਲੈ ਚੁੱਕੇ ਹਨ। ਉਨ੍ਹਾ ਕਿਹਾ ਕਿ ਹੁਣ ਤੱਕ 40.50 ਕਰੋੜ ਰੁਪਏ ਦੀਆਂ ਦਵਾਈਆਂ ਅਤੇ 5.77 ਕਰੋੜ ਰੁਪਏ ਦੇ ਲੈਬ ਟੈਸਟਾਂ ਦੀ ਸਹੂਲਤ ਦਾ ਲਾਭ ਮਰੀਜ਼ ਉਠਾ ਚੁੱਕੇ ਹਨ। ਉਹਨਾ ਕਿਹਾ ਕਿ 150 ਨਵੇਂ ਆਮ ਆਦਮੀ ਕਲੀਨਿਕ ਜਲਦੀ ਹੀ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਵੱਲੋਂ ਲਿਖੀਆਂ ਜਾਣ ਵਾਲੀਆਂ ਸਾਰੀਆਂ ਦਵਾਈਆਂ ਮਰੀਜ਼ਾਂ ਨੂੰ ਹਸਪਤਾਲ ਦੇ ਅੰਦਰ ਹੀ ਉਪਲੱਬਧ ਕਰਵਾਈਆਂ ਜਾਣਗੀਆਂ। ਉਹਨਾ ਕਿਹਾ ਕਿ ਸੂਬਾ ਸਰਕਾਰ ਨੇ ਹਰੇਕ ਪਿੰਡ ਵਿੱਚ ਟੇਲਾਂ ਉਤੇ ਨਹਿਰੀ ਪਾਣੀ ਮੁਹੱਈਆ ਕਰਨ ਲਈ ਕਈ ਕਦਮ ਚੁੱਕੇ ਹਨ। ਉਨ੍ਹਾ ਡਿਪਟੀ ਕਮਿਸ਼ਨਰਾਂ ਨੂੰ ਆਖਿਆ ਕਿ ਉਹ ਇਸ ਸਮੁੱਚੀ ਪ੍ਰਕਿਰਿਆ ਨੂੰ ਛੇਤੀ ਮੁਕੰਮਲ ਕਰਨ ਤਾਂ ਕਿ ਕਿਸਾਨਾਂ ਨੂੰ ਲਾਭ ਮਿਲੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਅੰਮ੍ਰਿਤਸਰ, ਬਠਿੰਡਾ, ਫਾਜ਼ਿਲਕਾ, ਫਤਿਹਗੜ੍ਹ ਸਾਹਿਬ, ਜਲੰਧਰ, ਕਪੂਰਥਲਾ, ਲੁਧਿਆਣਾ, ਐੱਸ ਏ ਐੱਸ ਨਗਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ 13 ਨਵੇਂ ਸਕੂਲ ਆਫ ਐਮੀਨੈਂਸ ਖੋਲ੍ਹੇਗੀ। ਉਨ੍ਹਾ ਸੰਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਸਕੂਲਾਂ ਦੇ ਸਮੇਂ ਸਿਰ ਸ਼ੁਰੂ ਹੋਣ ਨੂੰ ਯਕੀਨੀ ਬਣਾਉਣ ਲਈ ਕਿਹਾ, ਤਾਂ ਜੋ ਵਿਦਿਆਰਥੀਆਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਨਾਲ ਲਗਾਤਾਰ ਮੀਟਿੰਗਾਂ ਕਰਨ ਤੋਂ ਇਲਾਵਾ ਸਕੂਲਾਂ ਦਾ ਅਚਨਚੇਤ ਦੌਰਾ ਕਰਨ ਲਈ ਵੀ ਕਿਹਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਦਿੱਲੀ-ਅੰਮ੍ਰਿਤਸਰ-ਕਟੜਾ ਰਾਸ਼ਟਰੀ ਰਾਜਮਾਰਗ ਦੇ ਨਿਰਮਾਣ ਕਾਰਜ ਵਿੱਚ ਤੇਜ਼ੀ ਲਿਆਉਣ ਲਈ ਕਿਹਾ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਆਖਿਆ ਕਿ ਉਹ ਆਪਣੇ ਅਧਿਕਾਰ ਖ਼ੇਤਰ ਵਿੱਚ ਸੜਕਾਂ ਦੀ ਢੁਕਵੀਂ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ।

### ਹਿਮਾਚਲ 'ਚ ਸੀਜ਼ਨ..

ਡਲਹੌਜ਼ੀ 'ਚ ਵੀ ਬਰਫਬਾਰੀ ਹੋ ਰਹੀ ਸੀ। ਪੁਲਸ ਨੇ ਮੰਗਲਵਾਰ ਸ਼ਾਮ ਨੂੰ ਭਾਰੀ ਬਰਫਬਾਰੀ ਸ਼ੁਰੂ ਹੋਣ ਤੋਂ ਬਾਅਦ ਹਾਈਵੇ ਅਟਲ ਸੁਰੰਗ ਦੇ ਨੇੜੇ ਫਸੇ ਲਗਭਗ 300 ਸੈਲਾਨੀਆਂ ਨੂੰ ਬਚਾਇਆ। ਸੈਲਾਨੀ 50 ਵਾਹਨਾਂ ਅਤੇ ਐੱਚ ਆਰ ਟੀ ਸੀ ਬੱਸ 'ਚ ਸਫਰ ਕਰ ਰਹੇ ਸਨ। ਲਾਹੌਲ ਅਤੇ ਸਪਿਤੀ, ਚੰਬਾ, ਮੰਡੀ, ਕੁੱਲੂ, ਕਨੌਰ, ਸਿਰਮੌਰ ਅਤੇ ਸ਼ਿਮਲਾ ਜ਼ਿਲ੍ਹਿਆਂ ਦੇ ਉੱਚਾਈ ਵਾਲੇ ਖੇਤਰਾਂ 'ਚ ਦਰਮਿਆਨੀ ਬਰਫਬਾਰੀ ਹੋ ਰਹੀ ਸੀ। ਧਰਮਸ਼ਾਲਾ, ਸ਼ਿਮਲਾ, ਸੋਲਨ, ਨਾਹਨ ਅਤੇ ਮੰਡੀ ਸਮੇਤ ਰਾਜ ਦੇ ਹੇਠਲੇ ਖੇਤਰਾਂ 'ਚ ਹਲਕੀ ਤੋਂ ਦਰਮਿਆਨੀ ਬਾਰਸ ਹੋਈ, ਜਿਸ ਨਾਲ ਤਾਪਮਾਨ 'ਚ ਕਾਫੀ ਗਿਰਾਵਟ ਆਈ।

### ਬਾਦਲ ਪੰਜਾਬ ਦੇ...

'ਆਪ' ਪੰਜਾਬ ਨੇ ਆਪਣੇ ਅਧਿਕਾਰਤ ਐੱਕਸ ਅਕਾਊਂਟ 'ਤੇ ਲਿਖਿਆ, 'ਸੁਖਬੀਰ ਬਾਦਲ, ਤੁਸੀਂ ਪੰਜਾਬ ਦਾ ਵਿਕਾਸ ਨਹੀਂ, ਵਿਨਾਸ਼ ਕੀਤਾ ਹੈ, ਤੁਸੀਂ ਚਿੱਟੇ ਦਾ ਵਿਕਾਸ ਕੀਤਾ, ਤੁਸੀਂ ਆਪਣੇ ਹੋਟਲਾਂ ਦਾ ਵਿਕਾਸ ਕੀਤਾ, ਤੁਸੀਂ ਆਪਣੀਆਂ ਬੱਸਾਂ ਦਾ ਵਿਕਾਸ ਕੀਤਾ, ਤੁਸੀਂ ਪੰਜਾਬ ਦੇ ਲੋਕਾਂ ਦਾ ਨਹੀਂ, ਆਪਣੇ ਪਰਵਾਰ ਦਾ ਵਿਕਾਸ ਕੀਤਾ, ਤੁਸੀਂ ਪੰਜਾਬ 'ਚ ਗੈਂਗਸਟਰਾਂ ਦਾ ਵਿਕਾਸ ਕੀਤਾ।' 'ਆਪ' ਨੇ ਕਿਹਾ ਕਿ ਸਭ ਜਾਣਦੇ ਹਨ ਕਿ ਬਾਦਲਾਂ ਨੇ ਕੀ ਕੀਤਾ, ਇਸੇ ਲਈ ਲੋਕਾਂ ਨੇ 2022 'ਚ ਉਨ੍ਹਾਂ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ। ਬਾਦਲਾਂ ਨੇ ਆਪਣੇ ਸਿਆਸੀ ਫਾਇਦੇ ਲਈ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਨਾਲ ਵਾਰ-ਵਾਰ ਧੋਖਾ ਕੀਤਾ ਹੈ।

### ਔਰਤਾਂ ਦੀ ਸੁਰੱਖਿਆ...

ਹੱਕਾਂ, ਹਿੱਤਾਂ ਲਈ ਹਮੇਸ਼ਾ ਸੰਘਰਸ਼ ਕਰਨ ਵਾਲੀ ਜਥੇਬੰਦੀ ਪੰਜਾਬ ਇਸਤਰੀ ਸਭਾ ਦਾ ਸ਼ਾਨਦਾਰ ਇਤਿਹਾਸ ਹੈ, ਜੋ ਸਾਨੂੰ ਹਰ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਲਈ ਪ੍ਰੇਰਿਤ ਕਰਦਾ ਰਹਿੰਦਾ ਹੈ। ਹੁਣ ਜਦੋਂ ਮੋਦੀ ਸਰਕਾਰ ਦੌਰਾਨ ਔਰਤਾਂ ਉਤੇ ਜ਼ੁਲਮ ਲਗਾਤਾਰ ਵਧ ਰਹੇ ਹਨ ਅਤੇ ਉਹਨਾਂ ਦੀ ਇੱਜ਼ਤ-ਆਬਰੂ ਸੁਰੱਖਿਅਤ ਨਹੀਂ ਰਹੀ, ਸਾਡਾ ਫਰਜ਼ ਬਣਦਾ ਹੈ ਕਿ ਇਸ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰੀਏ। ਔਰਤਾਂ ਦੀ ਸੁਰੱਖਿਆ ਅਤੇ ਸਨਮਾਨ ਬਹਾਲ ਕਰਵਾਉਣ ਲਈ ਪੂਰੇ ਦੇਸ਼ ਵਿੱਚ 30 ਜਨਵਰੀ ਤੋਂ 15 ਫਰਵਰੀ ਤੱਕ 'ਔਰਤਾਂ ਦੇ ਸਨਮਾਨ ਵਿੱਚ, ਪੰਜਾਬ ਇਸਤਰੀ ਸਭਾ ਮੈਦਾਨ ਵਿੱਚ' ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੀ ਸ਼ੁਰੂਆਤ ਆਪਾਂ ਕੋਟਕਪੂਰਾ ਜ਼ਿਲਾ ਫਰੀਦਕੋਟ ਤੋਂ ਕਰ ਰਹੇ ਹਾਂ। ਪੰਜਾਬ ਇਸਤਰੀ ਸਭਾ ਇਸ ਮੁਹਿੰਮ ਰਾਹੀਂ ਆਮ ਲੁਕਾਈ ਦੀਆਂ ਹੋਰ ਅਹਿਮ ਮੰਗਾਂ, ਜਿਵੇਂ ਰੁਜ਼ਗਾਰ, ਸਿੱਖਿਆ, ਨਰੇਗਾ ਆਦਿ ਬਾਰੇ ਵੀ ਖੁੱਲ੍ਹ ਕੇ ਵਿਚਾਰ-ਚਰਚਾ ਕਰੇਗੀ। ਸਾਡੀ ਸਭ ਦੀ ਏਕਤਾ ਹੀ ਫਿਰਕਾਪ੍ਰਸਤ ਤਾਕਤਾਂ ਵੱਲੋਂ ਲੋਕਾਂ ਨੂੰ ਆਪਸ ਵਿੱਚ ਵੰਡਣ ਦੀ ਚਾਲ ਨੂੰ ਨਾਕਾਮ ਕਰਨ ਵਿੱਚ ਸਹਾਈ ਹੋਵੇਗੀ।

ਇਸ ਦੌਰਾਨ 16 ਫਰਵਰੀ ਨੂੰ ਕੀਤੇ ਜਾ ਰਹੇ ਪੇਂਡੂ ਭਾਰਤ ਬੰਦ ਨੂੰ ਸਫ਼ਲ ਬਣਾਉਣ ਲਈ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਗਿਆ।ਇਸ ਸਮੇਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਂਸਲ ਨੇ ਪੰਜਾਬ ਇਸਤਰੀ ਸਭਾ ਨੂੰ ਪੂਰਾ ਸਹਿਯੋਗ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਨੂੰ ਚਲਦਾ ਕਰਨ ਲਈ ਔਰਤਾਂ ਦਾ ਚੇਤਨ ਹੋ ਕੇ ਅੱਗੇ ਆਉਣਾ ਬਹੁਤ ਜ਼ਰੂਰੀ ਹੈ। ਪਾਰਟੀ ਹਮੇਸ਼ਾ ਔਰਤਾਂ ਦੇ ਸਨਮਾਨ ਲਈ ਹਰ ਸੰਭਵ ਕੋਸ਼ਿਸ਼ ਕਰਦੀ ਰਹੇਗੀ। ਹੋਰਨਾਂ ਤੋਂ ਇਲਾਵਾ ਗੋਰਾ ਪਿਪਲੀ, ਬਲਦੇਵ ਸਹਿਦੇਵ, ਰੇਸ਼ਮ ਤੇ ਸੋਮਨਾਥ ਆਦਿ ਹਾਜ਼ਰ ਸਨ।

### ਪੇਂਡੂ ਭਾਰਤ ਬੰਦ...

ਦਿੱਤਾ ਹੈ, ਹੁਣ ਜ਼ਿਲ੍ਹਿਆਂ ਵਿੱਚ 2 ਫਰਵਰੀ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਵੀ ਪੰਜਾਬ ਸਰਕਾਰ ਨੂੰ ਹੜਤਾਲ ਕਰਨ ਸੰਬੰਧੀ ਨੋਟਿਸ ਭੇਜੇ ਜਾਣਗੇ। ਸਨਅਤੀ ਖੇਤਰ ਦੀਆਂ ਜਥੇਬੰਦੀਆਂ ਨੇ ਹੜਤਾਲ ਸੰਬੰਧੀ 1 ਫਰਵਰੀ ਤੱਕ ਮੈਨੇਜਮੈਂਟਾਂ ਨੂੰ ਨੋਟਿਸ ਦੇਣ ਦੀ ਜਾਣਕਾਰੀ ਸਾਂਝੀ ਕੀਤੀ। ਬੈਂਕ ਅਤੇ ਰੇਲਵੇ ਨਾਲ ਸੰਬੰਧਤ ਜੱਥੇਬੰਦੀਆਂ ਨੇ ਇੱਕ ਅੱਧੇ ਦਿਨ ਵਿਚ ਇਸ ਸੰਬੰਧੀ ਫੈਸਲਾ ਲੈਣ ਦਾ ਭਰੋਸਾ ਦਿੱਤਾ ਹੈ।

ਪੰਜਾਬ ਦੀਆਂ ਦੋਵੇਂ ਵੱਡੀਆਂ ਆੜ੍ਹਤੀ ਐਸੋਸੀਏਸ਼ਨਾਂ ਨੇ ਉਸ ਦਿਨ ਸਾਰੀਆਂ ਮੰਡੀਆਂ ਬੰਦ ਕਰਨ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਖਰੀਦ ਕੇਂਦਰ, ਉਨ੍ਹਾਂ ਦੇ ਮੁਨੀਮ ਅਤੇ ਮਜ਼ਦੂਰ ਭਾਰਤ ਬੰਦ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣਗੇ। ਵਿਦਿਆਰਥੀ ਜਥੇਬੰਦੀਆਂ ਨੇ ਕੌਮੀ ਸਿੱਖਿਆ ਨੀਤੀ 2020 ਨੂੰ ਰੱਦ ਕਰਨ ਦੀ ਮੰਗ ਨੂੰ ਮੰਗਾਂ ਵਿਚ ਜੋੜਨ ਦੀ ਅਪੀਲ ਕੀਤੀ।

ਉਸਾਰੀ ਅਤੇ ਨਿਰਮਾਣ ਖੇਤਰ ਦੀਆਂ ਜਥੇਬੰਦੀਆਂ ਨੇ 16 ਨੂੰ ਸਾਰੇ ਕੰਮ ਠੱਪ ਰੱਖ ਕੇ ਕਿਸਾਨਾਂ ਦੇ ਇਕੱਠਾਂ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਪਿੰਡਾਂ ਵਿੱਚ ਬੰਦ ਦੇ ਪ੍ਰਚਾਰ ਨੂੰ ਲੈ ਕੇ ਜਾਣ ਦਾ ਭਰੋਸਾ ਦਿਵਾਇਆ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੀਆਂ ਟਰਾਂਸਪੋਰਟ ਖੇਤਰ ਨਾਲ ਜੁੜੀਆਂ ਹੋਈਆਂ ਸਾਰੀਆਂ ਜੱਥੇਬੰਦੀਆਂ ਅਤੇ ਸਮੁੱਚੇ ਵਪਾਰ ਮੰਡਲਾਂ ਤੱਕ ਪਹੁੰਚ ਕਰਕੇ ਬੰਦ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਵੇ।

ਇਸ ਨੂੰ ਜ਼ਿਲ੍ਹਾ ਪੱਧਰ 'ਤੇ ਲਾਗੂ ਕਰਨ ਲਈ 2 ਫਰਵਰੀ ਨੂੰ ਜ਼ਿਲ੍ਹਿਆਂ ਵਿੱਚ 12 ਵਜੇ ਤਾਲਮੇਲ ਮੀਟਿੰਗਾਂ ਕੀਤੀਆਂ ਜਾਣਗੀਆਂ। ਅੱਗੇ ਅਜਿਹੀਆਂ ਮੀਟਿੰਗਾਂ 5 ਫਰਵਰੀ ਨੂੰ ਤਹਿਸੀਲ ਪੱਧਰ 'ਤੇ ਵੀ ਕੀਤੀਆਂ ਜਾਣਗੀਆਂ।

ਮੀਟਿੰਗ ਨੇ ਸਾਂਝੇ ਰੂਪ ਵਿੱਚ ਫੈਸਲਾ ਕੀਤਾ ਕਿ 16 ਫਰਵਰੀ ਨੂੰ ਸਵੇਰ ਤੋਂ ਲੈ ਕੇ ਸ਼ਾਮ ਦੇ ਚਾਰ ਵਜੇ ਤੱਕ ਮੁਕੰਮਲ ਤੌਰ 'ਤੇ ਬੰਦ ਕੀਤਾ ਜਾਵੇਗਾ। ਇਸ ਬੰਦ ਦੌਰਾਨ ਬਰਾਤਾਂ, ਐਂਬੂਲੈਂਸ ਅਤੇ ਮਰਗ ਨਾਲ ਸੰਬੰਧਤ ਗੱਡੀਆਂ ਨੂੰ ਛੋਟ ਦੇਣ ਦਾ ਫੈਸਲਾ ਵੀ ਕੀਤਾ ਗਿਆ।

ਮੀਟਿੰਗ ਵਿੱਚ ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਦੋਵੇਂ ਆੜ੍ਹਤੀ ਐਸੋਸੀਏਸ਼ਨਾਂ, ਏਟਕ, ਸੀਟੂ, ਇਫਟੂ, ਏਕਟੂ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਨਰੇਗਾ ਮਜ਼ਦੂਰ ਯੂਨੀਅਨ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਜਾਇੰਟ ਫੋਰਮ ਬਿਜਲੀ ਬੋਰਡ, ਆਲ ਇੰਡੀਆ ਬੈਂਕ ਇੰਪਲਾਈਜ਼ ਐਸੋਸੀਏਸ਼ਨ, ਉਸਾਰੀ ਅਤੇ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ, ਪਨਬੱਸ ਕੰਟਰੈਕਟ ਯੂਨੀਅਨ, ਆਂਗਨਵਾੜੀ ਮੁਲਾਜ਼ਮ ਯੂਨੀਅਨ, ਗੌਰਮਿੰਟ ਮੋਟਰ ਵਰਕਰ ਯੂਨੀਅਨ, ਹੀਰੋ ਸਾਈਕਲ ਅਤੇ ਮੋਟਰ ਵਰਕਰ ਯੂਨੀਅਨ, ਪੈਪਸੀਕੋ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ, ਪੰਜਾਬ ਅਤੇ ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰ ਮੋਰਚਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਨਾਰਦਰਨ ਰੇਲਵੇ ਵਰਕਰ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਗੌਰਮਿੰਟ ਟੀਚਰਜ਼ ਯੂਨੀਅਨ, ਦੋਧੀ ਡੇਅਰੀ ਯੂਨੀਅਨ, ਮਜ਼ਦੂਰ ਮੁਕਤੀ ਮੋਰਚਾ, ਮੈਡੀਕਲ ਪ੍ਰੈਕਟੀਸਨਰਜ਼ ਐਸੋਸੀਏਸ਼ਨ, ਕੁੱਲ ਹਿੰਦ ਯੂਥ ਫੈਡਰੇਸ਼ਨ, ਇਸਤਰੀ ਜਾਗ੍ਰਿਤੀ ਮੰਚ, ਪੰਜਾਬ ਇਸਤਰੀ ਸਭਾ ਅਤੇ ਮਜ਼ਦੂਰ ਅਧਿਕਾਰ ਸੁਰਕਸ਼ਾ ਅਭਿਆਨ ਸਮੇਤ ਕਈ ਹੋਰ ਜਥੇਬੰਦੀਆਂ ਨੇ ਭਾਗ ਲਿਆ।


**Capital Small Finance Bank**

HO:- MIDAS Corporate Park, 3rd Floor, 37, G.T. Road, Jalandhar-144001, Punjab, India.

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਤਹਿਤ ਕਬਜ਼ਾ ਹਾਸਲ ਕਰ ਲਿਆ ਹੈ। ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਮਾਮਲੇ 'ਚ ਐੱਨ ਪੀ ਏ ਦੇ ਖਾਤਿਆਂ ਵਿਰੁੱਧ ਖੜੀ ਬਕਾਇਆ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ ਦੀ ਵਸੂਲੀ ਲਈ ਬੈਂਕ ਵੱਲੋਂ 20.02.2024 ਨੂੰ ਵਿਕਰੀ ਕੀਤੀ ਜਾਵੇਗੀ।

**ਖਾਤੇ ਦਾ ਨਾਂਅ** : 1. ਮੈਸਰਜ਼ ਵੀ ਐਸ ਬੀ ਇੰਪੋਰਟ ਐਕਸਪੋਰਟ ਹਾਊਸ ਰਾਹੀਂ ਇਸ ਦੇ ਮਾਲਕ ਗੁਰਸੱਜਣ ਸਿੰਘ ਬੇਦੀ ਪੁੱਤਰ ਸ੍ਰੀ ਇਕਬਾਲ ਸਿੰਘ ਬੇਦੀ ਰਜਿਸਟਰਡ ਦਫ਼ਤਰ ਦੁਕਾਨ ਨੰ: 05, ਪਹਿਲੀ ਮੰਜ਼ਿਲ, ਸਾਹਮਣੇ ਰੇਲਵੇ ਵਰਕਸ਼ਾਪ ਪੁਤਲੀਘਰ, ਅੰਮ੍ਰਿਤਸਰ। 2. ਮੈਸਰਜ਼ ਬੇਦੀ ਐਕਸਪੋਰਟ ਰਾਹੀਂ ਇਸ ਦੇ ਮਾਲਕ ਸ਼੍ਰੀਮਤੀ ਬਲਬੀਰ ਕੌਰ ਪਤਨੀ ਸ੍ਰੀ ਇਕਬਾਲ ਸਿੰਘ ਬੇਦੀ ਵਾਸੀ ਦੁਕਾਨ ਨੰ: 5, ਪਹਿਲੀ ਮੰਜ਼ਲ ਸਾਹਮਣੇ ਰੇਲਵੇ ਵਰਕਸ਼ਾਪ, ਜੀ. ਟੀ. ਰੋਡ ਪੁਤਲੀਘਰ, ਅੰਮ੍ਰਿਤਸਰ।

**ਬਕਾਇਆ ਰਾਸ਼ੀ** : 1. ਰੁਪਏ 12,23,26,111.41 2. ਰੁਪਏ 7,39,64,817.75 (ਅਤੇ 1.01.2024 ਤੋਂ ਭਵਿੱਖੀ ਵਿਆਜ)

**ਜਾਇਦਾਦ ਦਾ ਵੇਰਵਾ** : 1. ਸ਼੍ਰੀਮਤੀ ਬਲਬੀਰ ਕੌਰ ਪਤਨੀ ਇਕਬਾਲ ਸਿੰਘ ਦੇ ਨਾਂਅ ਅਚੱਲ ਜਾਇਦਾਦ ਰਕਬਾ 250 ਵਰਗ ਗਜ਼, ਮਕਾਨ ਨੰ: 179, ਇੰਪੀਰੀਅਲ ਸਿਟੀ ਨੇੜੇ ਗੁਰਦੁਆਰਾ ਸਾਹਿਬ ਮੀਰਾਂਕੋਟ ਚੌਕ ਅੰਮ੍ਰਿਤਸਰ ਵਿਖੇ ਸਥਿਤ, ਟਾਈਟਲ ਡੀਡ ਨੰ: 2019-20/93/1/729 ਮਿਤੀ 10.04. 2019. 2. ਸ਼੍ਰੀਮਤੀ ਬਲਬੀਰ ਕੌਰ ਪਤਨੀ ਇਕਬਾਲ ਸਿੰਘ ਦੇ ਨਾਂਅ ਅਚੱਲ ਜਾਇਦਾਦ ਰਕਬਾ 250 ਵਰਗ ਗਜ਼, ਮਕਾਨ ਨੰ: 180, ਇੰਪੀਰੀਅਲ ਸਿਟੀ ਨੇੜੇ ਗੁਰਦੁਆਰਾ ਸਾਹਿਬ ਮੀਰਾਂਕੋਟ ਚੌਕ ਅੰਮ੍ਰਿਤਸਰ ਵਿਖੇ ਸਥਿਤ, ਟਾਈਟਲ ਡੀਡ ਨੰ: 2019-20/93/1/730 ਮਿਤੀ 10.04. 2019. 3. ਗੁਰਸੱਜਣ ਸਿੰਘ ਬੇਦੀ ਪੁੱਤਰ ਇਕਬਾਲ ਸਿੰਘ ਦੇ ਨਾਂਅ ਅਚੱਲ ਜਾਇਦਾਦ ਰਕਬਾ 216.66 ਵਰਗ ਗਜ਼, 564 ਜੁਝਾਰ ਸਿੰਘ ਐਵੇਨਿਊ, ਅਜਨਾਲਾ ਰੋਡ, ਅੰਮ੍ਰਿਤਸਰ ਵਿਖੇ ਸਥਿਤ, ਟਾਈਟਲ ਡੀਡ ਨੰ: 2018-19/93/453 ਮਿਤੀ 12.07. 2018.

**ਰਾਖਵੀਂ ਕੀਮਤ** : 1. ਰੁ: 30 ਲੱਖ (ਰੁਪਏ ਤੀਹ ਲੱਖ ਕੇਵਲ) 2. ਰੁ: 30 ਲੱਖ (ਰੁਪਏ ਤੀਹ ਲੱਖ ਕੇਵਲ) 3. ਰੁ: 23 ਲੱਖ (ਰੁਪਏ ਤੇਈ ਲੱਖ ਕੇਵਲ)

**ਈ ਐਮ ਡੀ (ਬਿਆਨਾ ਰਕਮ)** ਕੁਲ ਈ ਐਮ ਡੀ (ਬਿਆਨਾ ਰਕਮ) 25% ਰਾਖਵੀਂ ਕੀਮਤ ਡਿਮਾਂਡ ਡਰਾਫਟ ਰਾਹੀਂ ਸਫਲ ਬੋਲਕਾਰ ਨੂੰ **20.02.2024** ਨੂੰ ਕੈਪੀਟਲ ਸਮਾਲ ਬੈਂਕ ਲਿਮ: ਦੇ ਹੱਕ 'ਚ ਜਲੰਧਰ ਵਿਖੇ ਅਦਾਇਗੀਯੋਗ। ਟੈਂਡਰ ਫਾਰਮ ਅਤੇ ਈ ਐਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ, ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਿਲ, 37, ਜੀ. ਟੀ. ਰੋਡ ਜਲੰਧਰ ਨੂੰ ਭੇਜੇ ਜਾਣ।

**ਬੈਂਕ ਦੀ ਜਾਣਕਾਰੀ 'ਚ ਜੋਖਮ** : ਕੋਈ ਨਹੀਂ। ਜਾਇਦਾਦ 'ਜਿਵੇਂ ਹੈ ਜਿੱਥੇ ਹੈ' 'ਤੇ ਵੇਚੀ ਜਾ ਰਹੀ ਹੈ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ 25% ਰਾਹੀਂ ਡਿਮਾਂਡ ਡਰਾਫਟ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ: ਦੇ ਹੱਕ 'ਚ, ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ ਅਤੇ ਸਮਾਂ :**20.02.2024** ਨੂੰ ਸਵੇਰ ਦੇ 11.00 ਵਜੇ ਤੱਕ। ਟੈਂਡਰ ਉਕਤ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਰਤਾਵਾਂ/ ਉਹਨਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਮੁੱਖ ਦਫਤਰ ਮਿਡਾਸ, ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37, ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਤੇ ਵਿਚਾਰੇ ਜਾਣਗੇ। ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਸਮੇਤ ਟੈਂਡਰ ਫਾਰਮ ਅਤੇ ਜਾਇਦਾਦ ਦੇ ਨਿਰੀਖਣ ਲਈ ਕ੍ਰਿਪਾ ਕਰਕੇ ਬਰਾਂਚ ਦਫਤਰ : 32, ਮਾਲ ਰੋਡ ਅੰਮ੍ਰਿਤਸਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਿਟਾਇਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਨਿਯਮਾਂ/ਸ਼ਰਤਾਂ ਦੇ ਅਨੁਸਾਰ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਕਿਸੇ ਸਮੇਂ ਵੀ ਬੋਲੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ, ਸ਼ਰਤਾਂ ਅਤੇ ਨਿਯਮ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਸਥਾਨ : ਜਲੰਧਰ — ਮਿਤੀ : 31.01.2024 — ਅਧਿਕਾਰਤ ਅਫਸਰ



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਪਠਾਨਕੋਟ ਤੋਂ ਅੰਮ੍ਰਿਤਸਰ ਵਾਇਆ ਗੁਰਦਾਸਪੁਰ ਬਟਾਲਾ ਰੇਲਵੇ ਲਾਈਨ ਦੋਹਰੀ ਕਰਨ ਦੀ ਮੰਗ ਨੇ ਫੜਿਆ ਜ਼ੋਰ




**ਗੁਰਦਾਸਪੁਰ,(ਜਨਕ ਮਹਾਜਨ)**- ਪਠਾਨਕੋਟ ਤੋਂ ਅੰਮ੍ਰਿਤਸਰ ਵਾਇਆ ਗੁਰਦਾਸਪੁਰ, ਬਟਾਲਾ ਰੇਲਵੇ ਲਾਈਨ ਸਿੰਗਲ ਹੋਣ ਕਾਰਨ ਇੱਥੋਂ ਦੀ ਚੱਲਣ ਵਾਲੀਆਂ ਰੇਲਗੱਡੀਆਂ ਦੀ ਗਿਣਤੀ ਘੱਟ ਹੋਣ ਦੇ ਨਾਲ-ਨਾਲ ਗੱਡੀਆਂ ਆਪਸ ਵਿਚ ਕਰਾਸ ਸਮੇਂ ਕਾਫ਼ੀ ਸਮਾਂ ਸਟੇਸ਼ਨਾਂ 'ਤੇ ਖੜੀਆਂ ਰਹਿੰਦੀਆਂ ਹਨ ਜਿਸ ਕਾਰਨ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਲੋਕਾਂ ਨੇ ਦੱਸਿਆ ਕਿ ਲਗਭਗ 50 ਸਾਲ ਪਹਿਲਾਂ ਗੁਰਦਾਸਪੁਰ ਤੋਂ ਮੁੰਬਈ-ਦਿੱਲੀ ਅਤੇ ਚੰਡੀਗੜ੍ਹ ਆਦਿ ਸ਼ਹਿਰਾਂ ਨੂੰ ਸਿੱਧੀਆਂ ਗੱਡੀਆਂ ਚਲੀਆਂ ਸਨ। ਇਨ੍ਹਾਂ ਤੋਂ ਇਲਾਵਾ ਪਠਾਨਕੋਟ, ਅੰਮ੍ਰਿਤਸਰ ਰੂਟ 'ਤੇ ਵੀ ਕਾਫ਼ੀ ਰੇਲ ਗੱਡੀਆਂ ਚਲਦੀਆਂ ਸਨ ਜਦਕਿ ਉਸ ਵੇਲੇ ਸ਼ਹਿਰ ਦੀ ਆਬਾਦੀ ਵੀ ਘੱਟ ਸੀ। ਹੁਣ ਜਦਕਿ ਸ਼ਹਿਰ ਦੀ ਆਬਾਦੀ ਕਾਫ਼ੀ ਵਧ ਗਈ ਹੈ ਅਤੇ ਮੁੰਬਈ, ਦਿੱਲੀ, ਚੰਡੀਗੜ੍ਹ ਆਦਿ ਨੂੰ ਜਾਣ ਵਾਲੀਆਂ ਗੱਡੀਆਂ ਵੀ ਬੰਦ ਹੋ ਚੁੱਕੀਆਂ ਹਨ ਅਤੇ ਇਹ ਗੱਡੀਆਂ ਹੁਣ ਬਜਾਏ ਗੁਰਦਾਸਪੁਰ ਤੋਂ ਕੇਵਲ ਅੰਮ੍ਰਿਤਸਰ ਰੇਲਵੇ ਸਟੈਸ਼ਨ ਤੋਂ ਹੀ ਚੱਲਦੀਆਂ ਹਨ ਜਿਸ ਕਾਰਨ ਇਸ ਇਲਾਕੇ ਦੇ ਲੋਕ ਲੰਬੇ ਸਫ਼ਰ ਦੀਆਂ ਗੱਡੀਆਂ ਤੋਂ ਵਾਂਝੇ ਰਹਿ ਗਏ ਹਨ। ਉਨ੍ਹਾਂ ਕਿਹਾ ਦਿੱਲੀ ਵਗੈਰਾ ਹੋਰਨਾਂ ਵੱਡੇ ਸ਼ਹਿਰਾਂ ਨੂੰ ਜਾਣ ਲਈ ਰੇਲ ਗੱਡੀ ਜੰਮੂ ਤੋਂ ਵਾਇਆ ਪਠਾਨਕੋਟ-ਜਲੰਧਰ ਰਾਹੀਂ ਹੋ ਕੇ ਜਾਂਦੀਆਂ ਹਨ। ਉਨ੍ਹਾਂ ਕਿਹਾ ਲਗਭਗ ਕਾਫ਼ੀ ਸਾਲ ਪਹਿਲਾਂ ਪਠਾਨਕੋਟ ਤੋਂ ਗੁਰਦਾਸਪੁਰ ਅੰਮ੍ਰਿਤਸਰ ਹੁੰਦੀ ਮੁੰਬਈ ਵੀ. ਟੀ. ਸਵਾਰੀ ਗੱਡੀ ਸਵੇਰੇ 6.30 ਵਜੇ ਦੇ ਕਰੀਬ ਗੁਰਦਾਸਪੁਰ ਸਟੇਸ਼ਨ ਤੋਂ ਸਿੱਧੀ ਮੁੰਬਈ ਜਾਂਦੀ ਸੀ। ਦੁਪਹਿਰ 2.30 ਵਜੇ ਦੇ ਕਰੀਬ ਪਠਾਨਕੋਟ ਤੋਂ ਦਿੱਲੀ ਵਾਇਆ ਗੁਰਦਾਸਪੁਰ ਜਨਤਾ ਐਕਸਪ੍ਰੈਸ ਗੱਡੀ ਸਟੇਸ਼ਟ ਤੋਂ ਜਾਂਦੀ ਸੀ ਅਤੇ ਇਹ ਟਾਇਮ ਦਿੱਲੀ ਤੋਂ 2.30 ਵਜੇ ਹੀ ਗੁਰਦਾਸਪੁਰ ਸਟੇਸ਼ਨ ਤੇ ਜਨਤਾ ਐੱਕਸਪ੍ਰੈੱਸ ਗੱਡੀ ਦਾ ਕਰਾਸ ਹੁੰਦਾ ਸੀ। ਕੁਝ ਸਮਾਂ ਬਾਅਦ ਸ਼ਾਮ 7 ਵਜੇ ਦੇ ਕਰੀਬ ਪਠਾਨਕੋਟ ਤੋਂ ਵਾਇਆ ਗੁਰਦਾਸਪੁਰ ਅੰਮ੍ਰਿਤਸਰ ਚੰਡੀਗੜ੍ਹ ਨੂੰ ਰੇਲ ਗੱਡੀ ਜਾਣੀ ਸ਼ੁਰੂ ਹੋ ਗਈ ਸੀ। ਇਸ ਤਰ੍ਹਾਂ ਥੋੜੀ ਆਬਾਦੀ ਹੋਣ 'ਤੇ ਵੀ ਰੇਲਗੱਡੀਆਂ ਦੀ ਕਾਫ਼ੀ ਸਹੂਲਤ ਸੀ। ਮੌਜੂਦਾ ਸਮੇਂ ਵਿਚ ਗੁਰਦਾਸਪੁਰ ਸ਼ਹਿਰ ਅਤੇ ਆਲੇ ਦੁਆਲੇ ਤੇ ਮਿਲਟਰੀ ਸਟੇਸ਼ਨ ਬਣਨ ਦੇ ਬਾਵਜੂਦ ਕੋਈ ਵੀ ਗੱਡੀ ਮੁੰਬਈ ਚੰਡੀਗੜ੍ਹ ਆਦਿ ਵੱਡੇ ਸ਼ਹਿਰਾਂ ਨੂੰ ਸਿੱਧੀ ਨਹੀਂ ਜਾ ਰਹੀ ਜਿਸ ਨਾਲ ਸੈਨਿਕਾਂ ਤੋਂ ਇਲਾਵਾ ਹੋਰਨਾਂ ਲੋਕਾਂ ਨੂੰ ਵੀ ਕਾਫ਼ੀ ਪ੍ਰੇਸ਼ਾਨ ਹੋ ਰਹੀ ਹੈ। ਖ਼ਾਸ ਕਰ ਵਿਓਪਾਰੀ ਤਬਕੇ ਨੂੰ ਤਾਂ ਬਹੁਤ ਦਿੱਕਤਾਂ ਪੇਸ਼ ਆ ਰਹੀਆਂ ਹਨ। ਲੋਕਾਂ ਨੇ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸੰਨੀ ਦਿਓਲ ਪਾਸੋਂ ਮੰਗ ਕੀਤੀ ਕਿ ਪਠਾਨਕੋਟ ਰੇਲਵੇ ਅੰਮ੍ਰਿਤਸਰ ਰੇਲਵੇ ਲਾਇਨ ਦਾ ਦੋਹਰੀਕਰਨ ਕਰਵਾਇਆ ਜਾਵੇ ਤਾਂ ਜੋ ਰੇਲਗੱਡੀਆਂ ਦੇ ਆਉਣ ਜਾਣ ਦੀ ਗਿਣਤੀ ਵਧ ਸਕੇ। ਜੰਮੂ ਤੋਂ ਚਲਣ ਵਾਲੀਆਂ ਕੁਝ ਰੇਲਗੱਡੀਆਂ ਦਾ ਰੂਟ ਬਦਲ ਕੇ ਵਾਇਆ ਗੁਰਦਾਸਪੁਰ ਅੰਮ੍ਰਿਤਸਰ ਕਰ ਦਿੱਤਾ ਜਾਵੇ ਤਾਂ ਜੋ ਇਸ ਇਲਾਕੇ ਦੇ ਲੋਕਾਂ ਨੂੰ ਵੀ ਦੂਰ ਦੁਰਾਡੇ ਸ਼ਹਿਰ ਵਿਚ ਜਾਣ ਦੀ ਸਹੂਲਤ ਮਿਲ ਸਕੇ।

# ਚੀਫ਼ ਖ਼ਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ ਵੱਲੋਂ ਕਾਨਵੋਕੇਸ਼ਨ ਆਯੋਜਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਬੰਧ ਅਧੀਨ ਸੰਨ 2012 ਤੋਂ ਚਲ ਰਹੇ ਨਰਸਿੰਗ ਕਾਲਜ ਵੱਲੋਂ ਕਾਨਵੋਕੇਸ਼ਨ ਆਯੋਜਿਤ ਕੀਤੀ ਗਈ ਜਿਸ ਦੀ ਪ੍ਰਧਾਨਗੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਨੇ ਕੀਤੀ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਰਜ਼ਿਸਟਰਾਰ ਅਤੇ ਡੀਨ ਡਾ: ਦੀਪਕ ਭੱਟੀ ਨੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਲਈ ਉਚੇਚੇ ਤੌਰ ਤੇ ਵਿਸ਼ੇਸ਼ ਮਹਿਮਾਨ ਵਜੋਂ ਕਾਨਵੋਕੇਸ਼ਨ ਵਿੱਚ ਸ਼ਿਰਕਤ ਕੀਤੀ। ਕਾਨਵੋਕੇਸ਼ਨ ਦੌਰਾਨ ਤਕਰੀਬਨ 100 ਤੋਂ ਉਪਰ ਨਰਸਿੰਗ ਵਿਦਿਆਰਥੀਆਂ ਨੂੰ ਡਿਗਰੀਆਂ ਤਕਸੀਮ ਕੀਤੀਆਂ ਗਈਆਂ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਬੱਚਿਆਂ ਵੱਲੋਂ ਸ਼ਬਦ ਗਾਇਨ ਕਰਨ ਉਪਰੰਤ ਕੀਤੀ ਗਈ। ਆਏ ਮਹਿਮਾਨਾਂ, ਪ੍ਰਿੰਸੀਪਲ ਦਰਸ਼ਨ ਕੌਰ ਸੋਹੀ, ਨਰਸਿੰਗ ਕਾਲਜ ਦੇ ਚੇਅਰਮੈਨ ਡਾ: ਸੁਖਵਿੰਦਰ ਸਿੰਘ ਵਾਲੀਆ ਅਤੇ ਮੈਂਬਰ ਇੰਚਾਰਜ ਡਾ: ਅਮਰਜੀਤ ਸਿੰਘ ਨਾਗਪਾਲ ਅਤੇ ਡਾ: ਅਮਰਜੀਤ ਸਿੰਘ ਸਚਦੇਵਾ ਅਤੇ ਪ੍ਰੋ: ਯਸ਼ਪ੍ਰੀਤ ਕੌਰ ਵੱਲੋਂ ਸ਼ਮ੍ਹਾ ਰੌਸ਼ਨ ਕੀਤੀ ਗਈ। ਉਪਰੰਤ ਕਾਨਵੋਕੇਸ਼ਨ ਦੇ ਵਿਸ਼ੇਸ਼ ਮਹਿਮਾਨ ਅਤੇ ਪ੍ਰਧਾਨ ਸਾਹਿਬ ਜੀ ਨੂੰ ਕਾਲਜ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਡਾ: ਇੰਦਰਬੀਰ ਸਿੰਘ ਨਿੱਜਰ ਜੀ ਨੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਚੀਫ਼ ਖ਼ਾਲਸਾ ਦੀਵਾਨ ਦੇ ਇਤਿਹਾਸ ਸਬੰਧੀ ਸੰਖੇਪ ਜਾਣਕਾਰੀ ਦਿੰਦਿਆਂ ਸਿੱਖ ਰਹੁ-ਰੀਤਾਂ ਉੱਤੇ ਪਹਿਰਾ ਦਿੰਦਿਆਂ ਹੋਇਆਂ ਪੁਰਾਤਨ ਸੰਸਥਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਵਿਦਿਅਕ, ਸਮਾਜਕ ਅਤੇ ਧਾਰਮਿਕ ਖੇਤਰ ਵਿੱਚ ਨਿਭਾਈਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਦਸਿਆ। ਡਾ: ਦੀਪਕ ਭੱਟੀ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਵੱਲੋਂ ਪੰਜਾਬ ਵਿੱਚ ਚੱਲ ਰਹੇ ਹੋਰਨਾਂ ਵੱਖ-ਵੱਖ ਸਿਹਤ-ਸਬੰਧੀ ਕਿੱਤਿਆਂ ਬਾਰੇ ਗੱਲ ਕਰਦਿਆਂ ਨਰਸਿੰਗ ਕਿੱਤੇ ਦੀ ਭਰਪੂਰ ਸ਼ਲਾਘਾ ਕੀਤੀ। ਚੀਫ਼ ਖ਼ਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਡਾ: ਸੰਤੋਖ ਸਿੰਘ ਨੇ ਕਾਨਵੋਕੇਸ਼ਨ ਦੌਰਾਨ੍ਹ ਸੰਬੋਧਨ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ ਦੇ ਮੋਢੀ ਹੋਣ ਦੇ ਨਾਤੇ ਨਰਸਿੰਗ ਕਾਲਜ ਦੀਆਂ ਉਪਲਬਧੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਪ੍ਰੋਗਰਾਮ ਦੇ ਅਖੀਰ ਮੌਕੇ ਡਾ: ਵਾਲੀਆ ਵੱਲੋਂ ਧੰਨਵਾਦ ਕੀਤਾ ਗਿਆ। ਡਾ: ਜਸ਼ਨਦੀਪ ਕੌਰ ਅਤੇ ਮੈਡਮ ਸੁਰਿੰਦਰ ਕੌਰ ਵੱਲੋਂ ਪ੍ਰੋਗਰਾਮ ਦਾ ਸੰਚਾਲਨ ਬਹੁਤ ਹੀ ਸੋਹਣੇ ਅਤੇ ਸੁਚੱਜੇ ਢੰਗ ਨਾਲ ਕੀਤਾ ਗਿਆ। ਨਰਸਿੰਗ ਕਾਲਜ ਦੇ ਵਾਈਸ-ਪ੍ਰਿੰਸੀਪਲ ਡਾ: ਹਰਲੀਨ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਦਿਆਰਥੀਆਂ ਨੇ ਅਨੁਸ਼ਾਸ਼ਨ ਵਿੱਚ ਰਹਿੰਦਿਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਵਿਦਿਆਰਥੀਆਂ ਦੀ ਹੌਂਸਲਾ ਅਫ਼ਜ਼ਾਈ ਲਈ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਵਾਈਸ-ਪ੍ਰੈਜ਼ੀਡੈਂਟ ਜਗਜੀਤਸਿੰਘ, ਰੈਜ਼ੀਡੈਂਟ ਪ੍ਰੈਜ਼ੀਡੈਂਟ ਸੰਤੋਖ ਸਿੰਘ ਸੇਠੀ, ਆਨਰੇਰੀ ਜਾਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਡਾਇਰੈਕਟਰ ਡਾ: ਏ.ਪੀ. ਐਸ. ਚਾਵਲਾ, ਪ੍ਰਿੰਸੀਪਲ ਮਨਦੀਪ ਸਿੰਘ ਅਤੇ ਹੋਰ ਬਹੁਤ ਸਾਰੀਆਂ ਉੱਘੀਆਂ ਸਖਸ਼ੀਅਤਾਂ ਨੇ ਹਿੱਸਾ ਲਿਆ।

## ਸੁਚੇਤਗੜ੍ਹ 'ਚ ਬੱਚਿਆਂ ਨੂੰ ਟਰੈਕ ਸੂਟ ਵੰਡੇ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪਿੰਡ ਸੁਚੇਤਗੜ੍ਹ ਦੇ ਸਾਥੀਆਂ ਨੇ ਆਪਸੀ ਸਹਿਯੋਗ ਨਾਲ ਪਿੰਡ ਦੇ 15 ਦੇ ਕਰੀਬ ਨੌਜਵਾਨਾਂ ਖਿਡਾਰੀਆਂ ਨੂੰ ਟਰੈਕ ਸੂਟ ਵੰਡੇ।ਓਥੇ ਹੀ ਪਿੰਡ ਦੇ ਖੇਡ ਕੋਚ ਨਰੇਸ਼ ਕੁਮਾਰ ਟੋਨੀ ਨੇ ਦੱਸਿਆ ਕਿ ਪਿੰਡ ਦੇ ਕੇਵਲ ਸਿੰਘ ਸੂਬੇਦਾਰ, ਪ੍ਰਧਾਨ ਹਰਭਜਨ ਸਿੰਘ, ਕਮਲਜੀਤ ਸਿੰਘ ਫੌਜੀ, ਦਿਲਪ੍ਰੀਤ ਸੰਧੂ ਆਦਿ ਸਾਥੀਆਂ ਦੇ ਸਹਿਯੋਗ ਨਾਲ ਇਹ ਟਰੈਕ ਸੂਟ ਵੰਡੇ ਹਨ।ਉਨ੍ਹਾਂ ਕਿਹਾ ਕਿ ਨੌਜਵਾਨ ਹੀ ਦੇਸ਼ ਦਾ ਭਵਿੱਖ ਹਨ ਅਤੇ ਇਸ ਸਮੇਂ ਦੀ ਲੋੜ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਕੇ ਖੇਡਾਂ ਨਾਲ ਜੋੜਿਆ ਜਾਵੇ।ਉਨ੍ਹਾਂ ਨੌਜਵਾਨਾਂ ਨੂੰ ਸੰਦੇਸ਼ ਦਿੰਦੇ ਕਿਹਾ ਕਿ ਉਨ੍ਹਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਨਸ਼ਿਆਂ ਵਰਗੀ ਬੁਰਾਈ ਤੋਂ ਦੂਰ ਰਹਿ ਕੇ ਖੇਡਾਂ ਰਾਹੀਂ ਆਪਣਾ ਅਤੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨ।

## ਵੋਟਰਾਂ ਨੂੰ ਜਾਗਰੂਕ ਕਰਨ ਲਈ ਮੋਬਾਇਲ ਵੈਨ ਰਵਾਨਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਰਿਟਰਨਿੰਗ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਗਾਮੀ ਲੋਕ ਸਭਾ ਚੋਣਾਂ-2024 ਨੂੰ ਮੁੱਖ ਰੱਖਦੇ ਹੋਏ ਵੋਟਰਾਂ ਨੂੰ ਵੋਟ ਬਣਾਉਣ ਤੇ ਵੋਟ ਦੀ ਵਰਤੋਂ ਸਬੰਧੀ ਜਾਗਰੂਕ ਕਰਨ ਲਈ ਨੋਡਲ ਅਫਸਰ ਸਵੀਪ ਹਲਕਾ ਕਾਦੀਆਂ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਰਣੀਆ ਤੋਂ ਇੱਕ ਸਵੀਪ ਮੋਬਾਇਲ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਨੋਡਲ ਅਫ਼ਸਰ ਸਵੀਪ ਕਮ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਦੱਸਿਆ ਕਿ ਇਹ ਵੈਨ ਮੁੱਖ ਚੋਣ ਅਫ਼ਸਰ ਪੰਜਾਬ, ਚੰਡੀਗੜ੍ਹ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਵਿਧਾਨ ਸਭਾ ਹਲਕਾ ਕਾਦੀਆਂ ਦੇ ਵੋਟਰਾਂ 'ਚ ਜਾਗਰੂਕਤਾ ਪੈਦਾ ਕਰਨ ਲਈ ਚਲਾਈ ਗਈ ਹੈ।ਉਨ੍ਹਾਂ ਕਿਹਾ ਕਿ ਇਹ ਵੈਨ ਚੋਣ ਹਲਕੇ 'ਚ ਵੱਖ-ਵੱਖ ਥਾਵਾਂ 'ਤੇ ਜਾ ਕੇ ਵੋਟਰਾਂ ਨੂੰ ਵੋਟਾਂ ਪ੍ਰਤੀ ਜਾਗਰੂਕ ਕਰੇਗੀ।ਡਾ. ਕੌਸ਼ਲ ਨੇ ਦੱਸਿਆ ਕਿ ਇਸ ਵੈਨ 'ਚ ਵੱਡੀ ਸਕਰੀਨ ਲਗਾਈ ਗਈ ਹੈ ਤੇ ਇਸ ਵੈਨ ਦਾ ਮੁੱਖ ਉਦੇਸ਼ ਲੋਕਾਂ ਨੂੰ ਵੋਟਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ, ਨਵੀਂ ਵੋਟ ਬਣਾਉਣ ਜਾਂ ਸ਼ਿਕਾਇਤ ਕਰਨ ਸਬੰਧੀ ਐਪਾਂ ਦੀ ਜਾਣਕਾਰੀ ਦੇਣਾ ਹੈ ਜਿਸ ਰਾਹੀਂ ਲੋਕਾਂ ਨੂੰ ਵੋਟਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਯੋਗ ਵੋਟਰ ਵੋਟ ਬਣਾਉਣ ਤੋਂ ਵਾਂਝਾ ਨਾ ਰਹੇ।ਇਸ ਮੌਕੇ ਲੈਕ. ਬਲਜੀਤ ਸਿੰਘ, ਗੁਰਟੇਕ ਸਿੰਘ, ਅਮਨਦੀਪ ਸਿੰਘ ਦੋਸਤਪੁਰ ਆਦਿ ਮੌਜੂਦ ਸਨ।

## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਗਣਤੰਤਰ ਦਿਵਸ ਮਨਾਇਆ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸੇਂਟ ਸੋਲਜ਼ਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਦੇਸ਼ ਦਾ 75ਵਾਂ ਗਣਤੰਤਰ ਦਿਵਸ ਬਹੁਤ ਹੀ ਚਾਅ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਐਮ.ਡੀ. ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਦੇਸ਼ ਦਾ ਰਾਸ਼ਟਰੀ ਝੰਡਾ ਲਹਿਰਾਇਆ ਅਤੇ ਸਲਾਮੀ ਦਿਤੀ ਅਤੇ ਨਾਲ ਹੀ ਸਾਰਿਆਂ ਨੇ ਬੈਂਡ ਦੀ ਮਨਮੋਹਕ ਧੁਨਾਂ ਦੇ ਨਾਲ ਰਾਸ਼ਟਰੀ ਗੀਤ ਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਉਪਰੰਤ ਸਕੂਲ ਦੇ ਬੱਚਿਆਂ ਵੱਲੋਂ ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ ਗੀਤ ਗਾ ਕੇ ਸਭ ਨੂੰ ਦੇਸ਼ ਭਗਤੀ ਦਾ ਰੰਗ ਵਿੱਚ ਰੰਗ ਦਿੱਤਾ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਸਾਡੇ ਦੇਸ਼ ਦੇ ਮਹਾਨ ਸ਼ਹੀਦਾਂ ਨੇ ਦੇਸ਼ ਨੂੰ ਅੰਗਰੇਜ਼ਾਂ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਕਰਵਾਇਆ।ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਚਲਾਉਣ ਲਈ ਕਾਨੂੰਨ ਬਣਾਏ ਗਏ।ਸਾਡੇ ਦੇਸ਼ ਦਾ ਸੰਵਿਧਾਨ ਮਸੌਦਾ ਕਮੇਟੀ ਅਤੇ ਡਾਕਟਰ ਬੀ.ਆਰ. ਅੰਬੇਡਕਰ ਵੱਲੋਂ ਲਿਖਿਆ ਗਿਆ ਜੋ ਕਿ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ ਜਿਸ ਨੂੰ ਅਸੀਂ ਹਰ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਾਂ ਜੋ ਕਿ ਇੱਕ ਆਤਮ ਨਿਰਭਰ ਭਾਰਤ ਦੀ ਪਹਿਚਾਣ ਹੈ। ਇਸ ਮੌਕੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ, ਕੋਆਰਡੀਨੇਟਰ ਰਾਜਵਿੰਦਰ ਕੌਰ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# 13 ਫਰਵਰੀ ਦੇ ਦਿੱਲੀ ਕੂਚ ਲਈ ਕਿਸਾਨ ਮਹਾ ਪੰਚਾਇਤ ਲਾਮਬੰਦ



**ਕਲਾਨੌਰ (ਮਨਦੀਪ ਕੋਹਲੀ)**-ਸੂਬਾ ਸਰਕਾਰ ਨਾਲ ਸੰਬੰਧਿਤ, ਕੁਝ ਸਥਾਨਿਕ ਮਸਲੇ ਅਤੇ ਕੇਂਦਰ ਸਰਕਾਰ ਵੱਲੋਂ ਪਿਛਲੇ ਸੰਘਰਸ ਦੌਰਾਨ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਅਤੇ ਉੱਤਰੀ ਭਾਰਤ ਦੀਆਂ 18 ਜਥੇਬੰਦੀਆਂ ਦੇ ਸਾਂਝੇ ਫੋਰਮ ਵੱਲੋਂ 13 ਫਰਵਰੀ ਨੂੰ ਮੁੜ ਦਿੱਲੀ ਨੂੰ ਕੂਚ ਕੀਤਾ ਜਾ ਰਿਹਾ ਹੈ ਜਿਸ ਦੀ ਲਾਮਬੰਦੀ ਲਈ ਅੱਜ ਦਾਣਾਂ ਮੰਡੀ ਕਲਾਨੌਰ ਵਿੱਚ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਦੀ ਅਗਵਾਈ ਹੇਠ ਕਿਸਾਨ ਪੰਚਾਇਤ ਕਰਵਾਈ ਗਈ।ਜਿਸ ਵਿੱਚ ਮਾਝੇ ਦੇ ਔਰਤਾਂ, ਕਿਸਾਨ, ਮਜ਼ਦੂਰ ਅਤੇ ਸਮੂਹ ਕਿਰਤੀ ਹਜ਼ਾਰਾਂ ਦੀ ਤਾਦਾਦ ਵਿੱਚ ਸ਼ਾਮਿਲ ਹੋਏ। ਇਸ ਕਿਸਾਨ ਪੰਚਾਇਤ ਨੂੰ ਜਸਬੀਰ ਸਿੰਘ ਸਿੱਧੂਪੁਰ, ਬਲਦੇਵ ਸਿੰਘ ਸਿਰਸਾ, ਇੰਦਰਜੀਤ ਸਿੰਘ ਕੋਟ ਬੁੱਢਾ, ਗੁਰਿੰਦਰ ਸਿੰਘ ਭੰਗੂ, ਬਲਬੀਰ ਸਿੰਘ ਰੰਧਾਵਾ, ਸੁਖਜੀਤ ਸਿੰਘ ਹਰਦੋਝੰਡ, ਬਚਿੱਤਰ ਸਿੰਘ ਕੋਟਲਾ, ਸਰਬਜੀਤ ਸਿੰਘ ਚਾਹਲ, ਕਵਲਜੀਤ ਸਿੰਘ ਖੁਸ਼ਹਾਲਪੁਰ, ਕਾਨੂੰਗੋ ਪਰਸ਼ੋਤਮ ਲਾਲ, ਰਜਿੰਦਰ ਸਿੰਘ ਭੰਗੂ, ਦੀਦਾਰ ਸਿੰਘ ਕਲਾਨੌਰ, ਗੁਰਮੀਤ ਸਿੰਘ ਅਗਵਾਨ, ਸਰਵਨ ਸਿੰਘ ਰੜੇਵਾਲੀ, ਜੋਗਿੰਦਰ ਸਿੰਘ ਖੰਨਾ ਚਮਾਰਾ, ਕਰਨੈਲ ਸਿੰਘ ਪੰਜਲੀ, ਚਰਨਜੀਤ ਸਿੰਘ ਲੱਖੋਵਾਲ, ਗੁਰਪ੍ਰੀਤ ਸਿੰਘ ਖਾਸਾ ਵਾਲਾ, ਪਰਮਪਾਲ ਸਿੰਘ ਮੇਟਲਾ, ਹਰਕੰਵਲ ਸਿੰਘ ਰੰਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਲ 2020 ਅਤੇ 2021 ਵਿੱਚ ਕੇਂਦਰ ਤੋਂ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੇ ਬਾਰਡਰਾਂ ਤੇ ਚੱਲੇ ਸੰਘਰਸ਼ ਦੌਰਾਨ ਜਦੋਂ ਸਰਕਾਰ ਨੇ ਤਿੰਨ ਕਾਲੇ ਕਾਨੂੰਨ ਰੱਦ ਕੀਤੇ ਉਸ ਸਮੇਂ ਕੁਝ ਹੋਰ ਮੰਗਾਂ ਵੀ ਮੰਨੀਆਂ ਸਨ, ਜਿਨ੍ਹਾਂ ਤੋਂ ਕੇਂਦਰ ਦੀ ਸਰਕਾਰ ਮੁੱਕਰ ਗਈ ਹੈ।

ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਜਿਸ ਦਾ ਇਸ ਪੰਚਾਇਤ ਨੂੰ ਵਿਸ਼ੇਸ਼ ਸਹਿਯੋਗ ਰਿਹਾ, ਦੇ ਪ੍ਰਧਾਨ ਬਲਬੀਰ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਸੰਬੰਧਿਤ ਅਤੇ ਸਥਾਨਕ ਮਸਲੇ ਜਿਨ੍ਹਾਂ ਵਿੱਚ ਚਿੱਪ ਵਾਲੇ ਮੀਟਰ ਲਗਾਉਣੇ ਬੰਦ ਕੀਤੇ ਜਾਣ, ਕਾਰਪੋਰੇਟ ਘਰਾਣਿਆਂ ਦੇ ਸਾਈਲੋਜ ਨੂੰ ਦਿੱਤੀ ਗਈ ਮੰਡੀਆਂ ਵਜੋਂ ਮਾਨਤਾ ਰੱਦ ਕੀਤੀ ਜਾਵੇ, ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ, ਤਹਿਸੀਲ ਧਰ ਕਲਾਂ ਦੀ 27,550 ਏਕੜ ਜ਼ਮੀਨ ਦਾ ਜੰਗਲਾਤ ਮਹਿਕਮੇ ਦੇ ਨਾਂ ਗੈਰ-ਕਾਨੂੰਨੀ ਇੰਤਕਾਲ ਰੱਦ ਕੀਤਾ ਜਾਵੇ, ਨਿਕਾਸੀ, ਪ੍ਰਦੇਸ ਸਰਕਾਰ ਅਤੇ 2007 ਦੀ ਪੋਲਸੀ ਵਾਲੀਆਂ ਜ਼ਮੀਨਾਂ ਦੇ ਆਬਾਦਕਾਰਾਂ ਨੂੰ ਮਾਲਕਾਂ ਨਾਲ ਹੱਕ, ਲੰਪੀ ਸਕਿਨ ਬਿਮਾਰੀ ਨਾਲ ਮਾਰੇ ਗਏ ਪਸ਼ੂ ਧਨ, ਝੋਨੇ ਦੀ ਫਸਲ, ਗੜੇਮਾਰੀ ਨਾਲ ਖਰਾਬ ਹੋਈਆਂ ਫਸਲਾਂ ਅਤੇ ਹੜਾਂ ਦੌਰਾਨ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ, ਕਲਾਨੌਰ ਡਿਸਟਰੀਬਿਊਟਰੀ ਨੂੰ ਸੰਪੂਰਨ ਨਹਿਰ ਦੀ ਸਕਲ ਦਿੱਤੀ ਜਾਵੇ, ਮਾਈਕਰੋ ਫਾਇਨਾਂਸ ਕੰਪਨੀਆਂ ਵੱਲੋਂ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਰੋਕੀ ਜਾਵੇ ਅਤੇ ਇਸ ਕਰਜੇ ਨੂੰ ਸਰਕਾਰ ਆਪਣੇ ਖਾਤੇ ਵਿੱਚ ਪਾ ਕੇ ਲੋਕਾਂ ਕਰਜ਼ਾ ਮੁਕਤ ਕੀਤਾ ਜਾਵੇ,ਆਦਿ ਮਸਲੇ ਵੀ ਗੰਭੀਰਤਾ ਨਾਲ ਉਠਾਏ ਗਏ।ਅਖੀਰ ਵਿੱਚ ਪੰਜਾਬ ਸਰਕਾਰ ਨਾਲ ਸੰਬੰਧਿਤ 8 ਮੰਗਾਂ ਦੀ ਪੂਰਤੀ ਲਈ ਸਰਕਾਰ ਉੱਤੇ ਦਬਾਅ ਬਣਾਉਣ ਲਈ ਲੋਕਾਂ ਦੀ ਸਹਿਮਤੀ ਨਾਲ ਇਕ ਮਤਾ ਵੀ ਪਾਸ ਕੀਤਾ ਗਿਆ।

# ਸਾਥੀ ਜੀਤ ਸਿੰਘ ਜੱਗਪਾਲਾ ਦਾ ਸਾਊਥਾਲ 'ਚ ਦੇਹਾਂਤ



**ਸਾਊਥਾਲ, (ਨਵਾਂ ਜ਼ਮਾਨਾ ਸਰਵਿਸ)**-ਯੂ ਕੇ ਦੇ ਸ਼ਹਿਰ ਸਾਊਥਾਲ ਦੇ ਵਸਨੀਕ ਸਾਥੀ ਜੀਤ ਸਿੰਘ ਜੱਗਪਾਲਾ ਦਾ ਕੁਝ ਦੇਰ ਬਿਮਾਰ ਰਹਿਣ ਬਾਅਦ ਦੇਹਾਂਤ ਹੋ ਗਿਆ। ਉਹ 76 ਸਾਲਾਂ ਦੇ ਸਨ। ਉਹ ਪਿਛਿਓਂ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਫਗਵਾੜਾ ਦੇ ਪਿੰਡ ਜਗਪਾਲਪੁਰ ਤੋਂ ਸਨ। ਉਹ ਸਾਰੀ ਉਮਰ ਤਰੱਕੀਪਸੰਦ ਅਤੇ ਸੈਕੂਲਰ ਸੋਚ ਦੇ ਧਾਰਨੀ ਰਹੇ। ਉਹ ਪਿਛਲੇ ਬਹੁਤ ਸਾਲਾਂ ਤੋਂ ਸਾਊਥਾਲ ਵਿੱਚ ਰਹਿੰਦੇ ਆ ਰਹੇ ਸਨ। ਉਹ ਬੜੇ ਮਿਹਨਤੀ ਅਤੇ ਨੇਕ ਇਨਸਾਨ ਸਨ। ਜੀਤ ਸਿੰਘ ਆਪਣੇ ਪਿੱਛੇ ਧਰਮ ਪਤਨੀ, ਇੱਕ ਬੇਟਾ ਅਤੇ ਇੱਕ ਬੇਟੀ ਛੱਡ ਗਏ ਹਨ। ਉਨ੍ਹਾ ਦੇ ਇੱਕ ਪੁੱਤਰ ਦਾ ਕੁਝ ਸਾਲ ਪਹਿਲਾਂ ਸਾਊਥਾਲ ਵਿੱਚ ਹੀ ਦੇਹਾਂਤ ਹੋ ਗਿਆ ਸੀ। ਗੁਰਪਾਲ ਸਿੰਘ ਦੀ ਸੁਪਤਨੀ ਪਰਦੀਪ ਕੌਰ ਜੱਗਪਾਲਾ ਵੀ ਸਾਊਥਾਲ ਹੀ ਆਪਣੇ ਦੋ ਬੱਚਿਆਂ ਨਾਲ ਰਹਿੰਦੀ ਹੈ।

ਜੀਤ ਸਿੰਘ ਜੱਗਪਾਲਾ ਫਰੈਂਡਜ਼ ਆਫ਼ ਸੀ ਪੀ ਆਈ ਅਤੇ ਲੇਬਰ ਪਾਰਟੀ ਵਿੱਚ ਬਹੁਤ ਸਰਗਰਮ ਰਹੇ। ਉਹ ਜਾਤੀਵਾਦ ਅਤੇ ਅੰਧ-ਵਿਸ਼ਵਾਸਾਂ ਖਿਲਾਫ਼ ਖੁੱਲ੍ਹ ਕੇ ਬੋਲਦੇ ਸਨ। ਉਨ੍ਹਾ ਦੇ ਜਾਣ ਨਾਲ ਅਗਾਂਹਵਧੂ ਹਲਕਿਆਂ ਨੂੰ ਵੱਡਾ ਘਾਟਾ ਪਿਆ ਹੈ।

ਉਨ੍ਹਾ ਦੇ ਵਿਛੋੜੇ 'ਤੇ ਹਲਕੇ ਦੇ ਐੱਮ ਪੀ ਵਰਿੰਦਰ ਸ਼ਰਮਾ, ਕੌਂਸਲਰ ਰਣਜੀਤ ਧੀਰ, ਕੌਂਸਲਰ ਹਰਭਜਨ ਧੀਰ, ਕੌਂਸਲਰ ਕੇ ਸੀ ਮੋਹਨ, ਜਸਵੀਰ ਦੂਹੜਾ, ਸ੍ਰੀ ਅਤੇ ਸ੍ਰੀਮਤੀ ਸੰਧਾਵਾਲੀਆ, ਬਲਵਿੰਦਰ ਸਿੰਘ, ਸੁਖਦੇਵ ਔਜਲਾ, ਪਰਦੀਪ ਕੂੰਨਰ ਤੇ ਕਹਾਣੀਕਾਰ ਗੁਰਪਾਲ ਸਿੰਘ ਨੇ ਦੁੱਖ ਪ੍ਰਗਟ ਕਰਦਿਆ ਜੱਗਪਾਲਾ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

# ਸਕੂਲ 'ਚ ਲੇਬਰ ਉੱਪਰ ਚਲਾਏ ਇੱਟਾਂ-ਰੋੜੇ, ਰੱਜ ਕੇ ਕੀਤੀ ਭੰਨ-ਤੋੜ

## * ਬੱਚਿਆਂ, ਸਕੂਲ ਸਟਾਫ ਅਤੇ ਲੇਬਰ 'ਚ ਦਹਿਸ਼ਤ ਦਾ ਮਾਹੌਲ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਹਲਕਾ ਡੇਰਾ ਬਾਬਾ ਨਾਨਕ ਦੇ ਸਰਹੱਦੀ ਪਿੰਡ ਗੁਰਚੱਕ ਦੇ ਸਰਕਾਰੀ ਸਕੂਲ ਵਿੱਚ ਰਹਿ ਰਹੀ ਮਿਸਤਰੀਆਂ ਦੀ ਲੇਬਰ ਉੱਪਰ ਕੁਝ ਅਣਪਛਾਤੇ ਨੌਜਵਾਨਾਂ ਵੱਲੋਂ ਇੱਟਾਂ ਰੋੜੇ ਮਾਰੇ ਜਾਣ ਅਤੇ ਤੇਜ਼ਧਾਰ ਹਥਿਆਰਾਂ ਨਾਲ ਸਕੂਲ ਦੀ ਭੰਨ ਤੋੜ ਕੀਤੇ ਜਾਣ ਦਾ ਮਾਮਲਾ ਪ੍ਰਾਪਤ ਹੋਇਆ ਹੈ ਤੇ ਉਥੇ ਹੀ ਪੁਲਸ ਨੂੰ ਲਿਖਤੀ ਦਰਖਾਸਤ ਦੇਣ ਦੇ ਬਾਵਜੂਦ ਪੁਲਸ ਵੱਲੋਂ ਮੌਕਾ ਨਹੀਂ ਦੇਖਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਿਸਤਰੀ ਲਾਡੀ ਮਸੀਹ ਨੇ ਦੱਸਿਆ ਕਿ ਉਹ ਬੀਤੇ ਕੁਝ ਦਿਨਾਂ ਤੋਂ ਸਕੂਲ ਵਿੱਚ ਬਣ ਰਹੇ ਟਾਇਲਟ ਬਾਥਰੂਮ ਵਿੱਚ ਟਾਈਲਾਂ ਅਤੇ ਪਲੱਸਤਰ ਦਾ ਕੰਮ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਅਸੀਂ ਬਟਾਲੇ ਏਰੀਏ ਦੇ ਰਹਿਣ ਵਾਲੇ ਹਾਂ ਤੇ ਰੋਜ਼ ਅਪ ਡਾਊਨ ਕਰਨ ਦੀ ਬਜਾਏ ਸਕੂਲ ਵਿੱਚ ਹੀ ਰਹਿੰਦੇ ਹਾਂ। ਬੀਤੀ ਰਾਤ 7 ਵਜੇ ਦੇ ਕਰੀਬ ਪੰਜ ਤੋਂ ਸੱਤ ਵਿਅਕਤੀ ਜਿਨ੍ਹਾਂ ਨੇ ਹੱਥ ਵਿੱਚ ਤੇਜ਼ਧਾਰ ਹਥਿਆਰ ਫੜੇ ਹੋਏ ਸਨ ਤਾਂ ਉਨ੍ਹਾਂ ਨੇ ਲੁੱਟ ਦੀ ਨੀਅਤ ਨਾਲ ਸਾਡੇ ਉੱਪਰ ਇੱਟਾਂ ਰੋੜਿਆਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਅਸੀਂ ਬੜੀ ਮੁਸ਼ਕਿਲ ਨਾਲ ਸਕੂਲ ਦੇ ਅੰਦਰ ਕੁੰਡੀਆਂ ਲਾ ਕੇ ਆਪਣੀ ਜਾਨ ਬਚਾਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਕੂਲ ਦੀ ਹੈੱਡ ਟੀਚਰ ਅਤੇ ਠੇਕੇਦਾਰ ਨੂੰ ਸੂਚਨਾ ਦਿੱਤੀ ਗਈ।ਜਿਨ੍ਹਾਂ ਵੱਲੋਂ ਪੁਲਸ ਚੌਕੀ ਧਰਮਕੋਟ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਧਰ ਇਸ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੀ ਮੁੱਖ ਅਧਿਆਪਕ ਸ਼ਾਈਨਾ ਮਹਾਜਨ ਅਤੇ ਡਾਲਾ ਸਕੂਲ ਦੀ ਇੰਚਾਰਜ ਕਿੰਨੀ ਸ਼ਰਮਾ ਨੇ ਦੱਸਿਆ ਕਿ ਸਕੂਲ ਨੂੰ ਬਾਥਰੂਮ ਰਿਪੇਅਰ ਦੀ ਗਰਾਂਟ ਆਈ ਹੋਈ ਹੈ ਤੇ ਸਕੂਲ ਵਿੱਚ ਟਾਈਲਾਂ ਤੇ ਪਲੱਸਤਰ ਦਾ ਕੰਮ ਚੱਲ ਰਿਹਾ ਸੀ ਤੇ ਲੇਬਰ ਬੀਤੀ ਰਾਤ ਕੰਮ ਮੁਕਾ ਕੇ ਖਾਣਾ ਖਾਣ ਲੱਗੀ ਸੀ ਤਾਂ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਇਨ੍ਹਾਂ ਦੇ ਉੱਪਰ ਹਮਲਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਸਕੂਲ ਵਿੱਚ ਇੱਕ ਗੁਰਚੱਕ ਪਿੰਡ ਦੀ ਬਿਲਡਿੰਗ ਹੈ ਤਾਂ ਦੂਸਰੀ ਡਾਲਾ ਪਿੰਡ ਦੇ ਸਕੂਲ ਦੀ ਬਿਲਡਿੰਗ ਹੈ। ਉਨ੍ਹਾਂ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਅਣਪਛਾਤੇ ਵਿਅਕਤੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤੇ ਸਾਡੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਜਦੋਂ ਸਾਡੇ ਵੱਲੋਂ ਪੁਲਸ ਚੌਕੀ ਧਰਮਕੋਟ ਵਿਖੇ ਪਹੁੰਚ ਕੇ ਚੌਕੀ ਇੰਚਾਰਜ ਜਗਤਾਰ ਸਿੰਘ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਹ ਬਟਾਲਾ ਕੋਰਟ ਵਿੱਚ ਗਏ ਹੋਏ ਸਨ ਤਾਂ ਉਨ੍ਹਾਂ ਨੂੰ ਫੋਨ 'ਤੇ ਇਸ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਸਾਡੇ ਧਿਆਨ ਵਿੱਚ ਆ ਗਿਆ ਹੈ। ਮੌਕਾ ਦੇਖਣ ਉਪਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਚੋਰ ਗਿਰੋਹ ਦਾ ਸਰਗਣਾ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ, 2 ਫਰਾਰ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਸਬਾ ਹਰੀਕੇ ਪੁਲਸ ਵੱਲੋਂ ਇਲਾਕੇ 'ਚ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦੇ ਸਰਗਣੇ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਜਦੋਂਕਿ ਮੌਕੇ ਤੋ 2 ਵਿਅਕਤੀ ਭੱਜਣ ਵਿੱਚ ਕਾਮਯਾਬ ਹੋ ਗਏ। ਇਨਾਂ ਪਾਸੋ ਬ੍ਰਾਮਦ ਮੋਟਰਸਾਈਕਲ ਦੀ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਇਹ ਮੋਟਰਸਾਇਕਲ ਪੱਟੀ ਤੋ ਚੋਰੀ ਕੀਤਾ। ਪੁਲਸ ਨੇ ਕਾਨੂੰਨੀ ਕਾਰਵਾਈ ਕਰਦਿਆਂ 3 ਵਿਅਕਤੀਆਂ ਨੂੰ ਨਾਮਜ਼ਦ ਕਰ ਦਿੱਤਾ। ਜਾਣਕਾਰੀ ਦਿੰਦਿਆਂ ਥਾਣਾ ਹਰੀਕੇ ਦੇ ਮੁਖ ਅਫਸਰ ਇੰਸ ਪਰਮਦੀਪ ਕੌਰ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਸਤਨਾਮ ਸਿੰਘ ਨੇ ਪੁਲਸ ਪਾਰਟੀ ਸਮੇਤ ਪ੍ਰਿੰਗੜੀ ਰੋਡ ਟੀ ਪੁਆਇੰਟ ਤੇ ਨਾਕਾਬੰਦੀ ਕੀਤੀ ਹੋਈ ਸੀ ਜਿਥੇ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਰੋਕਿਆ ਗਿਆ ਜੋ ਮੌਕੇ 'ਤੇ ਮੋਟਰਸਾਇਕਲ ਦੇ ਕਾਗਜ਼ਾਤ ਪੇਸ਼ ਨਹੀਂ ਕਰ ਸਕਿਆ ਜਿਸ ਦੀ ਪਹਿਚਾਣ ਗੁਰਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਰੱਤਾ ਗੁੱਦਾ ਵਜੋਂ ਹੋਈ। ਸਖਤੀ ਨਾਲ ਪੁੱਛਗਿੱਛ ਕਰਨ ਤੇ ਇਸ ਨੇ ਮੰਨਿਆ ਕਿ ਮੋਟਰਸਾਈਕਲ ਪੱਟੀ ਤੋਂ ਚੋਰੀ ਕੀਤਾ ਹੈ। ਮੁਲਜ਼ਮ ਨੂੰ ਪੁਲਸ ਨੇ ਹਿਰਾਸਤ ਵਿੱਚ ਲੈ ਕੇ ਪਰਚਾ ਦਰਜ ਕਰ ਦਿੱਤਾ ਜਿਸ ਨੇ ਪੁਲਸ ਨੂੰ ਦੱਸਿਆ ਕਿ ਰੱਤਾ ਗੁੱਦਾ ਦੇ ਹੀ ਕੁਲਦੀਪ ਸਿੰਘ ਪੁੱਤਰ ਕੰਵਲਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਪੁੱਤਰ ਚਾਨਣ ਸਿੰਘ ਨਾਲ ਮਿਲ ਕੇ ਚੋਰ ਗਿਰੋਹ ਬਣਾਇਆ ਹੋਇਆ ਹੈ ਅਤੇ ਇਨ੍ਹਾਂ ਨੇ ਪੱਟੀ, ਸਰਹਾਲੀ ਤਰਨਤਾਰਨ ਤੇ ਹਰੀਕੇ ਦੇ ਪੈਲਸਾਂ ਤੋ ਮੋਟਰਸਾਈਕਲ ਚੋਰੀ ਕਰਕੇ ਵੇਚੇ ਹਨ। ਥਾਣਾ ਮੁਖੀ ਨੇ ਦੱਸਿਆ ਕਿ ਗ੍ਰਿਫਤਾਰ ਵਿਅਕਤੀ ਨੂੰ ਕਲ੍ਹ ਮਾਣਯੋਗ ਅਦਾਲਤ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫਰਾਰ ਵਿਅਕਤੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ।

## ਸਹਿਕਾਰੀ ਖੇਤੀਬਾੜੀ ਸਭਾਵਾਂ ਨੂੰ 80 ਫੀਸਦੀ ਸਬਸਿਡੀ 'ਤੇ ਖੇਤੀ ਸੰਦ ਮੁਹੱਈਆ ਕਰਵਾਏ : ਡੀ ਸੀ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸਰਕਾਰ ਵਲੋਂ ਫਸਲਾਂ ਦੀ ਰਹਿੰਦ ਖੂੰਹਦ ਦੇ ਪ੍ਰਬੰਧਨ ਲਈ ਸਹਿਕਾਰੀ ਖੇਤੀਬਾੜੀ ਸਭਾਵਾਂ ਨੂੰ 80 ਫੀਸਦੀ ਸਬਸਿਡੀ 'ਤੇ ਖੇਤੀਸੰਦ ਮੁਹੱਈਆ ਕਰਵਾਏ ਗਏ ਹਨ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਨੇ ਦੱਸਿਆ ਕਿ ਇਸ ਨਾਲ ਛੋਟੇ ਤੇ ਸੀਮਾਂਤ ਕਿਸਾਨ ਅਪਣੀਆਂ ਫਸਲਾਂ ਕਣਕ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ, ਆਪਣੀ ਅਗਲੀ ਫਸਲ ਬੀਜ ਸਕਣਗੇ ਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋ ਬਚਾ ਸਕਣਗੇ।ਉਨ੍ਹਾਂ ਕਿਹਾ ਕਿ ਇਸ ਨਾਲ ਅਸੀ ਆਉਣ ਵਾਲੀ ਪੀੜੀ ਨੂੰ ਸਾਫ਼ ਹਵਾ ਤੇ ਵਾਤਾਵਰਣ ਦੇ ਸਕਾਂਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਹਿਕਾਰਤਾ ਵਿਭਾਗ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ।ਇਸ ਨਾਲ ਸਹਿਕਾਰੀ ਸਭਾਵਾਂ ਪੂਰੇ ਦੇਸ਼ ਨਾਲ ਆਨਲਾਈਨ ਜੁੜ ਜਾਣਗੀਆਂ ਤੇ ਸਹਿਕਾਰੀ ਸਭਾਵਾਂ ਦਾ ਕੰਮ ਪੂਰਾ ਪਾਰਦਰਸ਼ੀ ਹੋ ਜਾਵੇਗਾ।ਉਹਨਾਂ ਕਿਹਾ ਕਿ ਸਹਿਕਾਰੀ ਬੈਂਕਾਂ ਕੇ. ਸੀ. ਸੀ. ਰੁਪਏ ਕਾਰਡ, ਏ. ਟੀ. ਐਮ ਕਾਰਡ, ਦੀ ਪਿੰਡ-ਪਿੰਡ ਪੱਧਰ 'ਤੇ ਸਹੂਲਤ ਦੇ ਰਹੇ ਹਨ।ਸਹਿਕਾਰੀ ਸਭਾਵਾਂ ਵਿੱਚ ਪੂਰੀ ਤਰਾਂ ਨਾਲ ਪਾਰਦਰਸ਼ਤਾ ਲਿਆਂਦੀ ਗਈ ਹੈ।ਸਹਿਕਾਰੀ ਸਭਾਵਾਂ ਅਪਣੇ ਮੈਂਬਰਾਂ ਨੂੰ ਪੁਆਇੰਟ ਆਫ ਸੇਲ ਮਸ਼ੀਨਾਂ ਰਾਹੀ ਖਾਦ ਦੀ ਸਪਲਾਈ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਕੋ-ਆਪਰੇਟਿਵ ਸਭਾਵਾਂ ਵਿੱਚ ਕਾਮਨ ਸਰਵਿਸ ਸੈਂਟਰ ਖੋਲ੍ਹੇ ਜਾ ਰਹੇ ਹਨ।ਇਸ ਨਾਲ ਲੋਕਾਂ ਦੇ ਕੰਮ ਪਿੰਡ ਪੱਧਰ 'ਤੇ ਹੋ ਸਕਣਗੇ।ਲੋਕਾਂ ਨੂੰ ਸ਼ਹਿਰਾਂ ਵਿੱਚ ਜਾਣ ਲਈ ਖੱਜਲ ਖੁਆਰ ਨਹੀ ਹੋਣਾ ਪਵੇਗਾ ਤੇ ਲੋਕਾਂ ਦੇ ਕੰਮ ਸਮੇ ਸਿਰ ਹੋ ਸਕਣਗੇ।ਆਉਂਦੇ ਕੁਝ ਦਿਨਾਂ ਵਿਚ ਹੀ ਆਪ ਅਪਣੇ ਕੰਮ ਆਨ ਲਾਈਨ ਸਹਿਕਾਰੀ ਖੇਤੀਬਾੜੀ ਸਭਾਵਾਂ ਰਾਹੀ ਕਰਵਾ ਸਕੋਗੇ। ਉਨ੍ਹਾਂ ਨੇ ਕਿਹਾ ਸਰਕਾਰ ਵਲੋਂ ਸਭਾਵਾਂ ਵਿਚ ਮਾਰਕਫੈੱਡ ਦੇ ਸਹਿਯੋਗ ਰਾਹੀਂ ਫੇਅਰ ਪ੍ਰਾਈਸ ਸ਼ੋਪ ਵੀ ਖੋਲ੍ਹੀਆਂ ਜਾ ਰਹੀਆਂ ਹਨ।ਇਸ ਨਾਲ ਆਮ ਲੋਕਾਂ ਨੂੰ ਸਸਤੇ ਅਤੇ ਵਧੀਆਂ ਕੁਆਲਟੀ ਦਾ ਘਰੇਲੂ ਸਮਾਨ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਹਿਕਾਰੀ ਖੇਤਰ ਵਿਚ ਅਸੀ ਕਾਫੀ ਕੁਝ ਕਰ ਰਹੇ ਹਾਂ।ਅਸੀ ਸਹਿਕਾਰੀ ਮਿਲਕ ਪਲਾਂਟਾਂ ਨੂੰ ਨਵੀ ਤਕਨੀਕ ਨਾਲ ਅਪਗਰੇਡ ਕਰ ਰਹੇ ਹਾਂ, ਜਿਸ ਨਾਲ ਇਹਨਾਂ ਦੀ ਕਾਰਗੁਜ਼ਾਰੀ ਵਿੱਚ ਵਾਧਾ ਹੋ ਸਕੇ।

## ਗਿਆਨੀ ਰਘਬੀਰ ਸਿੰਘ ਨੂੰ ਬਾਬਾ ਬਲਬੀਰ ਸਿੰਘ ਵੱਲੋਂ ਭੇਜੇ ਵਫਦ ਨੇ ਸੌਂਪਿਆ ਯਾਦ ਪੱਤਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਵੱਲੋਂ ਇਕ ਵਫਦ ਸ. ਦਿਲਜੀਤ ਸਿੰਘ ਬੇਦੀ ਸਕੱਤਰ ਦੀ ਅਗਵਾਈ ਵਿਚ ਬਾਬਾ ਭਗਤ ਸਿੰਘ, ਸ. ਪਰਮਜੀਤ ਸਿੰਘ ਮੈਨੇਜਰ, ਬਾਬਾ ਗਗਨਦੀਪ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਸੁਲਤਾਨਪੁਰ ਲੋਧੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਦੇ ਇਜਲਾਸ ਦੇ ਮੱਦੇਨਜ਼ਰ ਇਕ ਵਿਸ਼ੇਸ਼ ਯਾਦ ਪੱਤਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਹਾਇਕ ਸ. ਜਸਪਾਲ ਸਿੰਘ ਨੂੰ ਸੌਂਪਿਆ।

# 'ਐੱਨ ਆਈ ਫ਼ਾਰ ਜਰਨਲਿਜ਼ਮ' ਪੁਸਤਕ ਲੋਕ ਅਰਪਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਪੱਤਰਕਾਰਤਾ ਨਾਲ ਸਬੰਧਿਤ ਵਿਦਿਆਰਥੀਆਂ ਦੇ ਗਿਆਨ 'ਚ ਵਾਧਾ ਕਰਨ ਸਬੰਧੀ 'ਐੱਨ ਆਈ ਫ਼ਾਰ ਜਰਨਲਿਜ਼ਮ' ਪੁਸਤਕ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਵੱਲੋਂ ਅੱਜ ਲੋਕ ਅਰਪਿਤ ਕੀਤੀ ਗਈ। ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਮੁੱਖੀ ਡਾ. ਸਾਨੀਆ ਮਰਵਾਹਾ ਦੁਆਰਾ ਲਿਖੀ ਗਈ ਇਹ ਪੁਸਤਕ ਵਿਦਿਆਰਥੀਆਂ ਨੂੰ ਮੀਡੀਆ ਨਾਲ ਸਬੰਧਿਤ ਹਰੇਕ ਪਹਿਲੂ ਨੂੰ ਬਾਰੀਕੀ ਨਾਲ ਜਾਣਨ 'ਚ ਸਹਾਈ ਸਿੱਧ ਹੋਵੇਗੀ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਮੀਡੀਆ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਕਿਤਾਬ ਸੰਚਾਰ ਅਤੇ ਮਾਸ ਕਮਿਊਨੀਕੇਸ਼ਨ ਦੇ ਵੱਖ-ਵੱਖ ਚੈਨਲਾਂ ਦੀ ਭੂਮਿਕਾ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ, ਜੋ ਸੰਚਾਲਨ ਖੇਤਰਾਂ ਨੂੰ ਕਵਰ ਕਰਦੀ ਹੈ। ਉਨ੍ਹਾਂ ਡਾ. ਮਰਵਾਹਾ ਦੀ ਸਮਰਪਣ ਅਤੇ ਸਖ਼ਤ ਮਿਹਨਤ ਲਈ ਜਨ ਸੰਚਾਰ ਦੇ ਸਮੂਹ ਵਿਦਿਆਰਥੀਆਂ ਨੂੰ ਮਾਰਗਦਰਸ਼ਕ ਕਰਨ ਸਬੰਧੀ ਪ੍ਰਕਾਸ਼ਿਤ ਇਸ ਪੁਸਤਕ 'ਤੇ ਵਧਾਈ ਦਿੱਤੀ। ਇਸ ਮੌਕੇ ਡੀਨ (ਆਰਟਸ) ਪ੍ਰੋ: ਜਸਪ੍ਰੀਤ ਕੌਰ ਨੇ ਪੁਸਤਕ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਉਂਦਿਆਂ ਪੱਤਰਕਾਰੀ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਮਰਵਾਹਾ ਨੇ ਕਿਹਾ ਕਿ ਕਿਤਾਬ ਮੀਡੀਆ ਤਕਨਾਲੋਜੀ ਦੇ ਜ਼ਰੂਰੀ ਵਿਸ਼ਿਆਂ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਤਾਬ ਦੀ ਬਣਤਰ ਬਾਰੇ ਦੱਸਦਿਆਂ ਕਿਹਾ ਕਿ ਇਸ ਨੂੰ ਦੋ ਮੁੱਖ ਯੂਨਿਟਾਂ 'ਚ ਵੰਡਿਆ ਗਿਆ ਹੈ। ਪਹਿਲੀ ਇਕਾਈ 'ਚ ਤਿੰਨ ਅਧਿਆਏ ਹਨ ਅਤੇ ਇਹ ਸੰਚਾਰ ਦੀ ਸ਼ੁਰੂਆਤ ਅਤੇ ਵਿਕਾਸ ਨਾਲ ਸਬੰਧਿਤ ਹੈ। ਦੂਜੀ ਇਕਾਈ 'ਚ ਪੰਜ ਅਧਿਆਏ ਹਨ ਅਤੇ ਖੁਦ 'ਚ ਖ਼ਬਰਾਂ ਅਤੇ ਖ਼ਬਰਾਂ ਦੇ ਤੱਤਾਂ ਨਾਲ ਸਬੰਧਿਤ ਹੈ ਜੋ ਅਸਲ 'ਚ ਪ੍ਰਿੰਟ ਮੀਡੀਆ ਹੈ। ਉਨ੍ਹਾਂ ਕਿਹਾ ਕਿ ਪੁਸਤਕ 'ਚ ਮੀਡੀਆ ਸਾਖਰਤਾ ਦੇ ਹਰੇਕ ਪਹਿਲੂ ਨੂੰ ਸ਼ਾਮਿਲ ਕੀਤਾ ਗਿਆ ਹੈ, ਕਿਉਂਕਿ ਇਹ ਸਮਾਜ 'ਚ ਹਰੇਕ ਲਈ ਇਕ ਜ਼ਰੂਰੀ ਬਚਾਅ ਹੁਨਰ ਹੈ।

# ਪੁਰਾਣਾ ਸ਼ਾਲਾ ਪੁਲਸ ਨਾਕੇ ਨੇੜੇ ਤੇ ਆਲੇ-ਦੁਆਲੇ ਦੇ ਪਿੰਡਾਂ 'ਚ ਅੱਧੀ ਦਰਜਨ ਤੋਂ ਵੱਧ ਚੋਰੀਆਂ !




**ਗੁਰਦਾਸਪੁਰ, (ਜਨਕ ਮਹਾਜਨ)**-ਬੇਟ ਇਲਾਕੇ ਦੇ ਕਸਬਾ ਪੁਰਾਣਾ ਸ਼ਾਲਾ ਅੱਡੇ ਵਿਚ ਲੱਗੇ ਪੁਲਸ ਨਾਕੇ ਨੇੜੇ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਧਾਰਮਿਕ ਅਸਥਾਨਾਂ 'ਤੇ ਅੱਧੀ ਦਰਜਨ ਤੋਂ ਵਧ ਚੋਰੀਆਂ ਹੋਣ ਨਾਲ ਇਲਾਕੇ ਅੰਦਰ ਦਹਿਸ਼ਤ ਵਾਲਾ ਮਾਹੌਲ ਬਣਿਆ ਹੈ ਅਤੇ ਪੁਲਸ ਦੀ ਘਟੀਆ ਕਾਰਗੁਜ਼ਾਰੀ 'ਤੇ ਕਈ ਸਵਾਲੀਆ ਨਿਸ਼ਾਨ ਲੱਗ ਰਹੇ ਹਨ। ਇਸ ਸਬੰਧੀ ਦੁਕਾਨਦਾਰ ਪੀੜਤ ਸੁਰਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪੁਰਾਣਾ ਸ਼ਾਲਾ ਨੇ ਦੱਸਿਆ ਕਿ ਉਹ ਪੁਰਾਣਾ ਸ਼ਾਲਾ ਅੱਡੇ ਵਿਚ ਮਨਿਆਰੀ ਜਨਰਲ ਸਟੋਰ ਦੀ ਦੁਕਾਨ ਕਰਦਾ ਹੈ ਅਤੇ ਰੋਜ਼ਾਨਾਂ ਵਾਂਗ ਰਾਤ ਨੂੰ ਆਪਣੀ ਦੁਕਾਨ ਬੰਦ ਕਰਕੇ ਘਰ ਚਲਾ ਗਿਆ ਪਰ ਜਦੋਂ ਸਵੇਰੇ ਦੁਕਾਨ 'ਤੇ ਆ ਕੇ ਦੇਖਿਆ ਤਾਂ ਦੁਕਾਨ ਦੇ ਤਾਲੇ ਟੁਟੇ ਪਏ ਸਨ ਅਤੇ ਦੁਕਾਨ ਵਿਚੋਂ 10 ਹਜ਼ਾਰ ਰੁਪਏ ਦੀ ਨਕਦੀ ਤੋਂ ਇਲਾਵਾ ਹੋਰ ਸਮਾਨ ਗਾਇਬ ਸੀ। ਇਸੇ ਤਰ੍ਹਾਂ ਪੁਰਾਣਾ ਸ਼ਾਲਾ ਅੱਡੇ ਵਿਚ ਤਿਲਕ ਰਾਜ ਪੁੱਤਰ ਬਿਸ਼ੰਬਰ ਦਾਸ ਵਾਸੀ ਨਰੈਣੀਪੁਰ ਹਾਲ ਪੁਰਾਣਾ ਸ਼ਾਲਾ ਕਰਿਆਨਾ ਮਰਚੈਂਟ ਦੀ ਦੁਕਾਨ ਤੇ ਸੀਸੀਟੀਵੀ ਕੈਮਰੇ ਵੀ ਤੋੜਨ ਦੀ ਚੋਰਾਂ ਵਲੋਂ ਕੋਸ਼ਿਸ਼ ਕੀਤੀ ਗਈ ਪਰ ਲਾਈਟ ਬੰਦ ਨਾ ਹੋਣ ਕਾਰਨ ਚੋਰ ਚੋਰੀ ਕਰਨ ਵਿਚ ਅਸਫਲ ਰਹੇ। ਇਸੇ ਤਰ੍ਹਾਂ ਅੱਡੇ ਵਿਚ ਵਿੱਕੀ ਮੈਡੀਕਲ ਸਟੋਰ ਦੀ ਦੁਕਾਨ ਦਾ ਸ਼ਟਰ ਵੀ ਤੋੜਨ ਦੀ ਕੋਸ਼ਿਸ਼ ਕੀਤੀ ਗਈ ਤਾਂ ਪਰ ਤਾਲੇ ਅੰਦਰੋਂ ਨਾ ਟੁੱਟਣ ਕਰਕੇ ਹਜ਼ਾਰਾਂ ਰੁਪਏ ਦੀ ਚੋਰੀ ਹੋਣ ਤੋਂ ਬਚਾਅ ਹੋ ਗਿਆ। ਇਸੇ ਤਰ੍ਹਾਂ ਪਿੰਡ ਮੇਘੀਆਂ ਵਿਚ ਨਾਭਾ ਦਾਸ ਮੰਦਿਰ ਦੀ ਗੋਲਕ ਤੋੜ ਕੇ ਚੋਰ ਲਗਭਗ 6 ਹਜ਼ਾਰ ਦੇ ਕਰੀਬ ਨਕਦੀ ਅਤੇ ਚਰਚ ਵਿਚੋਂ 5 ਹਜ਼ਾਰ ਰੁਪਏ ਦੇ ਕਰੀਬ ਚੋਰ ਲੈ ਕੇ ਫ਼ਰਾਰ ਹੋ ਗਏ। ਇਸ ਤੋਂ ਇਲਾਵਾ ਥਾਣਾ ਪੁਰਾਣਾ ਸ਼ਾਲਾ ਅਧੀਨ ਪੈਂਦੇ ਪਿੰਡ ਜਗਤਪੁਰ ਖ਼ੁਰਦ ਅਤੇ ਨਰੈਣੀਪੁਰ ਦੇ ਗੁਰਦੁਆਰਾ ਸਾਹਿਬ ਵਿਚ ਵੀ ਚੋਰਾਂ ਵਲੋਂ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਚੋਰ ਅਸਫ਼ਲ ਰਹੇ। ਇਨ੍ਹਾਂ ਚੋਰੀਆਂ ਨੂੰ ਲੈ ਕੇ ਇਲਾਕੇ ਅੰਦਰ ਲੋਕਾਂ ਦੇ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਲੋਕਾਂ ਨੇ ਦੱਸਿਆ ਕਿ ਅਜਿਹੀਆਂ ਚੋਰੀਆਂ ਪਹਿਲਾਂ ਵੀ ਹੋ ਚੁੱਕੀਆਂ ਹਨ ਜਿਨ੍ਹਾਂ ਦਾ ਅਜੇ ਤੀਕ ਵੀ ਪੁਲਸ ਕੋਈ ਸੁਰਾਗ ਨਹੀਂ ਲੱਭ ਸਕੀ। ਇਲਾਕਾ ਵਾਸੀਆਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਥਾਣਾ ਪੁਰਾਣਾ ਸ਼ਾਲਾ ਪੁਲਸ ਨੂੰ ਹਦਾਇਤਾਂ ਕਰਕੇ ਇਲਾਕੇ ਅੰਦਰ ਚੋਰੀਆਂ ਨੂੰ ਨੱਥ ਪਾਉਣ ਲਈ ਰਾਤ ਵੇਲੇ ਪੁਲਸ ਗਸ਼ਤ ਵਧਾਈ ਜਾਵੇ ਤਾਂ ਜੋ ਚੋਰਾਂ ਵਿਚ ਡਰ ਦਾ ਮਾਹੌਲ ਪੈਦਾ ਹੋ ਸਕੇ ਅਤੇ ਲੋਕ ਵੀ ਚੋਰੀਆ ਤੋਂ ਨਿਜਾਤ ਪਾ ਸਕਣ।

# ਯੋਗ ਦਾ ਆਸਰਾ ਲੈ ਕੇ ਮਨੁੱਖ ਚਾਹੇ ਤਾਂ ਸੌ ਸਾਲ ਤੱਕ ਵੀ ਸਿਹਤਮੰਦ ਜੀਵਨ ਜਿਉ ਸਕਦਾ : ਸਵਾਮੀ ਵਿਗਿਆਨਾਨੰਦ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਮਾਨਾਵਾਲਾ ਵਿਖੇ ਆਪਣੇ ਸਥਾਨਕ ਆਸ਼ਰਮ ਵਿਖੇ ਆਯੋਜਿਤ ਵਿਲੱਖਣ ਯੋਗ ਅਤੇ ਧਿਆਨ ਕੈਂਪ ਦੇ ਅੱਜ ਦੂਜੇ ਦਿਨ ਸੰਸਥਾਨ ਵੱਲੋਂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ ਯੋਗਾਚਾਰੀਆ ਸਵਾਮੀ ਵਿਗਿਆਨਾਨੰਦ ਨੇ ਦੱਸਿਆ ਕਿ ਵਧ ਰਹੇ ਸ਼ਹਿਰੀਕਰਨ, ਪ੍ਰਦੂਸ਼ਣ, ਅਨਿਯਮਿਤ ਖੁਰਾਕ ਅਤੇ ਉਦਯੋਗੀਕਰਨ ਕਾਰਨ ਜਿੱਥੇ ਰੁੱਖਾਂ ਦੀ ਕਟਾਈ ਕਾਰਨ ਕੁਦਰਤੀ ਅਸੰਤੁਲਨ ਦੀ ਸਥਿਤੀ ਪੈਦਾ ਹੋ ਗਈ ਹੈ, ਉਥੇ ਹੀ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣਾ ਵੀ ਔਖਾ ਹੋ ਗਿਆ ਹੈ।ਨਤੀਜੇ ਵਜੋਂ ਅੱਜ ਸ਼ੂਗਰ, ਟੀ. ਬੀ., ਕੈਂਸਰ, ਡੇਂਗੂ, ਚਿਕਨਗੁਨੀਆ ਅਤੇ ਕਈ ਤਰ੍ਹਾਂ ਦੇ ਵਾਇਰਲ ਬੁਖ਼ਾਰਾਂ ਵਿੱਚ ਵਾਧਾ ਹੋ ਰਿਹਾ ਹੈ। ਸਵਾਮੀ ਜੀ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਅਨੁਸਾਰ ਭਾਵੇਂ ਆਧੁਨਿਕ ਡਾਕਟਰੀ ਪ੍ਰਣਾਲੀ ਵਿਗਿਆਨ ਦਾ ਆਸਰਾ ਲੈ ਕੇ ਸਿਖਰ 'ਤੇ ਪਹੁੰਚ ਗਈ ਹੈ, ਪਰ ਬਹੁਤ ਸਾਰੀਆਂ ਅਜਿਹੀਆਂ ਬਿਮਾਰੀਆਂ ਹਨ ਜਿਨ੍ਹਾਂ ਦਾ ਆਧੁਨਿਕ ਮੈਡੀਕਲ ਪ੍ਰਣਾਲੀ ਵਿਚ ਕੋਈ ਹੱਲ ਨਹੀਂ ਹੈ ਪਰ ਭਾਰਤੀ ਵੈਦਿਕ ਯੋਗ ਦਰਸ਼ਨ ਵਿੱਚ ਹੈ ।ਅਸਲ ਵਿੱਚ ਯੋਗ ਦਾ ਆਸਰਾ ਲੈ ਕੇ ਮਨੁੱਖ ਚਾਹੇ ਤਾਂ ਸੌ ਸਾਲ ਤੱਕ ਵੀ ਸਿਹਤਮੰਦ ਜੀਵਨ ਬਤੀਤ ਕਰ ਸਕਦਾ ਹੈ।ਕਬਜ਼ ਬਾਰੇ ਡੂੰਘਾਈ ਨਾਲ ਚਰਚਾ ਕਰਦੇ ਹੋਏ ਸਵਾਮੀ ਜੀ ਨੇ ਕਿਹਾ ਕਿ ਆਯੁਰਵੇਦ ਵਿੱਚ ਕਬਜ਼ ਨੂੰ ਸਾਰੀਆਂ ਬਿਮਾਰੀਆਂ ਦੀ ਮਾਂ ਦੱਸਿਆ ਗਿਆ ਹੈ।ਮੂਲ ਰੂਪ ਵਿੱਚ ਪੇਟ ਵਿੱਚ ਭੋਜਨ ਦੇ ਹਜ਼ਮ ਨਾ ਹੋਣ ਦੀ ਪ੍ਰਕਿਰਿਆ ਨੂੰ ਕਬਜ਼ ਕਿਹਾ ਜਾਂਦਾ ਹੈ। ਸਵਾਮੀ ਜੀ ਨੇ ਹਾਜ਼ਰ ਸਾਧਕਾਂ ਨੂੰ ਕਬਜ਼ ਨੂੰ ਦੂਰ ਕਰਨ ਨਾਲ ਸਬੰਧਤ ਯੋਗ ਕਿਰਿਆਵਾਂ ਚੋਂ ਸੂਰਯ ਨਮਸਕਾਰ, ਕਪਾਲ ਭਾਤੀ ਯੌਗਿਕ ਪ੍ਰਕਿਰਿਆ, ਸੂਰਜ ਭੇਦੀ ਪ੍ਰਾਣਾਯਾਮ, ਵੀਰਭਦਰਾਸਨ, ਕਟਿ ਚਕ੍ਰਾਸਨ, ਬ੍ਰਹਮਚਾਰਿਆਸਨ, ਬਾਹਰੀ ਯੌਗਿਕ ਕਿਰਿਆ, ਅਰਧ ਚੰਦਰਾਸਨ, ਨੌਕਾਸਨ ਆਦਿ ਯੋਗ ਕਿਰਿਆਵਾਂ ਦੇ ਨਿਰਦੇਸ਼ ਦਿੰਦੇ ਹੋਏ ਉਕਤ ਕਿਰਿਆਵਾਂ ਦਾ ਅਭਿਆਸ ਕਰਵਾਇਆ ਅਤੇ ਉਨ੍ਹਾਂ ਦੇ ਸਰੀਰਕ ਲਾਭਾਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਕਬਜ਼ ਨਾਲ ਸਬੰਧਤ ਆਯੁਰਵੈਦਿਕ ਦਵਾਈਆਂ ਅਤੇ ਨੁਸਖੇ ਵੀ ਦੱਸੇ।ਧਿਆਨ ਦੇਣ ਯੋਗ ਹੈ ਕਿ ਇਸ ਪ੍ਰੋਗਰਾਮ ਦੇ ਤਹਿਤ ਸੰਸਥਾਨ ਵੱਲੋਂ ਆਪਣੇ ਸੰਜੀਵਿਕਾ ਪ੍ਰੋਜੈਕਟ ਦੇ ਤਹਿਤ ਯੋਗ ਸਾਧਕਾਂ ਨੂੰ ਆਯੁਰਵੈਦਿਕ ਦਵਾਈਆਂ ਵੀ ਉਪਲਬਧ ਕਰਵਾਈਆਂ ਗਈਆਂ।ਪ੍ਰੋਗਰਾਮ ਦੀ ਸ਼ੁਰੂਆਤ ਵੇਦ ਮੰਤਰਾਂ ਦੇ ਜਾਪ ਨਾਲ ਹੋਈ।ਪ੍ਰੋਗਰਾਮ ਦੇ ਅੰਤ ਵਿੱਚ ਸਵਾਮੀ ਜੀ ਨੇ ਸ਼ਾਂਤੀ ਮੰਤਰ ਦਾ ਜਾਪ ਕੀਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ।

1-feb-PAGE-4.qxd 1/31/2024 11:00 PM Page 1

ਨਵਾਂ ਜ਼ਮਾਨਾ
ਵੀਰਵਾਰ, 1 ਫਰਵਰੀ 2024

# ਲੋਕਤੰਤਰ ਦੀ ਹੱਤਿਆ

*ਚੰਡੀਗੜ੍ਹ ਦੇ ਮੇਅਰ ਦੀ ਚੋਣ ਭਾਜਪਾ ਨੇ ਜਿਸ ਤਰ੍ਹਾਂ ਧੱਕੇਸ਼ਾਹੀ ਨਾਲ ਜਿੱਤੀ, ਉਸ ਨੇ ਸਾਬਤ ਕਰ ਦਿੱਤਾ ਹੈ ਕਿ ਫਾਸ਼ੀਵਾਦੀ ਹੁਕਮਰਾਨ ਸੱਤਾ ਉੱਤੇ ਕਬਜ਼ੇ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਚੰਡੀਗੜ੍ਹ ਵਿੱਚ ਜੋ ਵਾਪਰਿਆ, ਉਸ ਨੂੰ ਲੋਕ ਫਤਵੇ ਦੀ ਡਕੈਤੀ ਰਾਹੀਂ ਲੁੱਟ ਕਿਹਾ ਜਾ ਸਕਦਾ ਹੈ।*

*35 ਮੈਂਬਰੀ ਚੰਡੀਗੜ੍ਹ ਨਗਰ ਨਿਗਮ ਵਿੱਚ ਭਾਜਪਾ ਦੇ 14, ਆਮ ਆਦਮੀ ਪਾਰਟੀ ਦੇ 13, ਕਾਂਗਰਸ ਦੇ 7 ਤੇ ਅਕਾਲੀ ਦਲ ਦਾ ਇੱਕ ਕੌਂਸਲਰ ਸੀ। ਇੱਕ ਵੋਟ ਸੰਸਦ ਮੈਂਬਰ ਕਿਰਨ ਖੇਰ ਦੀ ਸੀ। ਇਸ ਤਰ੍ਹਾਂ ਭਾਜਪਾ ਕੋਲ ਕਿਰਨ ਖੇਰ ਤੇ ਅਕਾਲੀ ਦਲ ਦੀ ਵੋਟ ਸਮੇਤ 16 ਵੋਟਾਂ ਸਨ। ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਤੇ ਕਾਂਗਰਸ ਵਿੱਚ ਸਮਝੌਤਾ ਹੋ ਜਾਣ ਕਾਰਨ ਉਨ੍ਹਾਂ ਕੋਲ 20 ਵੋਟਾਂ ਸਨ। ਮੇਅਰ ਤੇ ਡਿਪਟੀ ਮੇਅਰਾਂ ਦੀ ਚੋਣ ਲਈ ਪਹਿਲਾਂ 18 ਜਨਵਰੀ ਦੀ ਤਰੀਕ ਤੈਅ ਕੀਤੀ ਗਈ ਸੀ, ਪਰ ਐਨ ਮੌਕੇ 'ਤੇ ਇਹ ਕਹਿ ਕੇ ਚੋਣ ਰੱਦ ਕਰ ਦਿੱਤੀ ਗਈ ਕਿ ਪ੍ਰੀਜ਼ਾਈਡਿੰਗ ਅਫ਼ਸਰ ਬਿਮਾਰ ਹੋ ਗਿਆ ਹੈ। ਆਪ ਆਗੂ ਰਾਘਵ ਚੱਢਾ ਅਨੁਸਾਰ ਇਸ ਦੌਰਾਨ ਭਾਜਪਾ ਨੇ ਉਨ੍ਹਾ ਦੇ ਕੌਂਸਲਰ ਤੋੜਨ ਲਈ ਅਪ੍ਰੇਸ਼ਨ ਲੋਟਸ ਚਲਾਇਆ, ਪਰ ਉਹ ਕਾਮਯਾਬ ਨਹੀਂ ਹੋ ਸਕੇ। ਚੋਣ ਮੁਲਤਵੀ ਕੀਤੇ ਜਾਣ ਵਿਰੁੱਧ 'ਆਪ' ਤੇ ਕਾਂਗਰਸ ਵਾਲੇ ਹਾਈ ਕੋਰਟ ਚਲੇ ਗਏ। ਹਾਈ ਕੋਰਟ ਵੱਲੋਂ ਚੋਣ ਲਈ 30 ਜਨਵਰੀ ਦੀ ਤਰੀਕ ਤੈਅ ਕਰ ਦਿੱਤੀ ਗਈ।*

*ਅੰਕੜਿਆਂ ਤੋਂ ਇਹ ਸਪੱਸ਼ਟ ਸੀ ਕਿ ਇਸ ਚੋਣ ਵਿੱਚ ਭਾਜਪਾ ਦੀ ਹਾਰ ਯਕੀਨੀ ਹੈ, ਪਰ ਰਾਮ-ਰਾਜ ਦਾ ਨਾਅਰਾ ਲਾਉਣ ਵਾਲਿਆਂ ਦੇ ਦਿਲਾਂ ਵਿੱਚ ਤਾਂ ਰਾਵਣ ਛੁਪਿਆ ਬੈਠਾ ਸੀ। ਉਹ ਰਾਵਣ, ਜਿਸ ਨੇ ਧੋਖੇ ਨਾਲ ਆਪਣੇ ਭਰਾ ਤੋਂ ਉਸ ਦੀ ਸੋਨੇ ਦੀ ਲੰਕਾ ਖੋਹ ਲਈ ਸੀ।*

*ਭਾਜਪਾ ਨੇ ਛਲ-ਕਪਟ ਦੀ ਸ਼ੁਰੂਆਤ ਤਾਂ ਉਦੋਂ ਹੀ ਕਰ ਦਿੱਤੀ ਸੀ, ਜਦੋਂ ਪ੍ਰਸ਼ਾਸਨ ਦੇ ਗਲ ਅੰਗੂਠਾ ਦੇ ਕੇ ਆਪਣੇ ਘੱਟਗਿਣਤੀ ਸੈੱਲ ਦੇ ਸਕੱਤਰ ਅਨਿਲ ਮਸੀਹ ਨੂੰ ਪ੍ਰੀਜ਼ਾਈਡਿੰਗ ਅਫ਼ਸਰ ਮੁਕੱਰਰ ਕਰਵਾ ਲਿਆ ਸੀ। ਮੇਅਰ ਦੀ ਚੋਣ ਵਿੱਚ ਭਾਜਪਾ ਦਾ ਉਮੀਦਵਾਰ ਮਨੋਜ ਸੋਨਕਰ ਤੇ ਆਮ ਆਦਮੀ ਪਾਰਟੀ ਦਾ ਉਮੀਦਵਾਰ ਕੁਲਦੀਪ ਸਿੰਘ ਸੀ। ਵੋਟਾਂ ਅਮਨ-ਅਮਾਨ ਨਾਲ ਪਈਆਂ, ਪਰ ਜਦੋਂ ਗਿਣਤੀ ਦੀ ਵਾਰੀ ਆਈ ਤਾਂ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਗਿਣਤੀ ਤੋਂ ਬਾਅਦ ਗਿਣੇ-ਮਿਥੇ ਤਰੀਕੇ ਅਨੁਸਾਰ ਪ੍ਰੀਜ਼ਾਈਡਿੰਗ ਅਫ਼ਸਰ ਨੇ ਭਾਜਪਾ ਉਮੀਦਵਾਰ ਨੂੰ ਆਪ ਦੇ ਉਮੀਦਵਾਰ ਦੀਆਂ 12 ਵੋਟਾਂ ਦੇ ਮੁਕਾਬਲੇ 16 ਵੋਟਾਂ ਨਾਲ ਜੇਤੂ ਕਰਾਰ ਦੇ ਦਿੱਤਾ। ਆਪ ਦੇ ਉਮੀਦਵਾਰ ਨੂੰ ਪਈਆਂ 8 ਵੋਟਾਂ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਬੈਲਟ ਪੇਪਰਾਂ ਉੱਤੇ ਨਿਸ਼ਾਨ ਲੱਗੇ ਹੋਏ ਸਨ, ਜਿਹੜੇ ਵੋਟ ਦੀ ਸ਼ਨਾਖਤ ਕਰਕੇ ਗੁਪਤ ਵੋਟ ਪ੍ਰਕਿਰਿਆ ਦੀ ਉਲੰਘਣਾ ਕਰਦੇ ਸਨ। ਵਿਰੋਧੀ ਕੌਂਸਲਰਾਂ ਦਾ ਦੋਸ਼ ਹੈ ਕਿ ਇਹ ਨਿਸ਼ਾਨ ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਗਿਣਤੀ ਸਮੇਂ ਲਾਏ ਗਏ ਸਨ। ਇੱਕ ਵੀਡੀਓ ਵੀ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਪ੍ਰੀਜ਼ਾਈਡਿੰਗ ਅਫ਼ਸਰ ਅਨਿਲ ਮਸੀਹ ਵੋਟ ਪਰਚੀਆਂ ਨਾਲ ਛੇੜਛਾੜ ਕਰਦੇ ਹੋਏ ਸਪੱਸ਼ਟ ਦੇਖੇ ਜਾ ਸਕਦੇ ਹਨ। ਇਸ ਧੱਕੇਸ਼ਾਹੀ ਤੋਂ ਬਾਅਦ ਵਿਰੋਧੀ ਕੌਂਸਲਰਾਂ ਨੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੀਆਂ ਚੋਣਾਂ ਦਾ ਬਾਈਕਾਟ ਕਰ ਦਿੱਤਾ।*

*ਸਪੱਸ਼ਟ ਹੈ ਕਿ ਇਹ ਮੁੱਦਾ ਹੁਣ ਅੱਗੇ ਵਧੇਗਾ। ਵਿਰੋਧੀ ਦਲ ਤਾਂ ਉਸੇ ਵੇਲੇ ਹੀ ਹਾਈ ਕੋਰਟ ਵਿੱਚ ਚਲੇ ਗਏ ਸਨ। ਉਹ ਜਨਤਾ ਵੀ ਚੁੱਪ ਨਹੀਂ ਬੈਠੇਗੀ, ਜਿਸ ਨੇ ਭਾਜਪਾ ਦੇ ਮੁਕਾਬਲੇ ਵਿਰੋਧੀ ਕੌਂਸਲਰਾਂ ਨੂੰ ਬਹੁਮਤ ਦਿੱਤਾ ਸੀ। ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਭਾਰਤ ਅੰਦਰ ਲੋਕਤੰਤਰ ਦਿਨੋ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਬੀਤੇ ਸਾਲ 2023 ਦੇ ਲੋਕਤੰਤਰੀ ਇੰਡੈਕਸ ਵਿੱਚ ਭਾਰਤ ਦਾ ਸਥਾਨ 108ਵਾਂ ਹੋ ਗਿਆ ਸੀ। ਹੁਣ ਤਾਂ ਗੱਲ ਇੱਥੋ ਤੱਕ ਪੁੱਜ ਚੁੱਕੀ ਹੈ ਕਿ ਭਾਰਤ ਨੂੰ ਦੋਸ਼ਪੂਰਨ ਲੋਕਤੰਤਰ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕਰਕੇ ਅੰਸ਼ਕ ਲੋਕਤੰਤਰ ਦੇ ਖਾਨੇ ਵਿੱਚ ਰੱਖਿਆ ਜਾ ਰਿਹਾ ਹੈ। ਭਾਜਪਾ ਦੀ ਅਯੁੱਧਿਆ ਵਿਚਲੇ ਰਾਮ ਮੰਦਰ ਦੀ ਸਥਾਪਨਾ ਪਿਛਲੀ 'ਰਾਮ ਭਗਤੀ' ਤੇ ਉਸ ਦੇ 'ਰਾਮ ਰਾਜ' ਦੀ ਇਹੋ ਹਕੀਕਤ ਹੈ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਭਾਰਤ ਵਿੱਚ ਲੋਕਤੰਤਰ ਦੀ ਸਥਾਪਨਾ ਦੇ ਮੋਢੀ ਮਹਾਤਮਾ ਗਾਂਧੀ ਦੀ ਸ਼ਹਾਦਤ ਦੇ ਦਿਨ ਗੌਂਡਸੇਵਾਦੀ ਭਾਜਪਾਈਆਂ ਵੱਲੋਂ ਸਰਕਾਰੀ ਤੰਤਰ ਨਾਲ ਮਿਲ ਕੇ ਲੋਕਤੰਤਰ ਦੀ ਹੱਤਿਆ ਕੀਤੀ ਗਈ ਹੈ।*

***-ਚੰਦ ਫਤਿਹਪੁਰੀ***

# ਫਲਸਤੀਨੀ ਲੋਕ ਟਾਕਰੇ ਮੂਹਰੇ ਇਜ਼ਰਾਈਲੀ-ਅਮਰੀਕੀ ਜੰਗੀ ਮੁਹਿੰਮ ਦੀਆਂ ਉਲਝਣਾਂ



ਪਾਵੇਲ ਕੁੱਸਾ

ਇਜ਼ਰਾਇਲ ਵੱਲੋਂ ਫਲਸਤੀਨ 'ਤੇ ਬੋਲੇ ਹੋਏ ਭਿਆਨਕ ਬਰੂਦੀ ਹਮਲੇ ਨੂੰ 100 ਦਿਨ ਤੋਂ ਉਪਰ ਗੁਜ਼ਰ ਗਏ ਹਨ । ਇਸ ਸਮੇਂ ਦੌਰਾਨ ਜਾਬਰ ਇਜ਼ਰਾਇਲੀ ਰਾਜ ਨੇ ਫਲਸਤੀਨੀ ਲੋਕਾਂ 'ਤੇ ਮਣਾਂ-ਮੂੰਹੀਂ ਬਾਰੂਦ ਸੁੱਟਿਆ ਹੈ, ਅਨੇਕਾਂ ਹੀ ਇਮਾਰਤਾਂ ਨੂੰ ਮਲਬੇ ਦੇ ਢੇਰ 'ਚ ਬਦਲ ਕੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਤਬਾਹ ਕੀਤਾ ਹੈ । ਗਾਜ਼ਾ ਪੱਟੀ ਦੇ ਕੋਨੇ-ਕੋਨੇ 'ਚੋਂ ਰੋਜ਼ ਅੱਗ ਦੀਆਂ ਉੱਠਦੀਆਂ ਲਾਟਾਂ ਦੇ ਸੇਕ ਨੂੰ ਸੰਸਾਰ ਦੇ ਹਰ ਸੰਵੇਦਨਸ਼ੀਲ ਤੇ ਇਨਸਾਫਪਸੰਦ ਨਾਗਰਿਕ ਨੇ ਲੂਸਿਆ ਗਿਆ ਮਹਿਸੂਸ ਕੀਤਾ ਹੈ ।ਇਸ ਅੰਤਾਂ ਦੇ ਕਹਿਰ ਮੂਹਰੇ ਫਲਸਤੀਨੀ ਟਾਕਰਾ ਮਿਸਾਲ ਬਣ ਕੇ ਚਮਕ ਰਿਹਾ ਹੈ । ਇਹਨਾਂ ਸਾਢੇ ਤਿੰਨ ਮਹੀਨਿਆਂ 'ਚ ਹੀ ਇਜ਼ਰਾਇਲੀ ਕਹਿਰ ਦੀਆਂ ਅਨੇਕਾਂ ਕਹਾਣੀਆਂ ਹਨ ਤੇ ਹਸਪਤਾਲਾਂ 'ਚ ਤੜਪਦੇ ਜ਼ਖਮੀਆਂ 'ਤੇ ਬੰਬਾਂ ਨਾਲ ਤਬਾਹ ਹੁੰਦੇ ਹਸਪਤਾਲਾਂ ਦੀਆਂ ਤਸਵੀਰਾਂ/ਵੀਡੀਓਜ਼ ਨੇ ਦੁਨੀਆ ਭਰ ਦੇ ਲੋਕਾਂ ਦੇ ਹਿਰਦੇ ਵਲੂੰਧਰੇ ਹਨ । ਲੱਗਭੱਗ 25000 ਲੋਕਾਂ ਦੀ ਮੌਤ, ਅਣਗਿਣਤ ਜ਼ਖਮੀਆਂ ਤੇ ਲੱਖਾਂ ਲੋਕਾਂ ਦੇ ਘਰ-ਘਾਟ ਤਬਾਹ ਹੋਣ ਮਗਰੋਂ ਵੀ ਫਲਸਤੀਨੀ ਲੋਕ ਆਪਣੀਆਂ ਟਾਕਰਾ ਸ਼ਕਤੀਆਂ ਦੀ ਪਿੱਠ 'ਤੇ ਡਟੇ ਖੜ੍ਹੇ ਹਨ ।

ਫਲਸਤੀਨੀ ਕੌਮ ਨੂੰ ਬਾਰੂਦ ਦੀ ਅੱਗ 'ਚ ਭੁੰਨ ਦੇਣਾ ਚਾਹੁੰਦੇ ਇਜ਼ਰਾਇਲ ਦੇ ਜ਼ਿਊਨਵਾਦੀ ਸ਼ਾਵਨਵਾਦੀ ਹਾਕਮ ਤੇ ਸੰਸਾਰ ਸਾਮਰਾਜ ਦੇ ਸਰਗਣੇ ਅਮਰੀਕੀ ਸਾਮਰਾਜ ਦੀ ਇਹ ਜੰਗੀ ਮੁਹਿੰਮ ਫਲਸਤੀਨੀ ਕੌਮ ਦੀ ਇਸ ਨਾਬਰੀ ਮੂਹਰੇ ਮਨਚਾਹੇ ਨਤੀਜੇ ਕੱਢਣ 'ਚ ਨਾਕਾਮ ਹੋ ਨਿਬੜੀ ਹੈ । ਹਮਾਸ ਨੂੰ ਕੁਚਲ ਦੇਣ ਦੇ ਐਲਾਨਾਂ ਨਾਲ ਸ਼ੁਰੂ ਕੀਤਾ ਗਿਆ ਹਮਲਾ ਹਮਾਸ ਦੀ ਟਾਕਰਾ ਸ਼ਕਤੀ ਨੂੰ ਕਮਜ਼ੋਰ ਨਹੀਂ ਕਰ ਸਕਿਆ ਹੈ, ਸਗੋਂ ਹਮਾਸ ਦੀ ਮਕਬੂਲੀਅਤ ਹੋਰ ਵਧੀ ਹੈ ਤੇ ਇਸ ਦੀ ਟਾਕਰਾ ਸਮਰੱਥਾ ਕਾਇਮ ਹੈ । ਲੰਘੀ 22 ਜਨਵਰੀ ਨੂੰ ਹਮਾਸ ਨੇ ਜ਼ਾਲਮ ਇਜ਼ਰਾਇਲ ਦੇ 22 ਫੌਜੀਆਂ ਨੂੰ ਇੱਕੋ ਦਿਨ 'ਚ ਪਾਰ ਬੁਲਾ ਕੇ ਆਪਣੀ ਸਮਰੱਥਾ ਦਾ ਇਜ਼ਹਾਰ ਕੀਤਾ ਹੈ । ਹੁਣ ਤੱਕ ਦੀ ਜੰਗ ਦੀ ਸਥਿਤੀ ਇਹੋ ਹੈ ਕਿ ਹਜ਼ਾਰਾਂ ਲੋਕਾਂ ਨੂੰ ਕਤਲ ਕਰ ਦੇਣ ਮਗਰੋਂ ਵੀ ਸੰਸਾਰ ਸਾਮਰਾਜੀ ਮਹਾਂਸ਼ਕਤੀ ਅਮਰੀਕਾ ਤੇ ਇਸ ਦੇ ਪਾਲਤੂ ਇਜ਼ਰਾਇਲੀ ਰਾਜ ਦੀ ਜੰਗੀ ਮੁਹਿੰਮ ਨੂੰ ਇਸ ਦੀ ਖੂੰਖਾਰ ਤਾਕਤ ਦੇ ਅਥਾਹ ਉੱਨਤ ਫੌਜੀ ਸਮਰੱਥਾ ਦੇ ਬਾਵਜੂਦ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਤੇ ਏਸੇ ਲਈ ਕਈ ਮਹੀਨਿਆਂ ਤੱਕ ਜੰਗ ਜਾਰੀ ਰੱਖਣ ਦੇ ਐਲਾਨ ਕਰਨ ਵਾਲਾ ਇਜ਼ਰਾਇਲ ਦਾ ਮੁਖੀ ਨੇਤਨਯਾਹੂ ਹੁਣ ਦੋ ਮਹੀਨਿਆਂ ਲਈ ਜੰਗਬੰਦੀ ਦੀਆਂ ਸਲਾਹਾਂ ਕਰ ਰਿਹਾ ਹੈ ।

ਇਜ਼ਰਾਇਲੀ ਹਾਕਮ ਕਹਿ ਰਹੇ ਹਨ ਕਿ ਜੇਕਰ ਹਮਾਸ ਦੇ ਆਗੂ ਗਾਜ਼ਾ ਪੱਟੀ 'ਚੋਂ ਚਲੇ ਜਾਣ ਤਾਂ ਜੰਗਬੰਦੀ ਦਾ ਅਰਸਾ ਲੰਮਾ ਕਰਨ ਬਾਰੇ ਵੀ ਵਿਚਾਰ ਹੋ ਸਕਦੀ ਹੈ, ਪਰ ਅਜਿਹੀਆਂ ਤਜਵੀਜ਼ਾਂ ਹਮਾਸ ਨੇ ਰੱਦ ਕਰ ਦਿੱਤੀਆਂ ਹਨ ਤੇ ਉਸ ਨੇ ਗਾਜ਼ਾ 'ਚੋਂ ਮੁਕੰਮਲ ਫੌਜੀ ਵਾਪਸੀ 'ਤੇ ਹੀ ਜੰਗਬੰਦੀ ਦੀ ਆਪਣੀ ਪੁਜ਼ੀਸ਼ਨ ਮੁੜ ਦੁਹਰਾਈ ਹੈ । ਇਜ਼ਰਾਇਲ ਨੂੰ ਆਪਣੇ ਸ਼ੁਰੂਆਤੀ ਦਮਗਜ਼ਿਆਂ ਤੋਂ ਪਿੱਛੇ ਹਟ ਕੇ ਅਜਿਹੀਆਂ ਪੇਸ਼ਕਸ਼ਾਂ ਕਰਨ ਲਈ ਮਜਬੂਰ ਕਰ ਦੇਣ 'ਚ ਜਿੱਥੇ ਫਲਸਤੀਨੀ ਲੋਕਾਂ ਦੇ ਸਿਦਕੀ ਟਾਕਰੇ ਦਾ ਬੁਨਿਆਦੀ ਰੋਲ ਹੈ, ਉੱਥੇ ਸੰਸਾਰ ਭਰ 'ਚ ਫਲਸਤੀਨੀ ਲੋਕਾਂ ਦੇ ਹੱਕ 'ਚ ਉੱਠੀ ਲੋਕਾਂ ਦੀ ਆਵਾਜ਼ ਦਾ ਵੀ ਮਹੱਤਵ ਬਣਿਆ ਹੋਇਆ ਹੈ, ਜਿਸ ਆਵਾਜ਼ ਨੇ ਆਪੋ-ਆਪਣੇ ਮੁਲਕਾਂ ਦੇ ਹਾਕਮਾਂ 'ਤੇ ਦਬਾਅ ਪਾ ਕੇ ਯੂ.ਐਨ. ਅੰਦਰ ਵੀ ਅਮਰੀਕਾ ਤੇ ਇਜ਼ਰਾਇਲ ਨੂੰ ਨਿਖੇੜੇ 'ਚ ਸੁੱਟਿਆ ਹੈ ।

ਇਸ ਵੇਲੇ ਪੱਛਮੀ ਏਸ਼ੀਆ ਦਾ ਇਹ ਖਿੱਤਾ ਅਮਰੀਕੀ ਸਾਮਰਾਜੀਆਂ ਤੇ ਇਜ਼ਰਾਇਲ ਵਿਰੋਧੀ ਰੋਸ ਲਹਿਰ ਦੇ ਉਭਾਰ ਦੀ ਪਕੜ 'ਚ ਹੈ । ਇਸ ਦਾ ਇੱਕ ਪ੍ਰਗਟਾਵਾ ਜਿੱਥੇ ਅਰਬ ਮੁਲਕਾਂ 'ਚ ਇਜ਼ਰਾਇਲ ਤੇ ਅਮਰੀਕੀ ਸਾਮਰਾਜ ਵਿਰੋਧੀ ਜਨਤਕ ਪ੍ਰਦਰਸ਼ਨਾਂ ਦੀ ਲੜੀ ਰਾਹੀਂ ਹੋਇਆ, ਉੱਥੇ ਇਜ਼ਰਾਇਲ ਖ਼ਿਲਾਫ਼ ਕਈ ਪਾਸਿਆਂ ਤੋਂ ਵਿਦਰੋਹੀ ਜਥੇਬੰਦੀਆਂ 'ਤੇ ਹਮਲਿਆਂ ਦੇ ਤੇਜ਼ ਹੋਣ ਰਾਹੀਂ ਵੀ ਹੋਇਆ ਹੈ । ਉਭਾਰ ਦੀ ਅਜਿਹੀ ਪਕੜ ਅਮਰੀਕੀ ਸਾਮਰਾਜੀ ਸ਼ਕਤੀ ਦੀ ਇਸ ਖਿੱਤੇ ਅੰਦਰਲੀ ਪਕੜ ਨੂੰ ਢਿੱਲੀ ਪਾ ਰਹੀ ਹੈ । ਪਿਛਲੇ ਸਮਿਆਂ ਨਾਲੋਂ ਹੁਣ ਤਬਦੀਲ ਹੋ ਚੁੱਕੀ ਸੰਸਾਰ ਹਾਲਤ ਦਾ ਪ੍ਰਛਾਵਾਂ ਇਸ ਖੇਤਰ ਅੰਦਰ ਅਮਰੀਕੀ ਚੌਧਰ ਤੇ ਧੌਂਸਗਿਰੀ ਨੂੰ ਮਿਲ ਰਹੀ ਖੁੱਲ੍ਹੀ ਚੁਣੌਤੀ ਰਾਹੀਂ ਉੱਘੜ ਰਿਹਾ ਹੈ । ਦੱਖਣੀ ਏਸ਼ੀਆ ਦਾ ਇਹ ਖਿੱਤਾ ਅਮਰੀਕੀ ਸਾਮਰਾਜੀ ਚੌਧਰ ਤੋਂ ਨਾਬਰੀ ਦੇ ਅਖਾੜੇ 'ਚ ਬਦਲ ਰਿਹਾ ਹੈ, ਜਿੱਥੇ ਇਜ਼ਰਾਇਲ ਅਤੇ ਅਮਰੀਕੀ ਫੌਜੀ ਟਿਕਾਣਿਆਂ 'ਤੇ ਕਈ ਪਾਸਿਆਂ ਤੋਂ ਹਮਲੇ ਹੋ ਰਹੇ ਹਨ । ਇਹਨਾਂ ਹਮਲਿਆਂ ਦੇ ਅਰਥ ਚਾਹੇ ਫੌਜੀ ਪੱਖੋਂ ਬਹੁਤੇ ਘਾਤਕ ਨਾ ਵੀ ਹੋਣ, ਪਰ ਅਮਰੀਕੀ ਸਾਮਰਾਜੀ ਧੌਂਸ ਨੂੰ ਚੁਣੌਤੀ ਪੱਖੋਂ ਤੇ ਫਲਸਤੀਨੀ ਕਾਜ਼ ਦੀ ਵਧ ਰਹੀ ਹਮਾਇਤ ਦੇ ਸਿਆਸੀ ਪੱਖ ਤੋਂ ਅਹਿਮ ਹਨ ।ਇਸ ਵੇਲੇ ਸਥਿਤੀ ਇਹ ਹੈ ਕਿ ਦੱਖਣੀ ਲਿਬਨਾਨ 'ਚ ਹਿਜਬੁੱਲਾ ਲੜਾਕਿਆਂ ਨਾਲ ਇਜ਼ਰਾਇਲ ਦੀਆਂ ਟੱਕਰਾਂ ਹੋ ਰਹੀਆਂ ਹਨ ਤੇ ਇੱਕ-ਦੂਜੇ ਵੱਲ ਮਿਜ਼ਾਇਲਾਂ ਦਾਗੀਆਂ ਜਾ ਰਹੀਆਂ ਹਨ। ਸੀਰੀਆ ਅਤੇ ਇਰਾਕ ਅੰਦਰ ਇਰਾਨੀ ਸਹਾਇਤਾ ਵਾਲੇ ਮਿਲੀਸ਼ੀਆ ਵੱਲੋਂ ਅਮਰੀਕੀ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ ਗਏ ਹਨ, ਜਿਨ੍ਹਾਂ ਦੇ ਜਵਾਬ 'ਚ ਅਮਰੀਕੀ ਸਾਮਰਾਜੀਆਂ ਨੇ ਬੁਖਲਾਹਟ ਭਰਿਆ ਪ੍ਰਤੀਕਰਮ ਦਿੰਦਿਆਂ ਆਪਣੀ ਖੂੰਖਾਰ ਫੌਜੀ ਤਾਕਤ ਦੀ ਨੁਮਾਇਸ਼ ਲਾਉਣ ਦਾ ਯਤਨ ਕੀਤਾ ਹੈ ।

ਇਉਂ ਹੀ ਸਾਵੇਜ਼ ਨਹਿਰ ਦੇ ਰੂਟ 'ਤੇ ਅਹੂਤੀ ਬਾਗੀਆਂ ਨੇ ਫਲਸਤੀਨੀ ਲੋਕਾਂ 'ਤੇ ਹਮਲੇ ਖ਼ਿਲਾਫ਼ ਪੈਂਤੜਾ ਲੈ ਕੇ, ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ ਹੋਇਆ ਹੈ । ਯਮਨ ਅਧਾਰਤ ਅਹੂਤੀ ਕਬੀਲੇ ਦੇ ਇਹਨਾਂ ਬਾਗੀਆਂ ਵੱਲੋਂ ਅਮਰੀਕੀ ਅਪੀਲਾਂ ਠੁਕਰਾਅ ਦਿੱਤੀਆਂ ਗਈਆਂ ਹਨ । ਪਹਿਲਾਂ ਅਹੂਤੀ ਬਾਗੀ ਅਮਰੀਕਾ ਵੱਲੋਂ ਆਪਣੀਆਂ ਗਿਣਤੀਆਂ ਕਾਰਨ ਕੌਮਾਂਤਰੀ ਦਹਿਸ਼ਤਗਰਦ ਸੰਗਠਨਾਂ ਦੀ ਸੂਚੀ ਤੋਂ ਬਾਹਰ ਰੱਖੇ ਹੋਏ ਸਨ, ਪਰ ਹੁਣ ਅਮਰੀਕਾ ਨੇ ਅਹੂਤੀ ਬਾਗੀਆਂ ਨੂੰ ਦਹਿਸ਼ਤਗਰਦ ਸੂਚੀ 'ਚ ਰੱਖਿਆ ਹੈ ਤੇ ਪੇਸ਼ਕਸ਼ ਕੀਤੀ ਹੈ ਕਿ ਜੇਕਰ ਉਹ ਹਮਲਿਆਂ ਨੂੰ ਰੋਕ ਦੇਣ ਤਾਂ ਉਹਨਾਂ ਨੂੰ ਕੌਮਾਂਤਰੀ ਦਹਿਸ਼ਤਗਰਦਾਂ ਵਜੋਂ ਸੂਚੀ 'ਚੋਂ ਬਾਹਰ ਕੱਢਿਆ ਜਾ ਸਕਦਾ ਹੈ, ਪਰ ਅਹੂਤੀ ਬਾਗੀਆਂ ਨੇ ਇਹ ਪੇਸ਼ਕਸ਼ ਠੁਕਰਾ ਕੇ ਮਾਲਵਾਹਕ ਜਹਾਜ਼ਾਂ 'ਤੇ ਹਮਲੇ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਲਾਲ ਸਾਗਰ ਦਾ ਇਹ ਇਲਾਕਾ ਦੁਨੀਆ ਦੀਆਂ ਸਾਮਰਾਜੀ ਤਾਕਤਾਂ ਦੇ ਲੁਟੇਰੇ ਵਪਾਰਕ ਰੂਟਾਂ 'ਚੋਂ ਇੱਕ ਹੈ, ਜਿਹਦੇ 'ਚ ਅਮਰੀਕੀ ਸਾਮਰਾਜੀਆਂ ਦੀ ਸਭ ਤੋਂ ਜ਼ਿਆਦਾ ਪੁੱਗਦੀ ਆਈ ਹੈ। ਇਸ ਰੂਟ 'ਤੇ ਕੀਤੇ ਜਾ ਰਹੇ ਹਮਲੇ ਅਮਰੀਕੀ ਸਾਮਰਾਜੀ ਮਹਾਂਸ਼ਕਤੀ ਦੀ ਸਰਦਾਰੀ ਨੂੰ ਸਿੱਧੀ ਚੁਣੌਤੀ ਹੈ । ਲਾਲ ਸਾਗਰ ਅੰਦਰ ਅਹੂਤੀ ਬਾਗੀਆਂ ਖ਼ਿਲਾਫ਼ ਕਾਰਵਾਈ ਲਈ ਅਮਰੀਕੀ ਸਾਮਰਾਜੀਆਂ ਨੇ ਆਪਣੇ ਕੈਂਪ ਦੀਆਂ ਸਾਮਰਾਜੀ ਤਾਕਤਾਂ ਤੇ ਅਰਬ ਪਿੱਠੂ ਹਕੂਮਤਾਂ ਨੂੰ ਸਾਂਝਾ ਅਪ੍ਰੇਸ਼ਨ ਚਲਾਉਣ ਦਾ ਸੱਦਾ ਦਿੱਤਾ ਸੀ । ਇਸ ਅਪ੍ਰੇਸ਼ਨ 'ਚ ਸ਼ਾਮਲ ਹੋਣ ਲਈ ਨਾਟੋ ਸੰਧੀ ਵਾਲੇ 9 ਦੇਸ਼ਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਸੀ, ਜਿਨ੍ਹਾਂ 'ਚੋਂ ਫਰਾਂਸ, ਇਟਲੀ ਅਤੇ ਸਪੇਨ ਨੇ ਇਸ ਸਾਂਝੇ ਅਪ੍ਰੇਸ਼ਨ ਦਾ ਹਿੱਸਾ ਬਣਨ ਤੋਂ ਇਨਕਾਰ ਕਰ ਦਿੱਤਾ ਤੇ ਵੱਖਰੇ ਤੌਰ 'ਤੇ ਕੰਮ ਕਰਨ ਦੀ ਪਹੁੰਚ ਅਖਤਿਆਰ ਕੀਤੀ ਹੈ। ਅਮਰੀਕੀ ਫੌਜੀ ਅੱਡਿਆਂ ਦਾ ਵੱਡਾ ਟਿਕਾਣਾ ਬਹਿਰੀਨ ਹੀ ਅਜਿਹਾ ਮੁਲਕ ਹੈ, ਜਿਹੜਾ ਪੱਛਮੀ ਏਸ਼ੀਆ ਦੇ ਮੁਲਕਾਂ 'ਚੋਂ ਇਹਨਾਂ ਅਪ੍ਰੇਸ਼ਨਾਂ ਦਾ ਹਿੱਸਾ ਬਣਿਆ ਹੈ। ਇੱਥੋਂ ਤੱਕ ਕਿ ਅਮਰੀਕੀ ਪਿੱਠੂ ਸਾਊਦੀ ਅਰਬ ਹਕੂਮਤ ਨੇ ਵੀ ਇਹਨਾਂ ਅਪ੍ਰੇਸ਼ਨਾਂ ਦਾ ਹਿੱਸਾ ਬਣਨ ਤੋਂ ਇਨਕਾਰ ਕੀਤਾ ਹੈ, ਜੀਹਦੇ 'ਚ ਉਹਦੀਆਂ ਇਰਾਨ ਨਾਲ ਸੰਬੰਧਾਂ ਦੀਆਂ ਗਿਣਤੀਆਂ ਅਤੇ ਲੋਕ ਅੰਦਰਲੀਆਂ ਇਜ਼ਰਾਇਲ ਤੇ ਅਮਰੀਕਾ ਵਿਰੋਧੀ ਜ਼ੋਰਦਾਰ ਰੋਸ ਤਰੰਗਾਂ ਦੇ ਅੰਸ਼ ਹਰਕਤਸ਼ੀਲ ਹਨ । ਵੱਡੀ ਗਿਣਤੀ ਮੁਲਕਾਂ ਨੇ ਇਜ਼ਰਾਇਲੀ ਹਮਾਇਤ ਦਾ ਪ੍ਰਭਾਵ ਨਾ ਦੇਣ ਲਈ ਇਹਨਾਂ ਅਪ੍ਰੇਸ਼ਨਾਂ ਤੋਂ ਕਿਨਾਰਾ ਕੀਤਾ ਹੈ। ਭਾਰਤ ਵੀ ਅਜੇ ਵੱਖਰੇ ਤੌਰ 'ਤੇ ਹਰਕਤਸ਼ੀਲ ਹੈ । ਇਹ ਸਥਿਤੀ ਇਸ ਖਿੱਤੇ 'ਚ ਅਮਰੀਕੀ ਸਾਮਰਾਜੀ ਮਹਾਂਸ਼ਕਤੀ ਦੀ ਕਮਜ਼ੋਰ ਹੋ ਰਹੀ ਪਕੜ ਨੂੰ ਹੀ ਦਰਸਾਉਂਦੀ ਹੈ ਕਿ ਹੁਣ ਉਹ ਇੱਥੇ ਮਰਜ਼ੀ ਨਾਲ ਘਟਨਾਵਾਂ ਨੂੰ ਮੋੜਾ ਦੇਣ ਦੀ ਹਾਲਤ 'ਚ ਨਹੀਂ ਹੈ । ਕੌਮਾਂਤਰੀ ਪੱਧਰ 'ਤੇ ਤਿੱਖੀ ਹੋ ਚੁੱਕੀ ਅੰਤਰ ਸਾਮਰਾਜੀ ਵਿਰੋਧਤਾਈ ਦਾ ਪਹਿਲੂ ਪੱਛਮੀ ਏਸ਼ੀਆ ਦੇ ਇਸ ਖਿੱਤੇ 'ਚ ਜ਼ਾਹਰਾ ਅਸਰ ਪਾਉਂਦਾ ਦਿਖਾਈ ਦਿੰਦਾ ਹੈ । ਅਮਰੀਕੀ ਸਾਮਰਾਜ ਵਿਰੋਧੀ ਟਾਕਰਾ ਸ਼ਕਤੀਆਂ ਲਈ ਇਹ ਪਹਿਲੂ ਲਾਹੇਵੰਦ ਅੰਸ਼ ਵਜੋਂ ਸਾਹਮਣੇ ਆ ਰਿਹਾ ਹੈ । ਅਮਰੀਕੀ ਧੌਂਸ ਤੋਂ ਨਾਬਰ ਚੱਲ ਰਹੇ ਇਰਾਨ ਵਰਗੇ ਮੁਲਕਾਂ ਅਤੇ ਅਰਬ ਜਗਤ ਦੀਆਂ ਕਈ ਟਾਕਰਾ ਜਥੇਬੰਦੀਆਂ ਲਈ ਰੂਸ ਦੀ ਹਮਾਇਤ ਹਾਸਲ ਕਰਨ ਦੀਆਂ ਗੁੰਜਾਇਸ਼ਾਂ ਵਧ ਗਈਆਂ ਹਨ । ਕੌਮਾਂਤਰੀ ਵਿਸ਼ਲੇਸ਼ਕਾਂ 'ਚ ਇਹ ਚਰਚਾ ਵੀ ਹੈ ਕਿ ਇਹਨਾਂ ਬਾਗੀ ਜਥੇਬੰਦੀਆਂ ਕੋਲ ਆਧੁਨਿਕ ਹਥਿਆਰਾਂ ਦੀ ਉਪਲੱਬਧਤਾ ਹਾਲਤ ਨੂੰ ਗੰਭੀਰ ਬਣਾ ਰਹੀ ਹੈ ਤੇ ਇਹਨਾਂ ਪਿੱਛੇ ਚੀਨ-ਰੂਸ ਗੱਠਜੋੜ ਦੀ ਢੋਈ ਹੋਣ ਦੇ ਕਿਆਫੇ ਲੱਗ ਰਹੇ ਹਨ, ਪਰ ਇਸ ਤੋਂ ਜ਼ਿਆਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਅਰਬ ਜਗਤ ਅੰਦਰ ਅਮਰੀਕੀ ਸਾਮਰਾਜੀਆਂ ਦੀ ਪਤਲੀ ਹਾਲਤ ਕਈ ਪਾਸਿਆਂ ਤੋਂ ਨਜ਼ਰ ਆ ਰਹੀ ਹੈ । ਫਲਸਤੀਨ ਖ਼ਿਲਾਫ਼ ਸਿੱਧਾ ਇਜ਼ਰਾਇਲੀ ਬਾਰੂਦੀ ਹਮਲਾ ਜਾਰੀ ਰਹਿਣ ਨਾਲ ਅਮਰੀਕੀ ਹਾਲਤ ਹੋਰ ਪਤਲੀ ਹੋਣ ਵੱਲ ਵਧ ਸਕਦੀ ਹੈ। ਅਮਰੀਕੀ ਸਾਮਰਾਜੀ ਯੁੱਧਨੀਤਕ ਜ਼ਰੂਰਤਾਂ ਏਸ ਵੇਲੇ ਚੀਨ ਦੀ ਘੇਰਾਬੰਦੀ ਕਰਨ ਤੇ ਯੂਕਰੇਨ ਮੁਹਾਜ਼ 'ਤੇ ਰੂਸ ਨੂੰ ਗੋਡਣੀਏ ਕਰਨ ਦੀਆਂ ਸਨ, ਪਰ ਹੁਣ ਇਜ਼ਰਾਈਲ ਫਲਸਤੀਨ ਮਸਲੇ ਦੇ ਪ੍ਰਸੰਗ 'ਚ ਉਹਦੇ ਲਈ ਪੱਛਮੀ ਏਸ਼ੀਆ ਦਾ ਨਵਾਂ ਜੰਗੀ ਮੁਹਾਜ਼ ਖੁੱਲ੍ਹਣ ਦਾ ਖਤਰਾ ਪੈਦਾ ਹੋ ਗਿਆ ਹੈ, ਜੋ ਉਸ ਨੂੰ ਮੌਜੂਦਾ ਹਾਲਤਾਂ 'ਚ ਵਾਰਾ ਨਹੀਂ ਖਾਂਦਾ ਹੈ। ਇਸ ਲਈ ਅਮਰੀਕੀ ਸਾਮਰਾਜੀਏ ਇਜ਼ਰਾਇਲੀ ਹਮਲੇ ਨੂੰ ਇਉਂ ਸਿੱਧੇ ਤੌਰ 'ਤੇ ਜਾਰੀ ਰੱਖਣ ਤੋਂ ਪਿੱਛੇ ਹਟ ਰਹੇ ਹਨ ਤੇ ਜੰਗਬੰਦੀ ਲਈ ਸਰਗਰਮ ਹੋ ਰਹੇ ਹਨ ।ਦਹਾਕਿਆਂ ਤੋਂ ਜਾਰੀ ਰਹਿ ਰਹੇ ਫਲਸਤੀਨੀ ਲੋਕ ਟਾਕਰੇ ਨੇ ਦਰਸਾਇਆ ਹੈ ਕਿ ਫੈਸਲਾ ਕੋਈ ਸ਼ਕਤੀ ਸਾਮਰਾਜੀ ਤਾਕਤਾਂ ਦੇ ਜੰਗੀ ਹਥਿਆਰ ਨਹੀਂ ਹਨ, ਸਗੋਂ ਫੈਸਲਾ ਤਾਕਤ ਲੋਕ ਹਨ ।

ਦੁਨੀਆ ਦੇ ਸਭ ਤੋਂ ਆਧੁਨਿਕ ਹਥਿਆਰਾਂ ਨਾਲ ਲੈੱਸ ਇਜ਼ਰਾਇਲ ਤੇ ਅਮਰੀਕੀ ਸਾਮਰਾਜੀ ਮਹਾਂਸ਼ਕਤੀ ਦੀਆਂ ਇਹ ਉਲਝਣਾਂ ਦਰਸਾਅ ਰਹੀਆਂ ਹਨ ਕਿ ਉੱਤਮ ਤੋਂ ਉੱਤਮ ਤਕਨੀਕਾਂ ਤੇ ਵਿਸ਼ਾਲ ਜੰਗੀ ਤਾਣੇ-ਬਾਣੇ ਵੀ ਲੋਕਾਂ ਦੀ ਨਾਬਰੀ ਦੀ ਭਾਵਨਾ ਅੱਗੇ ਬੇਵੱਸ ਹੋ ਜਾਂਦੇ ਹਨ । ਫਲਸਤੀਨੀ ਲੋਕਾਂ ਦਾ ਸਿਦਕੀ ਟਾਕਰਾ, ਇਸ ਨੂੰ ਆਲੇ-ਦੁਆਲੇ ਦੇ ਮੁਲਕਾਂ ਦੇ ਵਿਦਰੋਹੀ ਹਿੱਸਿਆਂ 'ਚੋਂ ਮਿਲ ਰਹੀ ਹਮਾਇਤ ਅਤੇ ਅਮਰੀਕੀ ਸਾਮਰਾਜੀ ਮਹਾਂਸ਼ਕਤੀ ਦੀ ਖੁਰ ਰਹੀ ਚੌਧਰ ਦਾ ਕੁਲ ਮਿਲਵਾਂ ਅਸਰ ਸਾਮਰਾਜਵਾਦ ਖਿਲਾਫ ਜੂਝ ਰਹੇ ਦੁਨੀਆ ਭਰ ਦੇ ਕਿਰਤੀ ਲੋਕਾਂ ਦੇ ਘੋਲਾਂ 'ਚ ਉਤਸ਼ਾਹ ਦੀਆਂ ਤਰੰਗਾਂ ਦਾ ਸੰਚਾਰ ਕਰਨ ਵਾਲਾ ਹੈ ।

**# ਸੰਪਰਕ : 94170-54015**

# ਮੰਦਰ ਮੁੱਦੇ ਨੂੰ ਭਾਜਪਾ ਧੁਖਦਾ ਰੱਖੇਗੀ



ਹਰਜਿੰਦਰ ਸਿੰਘ ਗੁਲਪੁਰ

ਭਾਜਪਾ ਅਤੇ ਸੰਘ ਦੀ ਅਸਲ ਦੁਖਦੀ ਰਗ ਇਹ ਹੈ ਕਿ ਉਸ ਕੋਲ ਕੋਈ ਵੀ ਮਹਾਂਪੁਰਸ਼ ਨਹੀਂ ਹੈ । ਜਿਹੜੇ ਹਨ, ਉਹ ਅੰਗਰੇਜ਼ਾਂ ਕੋਲੋਂ ਮੁਆਫੀਆਂ ਮੰਗ ਕੇ ਭਰੋਸੇਯੋਗਤਾ ਗੁਆ ਚੁੱਕੇ ਹਨ। ਉਧਾਰ ਦਾ ਸੰਧੂਰ ਮੱਥੇ 'ਤੇ ਲਾ ਕੇ ਉਹ ਲੋਕਤੰਤਰੀ ਬਰਾਤ ਵਿੱਚ 'ਅਬਦੁੱਲਾ ਦੀਵਾਨਾ' ਦੀ ਤਰਜ਼ 'ਤੇ ਨੱਚ ਰਹੇ ਹਨ । ਅੱਜ ਜੇ ਭਾਰਤ ਦੀ ਪਛਾਣ ਵਿਸ਼ਵ ਭਰ ਵਿਚ ਹੈ ਤਾਂ ਉਹ ਗਾਂਧੀ, ਬੁੱਧ, ਨਾਨਕ ਅਤੇ ਅਨੇਕਾਂ ਸੂਫ਼ੀ ਮੱਤ ਦੇ ਪੀਰਾਂ, ਫ਼ਕੀਰਾਂ ਅਤੇ ਟੈਗੋਰ ਵਰਗੇ ਲੇਖਕਾਂ ਦੀ ਬਦੌਲਤ ਕਰਕੇ ਹੈ । ਇਸ ਲਈ ਸੰਘ ਪਰਵਾਰ ਭਾਰਤੀ ਲੋਕਾਂ ਉੱਤੇ ਇੱਕ ਬਦੋਬਦੀ ਬਣਾਏ ਜਾ ਰਹੇ ਮਹਾਂਪੁਰਸ਼ ਨੂੰ ਥੋਪਣਾ ਚਾਹੁੰਦਾ ਹੈ। ਇਸੇ ਲਈ ਰਾਮ ਦੇ ਕੱਦ ਨੂੰ ਉਹਦੇ ਸਾਹਮਣੇ ਛੋਟਾ ਕਰ ਕੇ ਦਿਖਾਇਆ ਜਾ ਰਿਹਾ ਹੈ । ਸਾਡੇ, ਤੁਹਾਡੇ ਟੈਕਸ ਦਾ ਪੈਸਾ ਇਸ ਈਵੈਂਟ ਉੱਤੇ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ। ਚੌਵੀ ਘੰਟੇ ਗਾਂਧੀ ਨੂੰ ਪਾਣੀ ਪੀ-ਪੀ ਕੇ ਕੋਸਣ ਵਾਲੀ ਭਾਜਪਾ ਸਰਕਾਰ ਦਿੱਲੀ ਵਿਖੇ ਹਾਲ ਹੀ ਵਿਚ ਹੋਏ 20 ਸਮਾਗਮ ਦੌਰਾਨ ਮੋਦੀ ਦੀ ਅਗਵਾਈ ਵਿੱਚ ਦੁਨੀਆ ਭਰ ਦੇ ਮੁਖੀਆਂ ਨੂੰ ਗਾਂਧੀ ਦੀ ਸਮਾਧ ਉੱਤੇ ਲੈ ਕੇ ਗਈ ਸੀ। ਆਪਣੇ ਸਾਵਰਕਰ ਅਤੇ ਹੈਡਗੇਵਰ ਵਰਗੇ ਮਹਾਂਪੁਰਸ਼ਾਂ ਦੀ ਸਮਾਧ ਉੱਤੇ ਲੈ ਕੇ ਨਹੀਂ ਗਈ । ਇਸ ਵਾਸਤੇ ਪਾਰਟੀ ਆਗੂਆਂ ਵਿੱਚ ਨੈਤਿਕਤਾ ਦੀ ਲੋੜ ਹੁੰਦੀ ਹੈ, ਜੋ ਭਾਜਪਾ ਆਗੂਆਂ ਵਿੱਚ ਨਾਂਹ ਦੇ ਬਰਾਬਰ ਹੈ। ਉਸ ਨੇ ਅੰਗਰੇਜ਼ਾਂ ਤੋਂ ਇੱਕੋ ਇੱਕ ਸਿੱਖਿਆ ਹਾਸਲ ਕੀਤੀ ਹੈ ਕਿ ਜੇ ਰਾਜ ਕਰਨਾ ਹੈ ਤਾਂ ਲੋਕਾਂ ਨੂੰ ਗਲੀਆਂ, ਮੁਹੱਲਿਆਂ ਅਤੇ ਪਰਵਾਰਾਂ ਤੱਕ ਤੋੜ ਦਿਓ। ਜਦੋਂ ਉਸ ਦਾ ਇਹ ਅੰਗਰੇਜੀ ਫਾਰਮੂਲਾ ਲੋਕਾਂ ਨੇ ਰੱਦ ਕਰ ਦਿੱਤਾ ਤਾਂ ਭਾਜਪਾ ਉਥੇ ਹੀ ਪਹੁੰਚ ਜਾਵੇਗੀ, ਜਿਥੋਂ ਉਹ ਤੁਰੀ ਸੀ।

ਅਰਬਾਂ ਰੁਪਏ ਖਰਚ ਕੇ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਉਹ ਇਹ ਸਾਬਤ ਕਰਨ ਦੇ ਆਹਰ ਵਿਚ ਹੈ ਕਿ ਜਿਹੜਾ ਜੈ ਸ੍ਰੀ ਰਾਮ ਅਤੇ ਮੋਦੀ-ਮੋਦੀ ਦੇ ਨਾਅਰੇ ਨਹੀਂ ਲਾਉਂਦਾ ਉਹ ਰਾਮ ਵਿਰੋਧੀ ਹੋਣ ਦੇ ਨਾਲ ਨਾਲ ਦੇਸ਼ ਧ੍ਰੋਹੀ ਵੀ ਹੈ । ਇਸ ਵਿਚ ਉਸ ਨੂੰ ਸਫਲਤਾ ਵੀ ਮਿਲੀ ਹੈ। ਇਸ ਦਾ ਸਬੂਤ ਇਸ ਗੱਲ ਤੋਂ ਲਗਦਾ ਹੈ ਕਿ ਆਪਣੇ ਆਪ ਨੂੰ ਗੋਦੀ ਮੀਡੀਆ ਤੋਂ ਵੱਖ ਦੱਸਣ ਵਾਲੇ ਪੱਤਰਕਾਰ ਵੀ ਘੜੀ ਦੀ ਘੜੀ ਘੁੰਮ-ਘੁਮਾ ਕੇ ਗੋਦੀ ਰੰਗ ਵਿਚ ਰੰਗੇ ਦਿਖਾਈ ਦੇ ਰਹੇ ਹਨ। ਹਰ ਕੋਈ ਮੋਦੀਮਈ ਗੰਗਾ ਵਿੱਚ ਹੱਥ ਸਾਫ਼ ਕਰਨ ਲਈ ਉਤਾਵਲਾ ਹੈ । ਉਂਗਲਾਂ 'ਤੇ ਗਿਣਨ ਵਾਲੇ ਯੂ ਟਿਊਬ ਚੈਨਲਾਂ ਅਤੇ ਫਰੀਲਾਂਸਰ ਪੱਤਰਕਾਰਾਂ ਨੂੰ ਛੱਡ ਕੇ ਬਹੁਤੇ ਲੋਕ ਟਾਈਮ ਲੰਘਾਉਣ ਵਿਚ ਮਸ਼ਰੂਫ਼ ਹਨ । ਰਾਹੁਲ ਗਾਂਧੀ ਨਾਲ ਬਹੁਤੇ ਲੋਕ ਸਹਿਮਤ ਨਹੀਂ ਹੋਣਗੇ । ਕੁਝ ਸਮਾਂ ਪਹਿਲਾਂ ਮੈਂ ਵੀ ਨਹੀਂ ਸੀ, ਪਰ ਉਸ ਦਾ ਨਵਾਂ ਰੂਪ ਦੇਖ ਕੇ ਉਸ ਪ੍ਰਤੀ ਮੇਰੀ ਸੋਚ ਬਦਲ ਗਈ ਹੈ ।

ਸਾਰਾ ਸਰਕਾਰੀ ਅਤੇ ਗੈਰ-ਸਰਕਾਰੀ ਤੰਤਰ ਝੋਕਣ ਦੇ ਬਾਵਜੂਦ ਉਹ ਅੱਗੇ ਤੋਂ ਅੱਗੇ ਵਧ ਰਿਹਾ ਹੈ। ਉਸ ਨੂੰ ਕਾਲਜਾਂ ,ਯੂਨੀਵਰਸਿਟੀਆਂ ਅਤੇ ਮਨਜ਼ੂਰ ਹਾਸਲ ਰੂਟਾਂ ਵੱਲ ਜਾਣ ਤੋਂ ਰੋਕਿਆ ਜਾ ਰਿਹਾ ਹੈ। ਉਸ ਦੀ ਭਾਰਤ ਜੋੜੋ ਨਿਆਂ ਯਾਤਰਾ ਵਿੱਚ ਪੈਰ-ਪੈਰ 'ਤੇ ਦਿੱਕਤਾਂ ਖੜੀਆਂ ਕੀਤੀਆਂ ਜਾ ਰਹੀਆਂ ਹਨ। ਉਸ ਮਗਰ ਲੋਕਾਂ ਦਾ ਕਾਫ਼ਲਾ ਦਿਨੋ-ਦਿਨ ਵਧ ਰਿਹਾ ਹੈ, ਇਹ ਸ਼ੁਰੂਆਤ ਹੈ । ਅਜੇ ਉਸ ਨੇ ਉਹਨਾਂ ਰਾਜਾਂ 'ਚੋਂ ਗੁਜ਼ਰਨਾ ਹੈ, ਜਿੱਥੇ ਭਾਜਪਾ ਦੀਆਂ ਹਕੂਮਤਾਂ ਹਨ। ਰਾਮ ਮੰਦਰ ਦੇ ਨਾਂਅ 'ਤੇ ਫੁਲਾਏ ਗੁਬਾਰੇ ਨੂੰ ਉਸ ਨੇ ਇੱਕ ਤਰਾਂ ਨਾਲ ਪੰਚਰ ਕਰ ਦਿੱਤਾ ਹੈ । ਸਾਡੇ ਲੋਕਾਂ ਦੀ ਯਾਦਾਸ਼ਤ ਬਹੁਤ ਥੋੜ੍ਹੀ ਹੈ ਜਿਸ ਨੂੰ ਭਾਜਪਾ ਬਾਖੂਬੀ ਜਾਣਦੀ ਹੈ । ਉਹ ਅਚਾਰ ਸਹਿੰਤਾ ਲੱਗਣ ਅਤੇ ਵੋਟਾਂ ਪੈਣ ਦੀ ਤਾਰੀਖ ਤੱਕ ਆਪਣੇ ਭਗਤਾਂ ਨੂੰ 'ਰਾਮ ਰੌਲੇ' ਵਿਚ ਉਲਝਾਈ ਰੱਖੇਗੀ, ਤਾਂ ਕਿ ਆਪਣੇ ਪੱਕੇ ਵੋਟਰਾਂ ਨੂੰ ਆ ਰਹੀ 'ਇੰਡੀਆ' ਰੂਪੀ ਯਲਗਾਰ ਲਾਲ ਵਹਿਣ ਤੋਂ ਰੋਕਿਆ ਜਾ ਸਕੇ। ਇਸ ਲਈ ਉਸ ਦਾ ਅਗਲਾ ਪ੍ਰੋਗਰਾਮ ਕਰੋੜਾਂ ਭਗਤਾਂ ਨੂੰ ਬੱਸਾਂ, ਰੇਲ ਗੱਡੀਆਂ ਅਤੇ ਹੋਰ ਸਾਧਨਾਂ ਰਾਹੀਂ ਢੋਹ ਕੇ ਮੁਫ਼ਤ ਵਿਚ ਅਯੁੱਧਿਆ ਲਿਆਉਣਾ ਹੈ ।

ਮਿਥਿਹਾਸ ਅਨੁਸਾਰ ਰਾਮ ਨੇ ਰਾਜ-ਭਾਗ ਦਾ ਤਿਆਗ ਕੀਤਾ ਸੀ। ਇਤਿਹਾਸ ਅਨੁਸਾਰ ਸਿਧਾਰਥ ਮਹਾਤਮਾ ਬੁੱਧ ਉਦੋਂ ਬਣਿਆ ਸੀ, ਜਦੋਂ ਉਸ ਨੇ ਆਪਣੇ ਪੁੱਤਰ ਰਾਹੁਲ ਅਤੇ ਆਪਣੀ ਪਤਨੀ ਯਸ਼ੋਧਰਾ ਨੂੰ ਸੁੱਤੇ ਪਏ ਛੱਡ ਕੇ ਮਹਿਲ ਤਿਆਗ ਦਿੱਤਾ ਸੀ। ਪੰਜਾਬ ਦੇ ਸੰਦਰਭ ਵਿੱਚ ਬਾਬਾ ਨਾਨਕ ਦੀ ਉਦਾਹਰਣ ਸਭ ਦੇ ਸਾਹਮਣੇ ਹੈ । ਇਹ ਸ਼ਖ਼ਸ ਕੰਮ ਸਾਰੇ ਉਲਟ ਕਰ ਰਿਹਾ ਹੈ ਅਤੇ ਆਪਣੇ ਚਾਪਲੂਸਾਂ ਕੋਲੋ ਆਪਣੇ ਆਪ ਨੂੰ ਦਰਜਾ ਭਗਵਾਨ ਵਿਸ਼ਨੂੰ ਦਾ ਦਿਵਾ ਰਿਹਾ ਹੈ । ਘੱਟ ਗਿਣਤੀਆਂ ਨੂੰ ਲਗਦਾ ਸੀ ਕਿ ਚਲੋ ਰਾਮ ਮੰਦਰ ਬਣ ਗਿਆ ਤਾਂ ਹੁਣ ਸ਼ਾਂਤੀ ਹੋ ਜਾਵੇਗੀ, ਪਰ ਭਾਜਪਾ ਦੀ ਵਿਉਂਤਬੰਦੀ ਇਸ ਮੁੱਦੇ ਨੂੰ ਭਵਿੱਖ ਵਿੱਚ ਵੀ ਧੁਖਾਈ ਰੱਖਣ ਦੀ ਹੈ। ਇਹ ਤਾਂ ਗਨੀਮਤ ਹੈ ਕਿ ਹਿੰਦੂਆਂ ਦੇ ਚਾਰ ਦੇ ਚਾਰ ਸ਼ੰਕਰਾਚਾਰੀਆ ਮੰਦਰ ਦੇ ਮੁੱਦੇ ਉੱਤੇ ਸੰਘ ਤੋਂ ਦੂਰੀ ਬਣਾ ਕੇ ਬੈਠੇ ਹਨ। ਜੇ ਭਲਾ ਉਹ ਵੀ ਉਹਦੀ ਪਿੱਠ 'ਤੇ ਖੜ ਜਾਂਦੇ ਤਾਂ ਸੋਚੋ ਕਿ ਕਰੇਲੇ ਨੇ ਨਿੰਮ 'ਤੇ ਚੜ੍ਹ ਕੇ ਕਿੰਨਾ ਹੋਰ ਕੁਸੈਲਾ ਹੋ ਜਾਣਾ ਸੀ। ਚਾਰਾਂ ਧਰਮ ਗੁਰੂਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਸ ਮਹਾਂ ਈਵੈਂਟ ਦਾ ਨਾ ਤਾਂ ਸਨਾਤਨ ਨਾਲ ਸੰਬੰਧ ਹੈ ਅਤੇ ਨਾ ਕਿਸੇ ਧਾਰਮਿਕ ਫਲਸਫੇ ਨਾਲ । ਇਹ ਨਿਰੋਲ ਭਾਜਪਾ ਦਾ ਵੋਟ ਬਟੋਰੂ ਪ੍ਰੋਗਰਾਮ ਹੈ। ਸਭ ਤੋਂ ਵੱਡਾ ਅਫਸੋਸ ਇਹ ਹੈ ਕਿ ਭਾਜਪਾ ਦੇ ਵੋਟਰ ਉਹੀ ਹਨ ਜਿਹਨਾਂ ਦੇ ਸਿਰਾਂ ਉੱਤੇ ਪਿਸ਼ਾਬ ਕੀਤਾ ਜਾ ਰਿਹਾ ਹੈ ਅਤੇ ਉਹ ਦੋ ਡੰਗ ਦੀ ਰੋਟੀ ਖਾਣ ਲਈ ਵੀ ਮੁਹਤਾਜ ਹਨ । ਭਾਜਪਾ ਦਾ ਸਾਮਰਾਜ 'ਕਰੋ ਜਾਂ ਮਰੋ' ਦੀ ਨੀਤੀ 'ਤੇ ਚੱਲ ਕੇ ਆਉਂਦੀਆਂ ਚੋਣਾਂ ਵਿੱਚ ਨਿੱਤਰ ਰਿਹਾ ਹੈ । ਮਸਾਂ-ਮਸਾਂ ਮਿਲੀ ਸੱਤਾ ਦਾ ਅਨੰਦ ਭੋਗ ਕੇ ਉਹ ਆਫਰ ਗਏ ਹਨ । 22 ਜਨਵਰੀ ਨੂੰ ਪ੍ਰਾਣ-ਪ੍ਰਤਿਸ਼ਠਾ ਦਾ ਸਮਗਮ ਖਤਮ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਵਿਚ ਅੱਜ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਇਹ ਉਹਨਾਂ ਦੀ ਕਥਿਤ ਭਗਤਾਂ ਨੂੰ ਸੰਕੇਤਕ ਭਾਸ਼ਾ ਵਿਚ ਦਿੱਤਾ ਖੁਫੀਆ ਸੁਨੇਹਾ ਸੀ, ਜਿਸ ਨੂੰ ਉਹ ਹੱਥੋ ਹੱਥ ਲੈ ਕੇ ਉਸ ਉੱਤੇ ਅਮਲ ਕਰਨਾ ਸ਼ੁਰੂ ਕਰ ਦਿੰਦੇ ਹਨ । ਸਮਾਗਮ ਦੇ ਅੰਤ ਬਾਅਦ ਅਜਿਹਾ ਹੀ ਹੋਇਆ। ਝਾਰਖੰਡ ਦੇ ਝਾਬੂਆ ਵਿੱਚ ਸਥਿਤ ਇੱਕ ਚਰਚ ਉੱਤੇ ਚੜ੍ਹ ਕੇ ਭਗਵਾਂ ਝੰਡਾ ਲਹਿਰਾਇਆ ਗਿਆ। ਪਟਨਾ, ਆਗਰਾ ਅਤੇ ਮਹਾਰਾਸ਼ਟਰ ਵਿੱਚ ਮਸਜਿਦਾਂ ਨੂੰ ਨਿਸ਼ਾਨਾ ਬਣਾ ਕੇ ਇੱਕ ਵਿਸ਼ੇਸ਼ ਵਰਗ ਨੂੰ ਉਕਸਾਉਣ ਦਾ ਯਤਨ ਕੀਤਾ ਗਿਆ। ਇਸ ਦਾ ਮਕਸਦ ਚੋਣਾਂ ਤੋਂ ਐਨ ਪਹਿਲਾਂ ਸੰਪਰਦਾਇਕ ਤਣਾਅ ਪੈਦਾ ਕਰਨਾ ਹੈ । ਪੁਲਸ ਦਾ ਕਹਿਣਾ ਹੈ ਕਿ ਜਦੋਂ ਕੋਈ ਸ਼ਿਕਾਇਤ ਆਈ ਤਾਂ ਕਾਰਵਾਈ ਕੀਤੀ ਜਾਵੇਗੀ । ਨਵੇਂ ਯੁੱਗ ਦੀ ਸ਼ੁਰੂਆਤ ਹੁੰਦਿਆਂ ਦੇਸ਼ ਦੇ ਅਨੇਕਾਂ ਹਿੱਸਿਆਂ ਵਿਚ ਕਥਿਤ ਭਗਤਾਂ ਘੱਟ ਗਿਣਤੀਆਂ ਨੂੰ ਪੀੜਾ ਦੇਣ ਵਾਲੀਆਂ ਅਨੇਕਾਂ ਕਰਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ । ਇਨ੍ਹਾਂ ਵਿੱਚ ਕੁਸ਼ੀ ਨਗਰ ਜਲੌਣ, ਕਾਨਪੁਰ, ਮੀਰਾ ਰੋਡ ਆਦਿ ਥਾਵਾਂ ਸ਼ਾਮਲ ਹਨ । ਲਖਨਊ ਵਿੱਚ ਤਾਂ ਕਥਿਤ ਭਗਤਾਂ ਨੇ ਸਾਰੀਆਂ ਹੱਦਾਂ ਹੀ ਤੋੜ ਦਿੱਤੀਆਂ । ਲਖਨਊ ਦੇ ਕੇਂਦਰ ਬਿੰਦੂ ਵਜੋਂ ਜਾਣੇ ਜਾਂਦੇ ਹਜ਼ਰਤ ਗੰਜ ਚੌਂਕ ਵਿੱਚ ਘੱਟ ਗਿਣਤੀ ਫਿਰਕੇ ਪ੍ਰਤੀ ਗਾਲਾਂ ਨਾਲ ਪਰੋਇਆ ਅਸ਼ਲੀਲ ਗੀਤ ਉੱਚੀ-ਉੱਚੀ ਡੈਕ ਉੱਤੇ ਵਜਾਇਆ ਗਿਆ । ਇਹ ਚੌਂਕ ਮੁੱਖ ਮੰਤਰੀ ਨਿਵਾਸ ਤੋਂ ਮਹਿਜ਼ ਪੰਜ, ਛੇ ਸੌ ਮੀਟਰ ਦੀ ਦੂਰੀ 'ਤੇ ਹੈ।

ਵਿਰੋਧੀਆਂ ਵਾਸਤੇ ਇਹ ਪਰਖ ਦੀ ਘੜੀ ਹੈ। ਜੇ ਉਹ ਇਸ ਵਾਰ ਖੁੰਝ ਗਏ ਤਾਂ ਉਹਨਾਂ ਦਾ ਵਜੂਦ ਖਤਰੇ ਵਿਚ ਪੈ ਸਕਦਾ ਹੈ। ਹਾਲਾਤ ਜੋ ਡਰ ਗਿਆ, ਸੋ ਮਰ ਗਿਆ ਵਾਲੇ ਬਣੇ ਹੋਏ ਹਨ। ਤਹਿਜ਼ੀਬ ਅਤੇ ਇਤਿਹਾਸ ਦੇ ਚੱਕਰ ਨੂੰ ਉਲਟੇ ਰੁਖ ਵਹਾਉਣ ਦੇ ਯਤਨ ਗਿਣ-ਮਿਥ ਕੇ ਕੀਤੇ ਜਾ ਰਹੇ ਹਨ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਇਤਿਹਾਸ ਨੂੰ ਜਿੰਨਾ ਮਰੋੜੋਗੇ, ਉਹ ਕਈ ਗੁਣਾ ਤਾਕਤ ਨਾਲ ਨਵਾਂ ਨਰੋਆ ਬਣ ਕੇ ਅੱਗੇ ਆਉਂਦਾ ਰਹੇਗਾ। ਹਾਂ, ਸਮਾਂ ਜ਼ਰੂਰ ਲੱਗ ਸਕਦਾ ਹੈ । ਚੋਣਾਂ ਦੀ ਤਾਰੀਖ ਆਉਂਦੇ-ਆਉਂਦੇ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਨਾਲ ਸੰਬੰਧਤ ਮੁੱਦੇ ਮੋਦੀ ਈਵੈਂਟ 'ਤੇ ਭਾਰੂ ਹੁੰਦੇ ਜਾਣਗੇ ।

**# ਸੰਪਰਕ : 79735-01892**

# ਰਾਮ ਮੰਦਰ, 295-ਏ ਤੇ ਧਾਰਮਕ ਭਾਵਨਾਵਾਂ ਭੜਕਣ ਦਾ ਅਸਲੀ ਸੱਚ



ਨਰਾਇਣ ਦੱਤ

ਲੰਘੀ 22 ਜਨਵਰੀ ਨੂੰ ਸੰਘੀ ਲਾਣੇ ਨੇ ਆਖਰਕਾਰ ਰਾਮ ਲੱਲਾ ਦੇ ਸ਼ਾਹੀ ਉਦਘਾਟਨੀ ਪ੍ਰਪੰਚ ਰਚਣ ਉਪਰੰਤ ਇਸ ਮੰਦਰ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਹੈ। ਰਾਮ ਲੱਲਾ ਦੇ ਇਸ ਉਦਘਾਟਨੀ ਸਮਾਰੋਹ ਸਮੇਂ ਸੰਘ ਸਰਚਾਲਕ ਮੋਹਨ ਭਾਗਵਤ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਯੂਪੀ ਦੇ ਮੁੱਖ ਮੰਤਰੀ ਅਤੇ ਰਾਜਪਾਲ ਸਮੇਤ ਹਜ਼ਾਰਾਂ ਸਾਧ ਸੰਤ, ਫਿਲਮੀ ਸਿਤਾਰੇ, ਅਡਾਨੀ, ਅੰਬਾਨੀ, ਵੇਦਾਂਤਾ ਗਰੁੱਪ ਵਰਗੇ ਅਮੀਰ ਘਰਾਣੇ ਅਯੁੱਧਿਆ ਵਿੱਚ ਮੌਜੂਦ ਰਹੇ। ਯਾਦ ਰਹੇ ਕਿ ਅਯੁੱਧਿਆ ਵਿਖੇ ਹਜ਼ਾਰਾਂ ਲੋਕਾਂ ਦੇ ਕਾਰੋਬਾਰ ਦਾ ਉਜਾੜਾ ਕਰਕੇ ਸੈਂਕੜੇ ਘਰਾਂ ਨੂੰ ਉਜਾੜ ਕੇ, ਚਾਰ ਦਰਜਨਾਂ ਤੋਂ ਵੱਧ ਧਾਰਮਕ ਅਸਥਾਨਾਂ ਦਾ ਮਲੀਆਮੇਟ ਕਰਕੇ ਇਸ ਰਾਮ ਮੰਦਰ ਦੀ ਉਸਾਰੀ ਕੀਤੀ ਗਈ ਹੈ।

ਇਸ ਉਦਘਾਟਨ ਤੋਂ 21 ਦਿਨ ਪਹਿਲਾਂ ਤੱਕ ਇਸ ਸਮਾਰੋਹ ਨੂੰ ਅੰਤਮ ਛੋਹਾਂ ਦੇਣ ਤੇ ਮੁਲਕ ਭਰ ਅੰਦਰ ਆਪਣੀ ਫਿਰਕੂ ਜ਼ਹਿਰ ਨੂੰ ਫੈਲਾਉਣ ਦੇ ਮਕਸਦ ਨਾਲ ਅਲੱਗ-ਅਲੱਗ ਮੰਦਰਾਂ ਅੰਦਰ ਪੂਜਾ-ਅਰਚਨਾ ਕਰਨ ਦੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਅਡੰਬਰ ਰਚੇ ਗਏ। ਅਯੁੱਧਿਆ ਵਿਖੇ ਕੀਤੇ ਗਏ ਅੰਤਮ ਸਮਾਰੋਹਾਂ ਤੋਂ ਗੱਲ ਅੱਗੇ ਵਧਾ ਕੇ ਪੂਰੇ ਮੁਲਕ ਅੰਦਰ ਇਸ ਉਦਘਾਟਨੀ ਸਮਾਰੋਹ ਨੂੰ ਵੋਟਾਂ ਦੀ ਫਸਲ ਵਿੱਚ ਵੱਟਣ ਅਤੇ ਹਿੰਦੂ ਸ਼ਾਵਨਵਾਦ ਭੜਕਾਉਣ ਦੀ ਬਕਾਇਦਾ ਵਿਓਂਤਬੰਦੀ ਕੀਤੀ ਗਈ। ਥਾਂ-ਥਾਂ 'ਤੇ ਧਾਰਮਕ ਜਲੂਸ ਕੱਢੇ ਗਏ, ਰਾਮ ਦੀਆਂ ਫੋਟੋਆਂ ਵਾਲੇ ਝੰਡੇ ਲਹਿਰਾਏ ਗਏ-'ਏਕ ਹੀ ਨਾਹਰਾ ਗੂੰਜੇਗਾ, ਭਾਰਤ ਦਾ ਹਰ ਬੱਚਾ ਬੋਲੇਗਾ ਜੈ ਸ੍ਰੀ ਰਾਮ' ਦੇ ਨਾਹਰੇ ਲਗਾਏ ਗਏ। ਇਹ ਜਲੂਸ ਧਾਰਮਕ ਘੱਟ-ਗਿਣਤੀਆਂ ਦੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚੋਂ ਦੀ ਵਿਸ਼ੇਸ਼ ਰੂਪ 'ਚ ਵੀ ਕੱਢੇ ਗਏ।

'ਰਾਮ ਰਾਜ' ਵਾਲੇ ਯੂ ਪੀ ਅੰਦਰ ਹੀ ਸੰਤ ਕਬੀਰ ਨਗਰ ਦੀ ਮਸਜਿਦ ਨੂੰ ਨਿਸ਼ਾਨਾ ਬਣਾਇਆ ਗਿਆ, ਇਸੇ ਹੀ ਤਰ੍ਹਾਂ ਆਗਰਾ ਵਿਖੇ 17ਵੀਂ ਸਦੀ ਦੀ ਮਸਜਿਦ ਨੂੰ ਨਿਸ਼ਾਨਾ ਬਣਾਇਆ ਗਿਆ। ਦੋਨਾਂ ਮਸਜਿਦਾਂ ਉੱਪਰ ਭਗਵੇਂ ਝੰਡੇ ਲਹਿਰਾਏ ਗਏ। ਮਸਜਿਦਾਂ ਅੰਦਰ ਮੌਜੂਦ ਲੋਕਾਂ ਨੂੰ ਧਮਕੀਆਂ ਦਿੱਤੀਆਂ ਗਈਆਂ, ਗਾਲ੍ਹਾਂ ਕੱਢੀਆਂ ਗਈਆਂ, ਮਸਜਿਦਾਂ ਨੂੰ ਅਪਵਿੱਤਰ ਕੀਤਾ ਗਿਆ, ਸੰਪਰਦਾਇਕ ਹਿੰਸਾ ਭੜਕਾਉਣ ਦਾ ਯਤਨ ਕੀਤਾ ਗਿਆ। ਮਹਾਰਾਸ਼ਟਰ ਦੇ ਬੰਬਈ ਅੰਦਰ ਮੁਸਲਿਮ ਬਹੁਲ ਮੀਰਾ ਰੋਡ ਇਲਾਕੇ 'ਚ 1000-1500 ਦੀ ਹਜੂਮੀ ਭੀੜ ਨੇ ਹਮਲਾਵਰ ਮਾਰਚ ਕੀਤਾ, ਪਰ ਉਲਟਾ ਇਸੇ ਭੀੜ 'ਤੇ ਪੱਥਰਬਾਜ਼ੀ ਕਰਨ ਦੇ ਦੋਸ਼ ਹੇਠ ਮੁਸਲਿਮ ਭਾਈਚਾਰੇ ਦੀਆਂ ਦੁਕਾਨਾਂ ਨੂੰ ਬੁਲਡੋਜ਼ਰੀ ਮੁਹਿੰਮ ਰਾਹੀਂ ਮਲੀਆਮੇਟ ਕਰ ਦਿੱਤਾ ਗਿਆ। ਰਾਮ ਲੱਲਾ ਦੇ ਸ਼ਾਹੀ ਉਦਘਾਟਨੀ ਸਮਾਰੋਹ ਨੂੰ ਮੁਸਲਿਮ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰਨ ਲਈ ਪੂਰੇ ਵਿਓਂਤਬੱਧ ਢੰਗ ਨਾਲ ਵਰਤਿਆ ਗਿਆ।

ਦੇਸ਼ ਦੇ ਹੋਰਨਾਂ ਭਾਗਾਂ ਦੀ ਤਰ੍ਹਾਂ ਇੱਧਰ ਪੰਜਾਬ ਅੰਦਰ ਇੱਕ ਨਵੀਂ ਕਿਸਮ ਦਾ ਬਿਰਤਾਂਤ (ਨੈਰੇਟਿਵ) ਸਿਰਜਿਆ ਜਾ ਰਿਹਾ ਹੈ। ਹਿੰਦੂ ਮਿਥਿਹਾਸ ਨਾਲੋਂ ਹਟਵੇਂ ਵਿਚਾਰ ਰੱਖਣ ਅਤੇ ਹਿੰਦੂ ਮਿਥਿਹਾਸ ਉੱਪਰ ਟਿੱਪਣੀ ਕਰਨ ਉੱਪਰ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਆਹਤ ਹੋਇਆ ਦੱਸ ਕੇ ਧਾਰਾ 295 ਏ ਦੀ ਦੁਰਵਰਤੋਂ ਕਰਦਿਆਂ ਪਰਚੇ ਦਰਜ ਕਰਵਾਉਣ ਦੀ ਹੋੜ ਜਿਹੀ ਲੱਗ ਗਈ ਹੈ। ਬਰਨਾਲਾ ਦੇ ਧਨੌਲਾ ਅਤੇ ਬਠਿੰਡਾ ਦੇ ਰਾਮਾ ਮੰਡੀ ਤੋਂ ਬਾਅਦ 'ਦੁਨੀਆ' ਚੈਨਲ ਨੂੰ ਨਿਸ਼ਾਨਾ ਬਣਾਉਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ।

ਹਰ ਇਨਸਾਫਪਸੰਦ ਸ਼ਹਿਰੀ ਦੇ ਮਨ ਅੰਦਰ ਇਹ ਸੁਆਲ ਸੁਤੇਸਿੱਧ ਹੀ ਉੱਠਦਾ ਹੈ ਕਿ ਕੀ ਗੱਲ ਹੈ ਕਿ ਇਹਨਾਂ ਹੀ 'ਹਿੰਦੂਆਂ' ਦੀਆਂ ਭਾਵਨਾਵਾਂ ਉਸ ਸਮੇਂ ਸ਼ਾਂਤ ਰਹਿੰਦੀਆਂ ਹਨ-

-ਜਦੋਂ ਜਾਤੀ ਤੁਅੱਸਬ ਨਾਲ ਗੜੁੱਚ ਮੈਂਬਰ ਰਮੇਸ਼ ਭਿਦੂੜੀ ਸਰੇਆਮ ਇੱਕ ਹੋਰ ਮੁਸਲਿਮ ਧਾਰਮਿਕ ਫਿਰਕੇ ਨਾਲ ਸੰਬੰਧਤ ਆਪਣੇ ਸਾਥੀ ਪਾਰਲੀਮੈਂਟ ਮੈਂਬਰ ਨੂੰ ਸ਼ਰਮਨਾਕ ਗਾਲ੍ਹਾਂ ਕੱਢ ਕੇ ਅਪਮਾਨਤ ਕਰਦਾ ਹੈ।

- ਜਦੋਂ ਮੁਲਕ ਦਾ ਗ੍ਰਹਿ ਮੰਤਰੀ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਹਿੰਦੂ ਔਰਤਾਂ ਦੇ ਮੁਸਲਮਾਨਾਂ ਵੱਲੋਂ ਬਲਾਤਕਾਰ ਕਰਨ ਦੀਆਂ ਧਮਕੀਆਂ ਦਿੰਦਾ ਹੈ।

- ਦਿੱਲੀ ਦੰਗਿਆਂ ਸਮੇਂ ਪ੍ਰਵੇਸ਼ ਵਰਮਾ ਅਤੇ ਅਨੁਰਾਗ ਠਾਕੁਰ ਮੁਸਲਿਮ ਭਾਈਚਾਰੇ ਲਈ 'ਦੇਸ਼ ਕੇ ਗੱਦਾਰੋਂ ਕੋ-ਗੋਲੀ ਮਾਰੋ ਸਾਲੋਂ ਕੋ' ਆਦਿ ਦੇ ਸ਼ਰਮਨਾਕ ਤਖੱਲਸ ਵਰਤਦਾ ਹੈ। ਭਾਜਪਾ ਲਾਣਾ ਅਜਿਹੇ ਲੋਕਾਂ ਨੂੰ ਕੇਂਦਰੀ ਹਕੂਮਤ ਵਿੱਚ ਉੱਚ ਅਹੁਦਿਆਂ ਨਾਲ ਨਿਵਾਜਦਾ ਹੈ।

ਹਿੰਦੂ ਧਰਮ ਵਿਰੁੱਧ ਟਿੱਪਣੀਆਂ ਕਰਨ ਨਾਲ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਗੱਲ ਕਰਨ ਵਾਲੇ 'ਲੋਕ ਹਿਤੈਸ਼ੀਆਂ' ਦੀਆਂ ਧਾਰਮਕ ਤੇ ਆਤਮਕ ਭਾਵਨਾਵਾਂ ਉਦੋਂ ਆਹਤ ਕਿਉਂ ਨਹੀਂ ਹੁੰਦੀਆਂ ?

-ਜਦੋਂ 5 ਮਹੀਨੇ ਦੀ ਗਰਭਵਤੀ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਨ ਵਾਲੇ ਅਤੇ ਪਰਵਾਰ ਦੇ 11 ਮੈਂਬਰਾਂ ਦੇ ਕਾਤਲਾਂ ਨੂੰ ਗੁਜਰਾਤ ਸਰਕਾਰ ਵੱਲੋਂ ਉੱਚ-ਸੰਸਕਾਰੀ ਬ੍ਰਾਹਮਣ ਗਰਦਾਨ ਕੇ ਜੇਲ੍ਹੋਂ ਰਿਹਾਅ ਕਰ ਦਿੱਤਾ ਜਾਂਦਾ ਹੈ। ਗਲਾਂ ਵਿੱਚ ਹਾਰ ਪਾਏ ਜਾਂਦੇ ਹਨ ਤੇ ਮਠਿਆਈਆਂ ਵੰਡੀਆਂ ਜਾਂਦੀਆਂ ਹਨ।

-ਕਠੂਆ ਦੀ ਅੱਠ ਸਾਲਾ ਬਾਲੜੀ ਨਾਲ ਬਲਾਤਕਾਰ/ ਕਤਲ ਕਾਂਡ ਮੌਕੇ ਬਲਾਤਕਾਰੀਆਂ ਦੇ ਪੱਖ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਕੀਤੇ ਗਏ ਮਾਰਚ ਸਮੇਂ ਵੀ ਭਾਵਨਾਵਾਂ ਆਹਤ ਨਹੀਂ ਹੋਈਆਂ।

-ਇਹ ਭਾਵਨਾਵਾਂ ਉਸ ਸਮੇਂ ਵੀ ਆਹਤ ਨਹੀਂ ਹੋਈਆਂ, ਜਦੋਂ ਭਾਜਪਾ ਦੇ ਯੂ ਪੀ ਦੇ ਇੱਕ ਵਿਧਾਇਕ ਕੁਲਦੀਪ ਸੈਂਗਰ ਨੂੰ ਇੱਕ ਦਲਿਤ ਔਰਤ ਨਾਲ ਬਲਾਤਕਾਰ ਕਰਕੇ ਕਤਲ ਕਰਨ ਦਾ ਦੋਸ਼ੀ ਪਾਇਆ ਗਿਆ।

-ਇਹਨਾਂ ਭੱਦਰ ਪੁਰਸ਼ਾਂ ਦੀਆਂ ਭਾਵਨਾਵਾਂ ਤੇ ਯੂ ਪੀ ਦੇ ਇੱਕ ਪਾਰਲੀਮੈਂਟ ਮੈਂਬਰ ਚਿਮਿਆਂ ਨੰਦ ਨੇ ਕਾਨੂੰਨ ਦੀ ਪੜ੍ਹਾਈ ਕਰ ਰਹੀ ਵਿਦਿਆਰਥਣ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ।

-ਇਹ ਭਾਵਨਾਵਾਂ ਹਾਥਰਸ ਜਿਹੇ ਘਿਨਾਉਣੇ ਕਾਂਡ ਸਮੇਂ ਵੀ ਸ਼ਾਂਤ ਰਹੀਆਂ।

ਮੋਦੀ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਦਾ ਇਹ ਕਦਮ ਵੱਖ-ਵੱਖ ਕਿਸਮਾਂ ਦੀਆਂ ਧਾਰਮਿਕ ਘੱਟ-ਗਿਣਤੀਆਂ ਆਧਾਰਤ ਮੁਲਕ ਦੀ ਧਰਮ-ਨਿਰਪੱਖ ਪਹਿਚਾਣ ਨੂੰ ਖਤਮ ਕਰਕੇ ਇਸ ਦੀ ਥਾਂ ਮੁਲਕ ਦੀ ਸਿਰਫ ਇੱਕੋ-ਇੱਕ ਹਿੰਦੂ ਧਰਮ ਆਧਾਰਤ ਪਹਿਚਾਣ ਬਣਾਉਣ ਦੀ ਸੰਘੀਆਂ ਦੀ ਲੰਮੇ ਦਾਅ ਦੀ ਸਾਜ਼ਿਸ਼ ਦਾ ਸਿੱਟਾ ਹੈ। ਸੁਪਰੀਮ ਕੋਰਟ ਨੇ ਭਲੇ ਹੀ ਰਾਮ ਮੰਦਰ ਅਯੁੱਧਿਆ ਦੇ ਹੱਕ ਵਿੱਚ ਫੈਸਲਾ ਦਿੱਤਾ ਹੈ, ਪਰ ਨਾਲ ਹੀ ਇਸੇ ਹੀ ਫੈਸਲੇ 'ਚ ਸੁਪਰੀਮ ਕੋਰਟ ਨੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ਦੇ ਢਾਹੁਣ ਨੂੰ ਇੱਕ ਵੱਡਾ ਅਪਰਾਧ ਕਿਹਾ ਹੈ, ਪਰ ਸੰਘੀ ਲਾਣੇ ਨੇ ਉਹਨਾਂ ਨੂੰ ਹੀ ਯਾਨਿ ਕਿ ਮਸਜਿਦ ਢਾਹੁਣ ਵਾਲਿਆਂ ਨੂੰ ਹੀ ਸਨਮਾਨਤ ਕਰਕੇ ਆਜ਼ਾਦੀ ਸੰਗਰਾਮੀਏ ਬਣਾ ਦਿੱਤਾ ਹੈ। ਇਹ ਉਹਨਾਂ 22 ਕਰੋੜ ਮੁਸਲਿਮ ਲੋਕਾਂ ਲਈ ਬੇਹੱਦ ਔਖੀ ਘੜੀ ਹੈ, ਜਿਹਨਾਂ 1947 ਵਿੱਚ ਜਿਨਾਹ ਦੇ ਧਰਮ ਆਧਾਰਤ ਮੁਲਕ ਪਾਕਿਸਤਾਨ ਜਾਣ ਦੀ ਥਾਂ ਧਰਮ ਨਿਰਪੱਖ ਭਾਰਤ ਅੰਦਰ ਹੀ ਬਣੇ ਰਹਿਣ ਦੀ ਚੋਣ ਕੀਤੀ। ਸੰਘੀ ਲਾਣੇ ਨੇ ਧਰਮ ਨਿਰਪੱਖ ਵੱਖ-ਵੱਖ ਧਰਮਾਂ/ਕੌਮੀਅਤਾਂ ਅਧਾਰਤ ਉੱਸਰੀ ਭਾਰਤ ਦੀ ਬੁਨਿਆਦੀ ਪਹਿਚਾਣ ਹੀ ਬਦਲ ਦਿੱਤੀ ਹੈ। ਸੰਘੀਆਂ ਵੱਲੋਂ 22 ਜਨਵਰੀ ਨੂੰ ਝੁਲਾਏ ਗਏ ਝੰਡਿਆਂ ਨੂੰ ਮੁਸਲਿਮ ਧਾਰਮਿਕ ਗਿਣਤੀ ਨੂੰ ਉਨ੍ਹਾਂ ਦੇ ਸੀਨੇ 'ਤੇ ਜਬਰੀ ਲਹਿਰਾ ਦਿੱਤੇ ਗਏ ਮਹਿਸੂਸ ਕਰਨ ਲਾ ਦਿੱਤਾ ਹੈ। ਅਜਿਹਾ ਹੋਣ ਨਾਲ ਆਰ ਐਸ ਐਸ ਦੇ ਫਿਰਕੂ ਤਾਲਾਬੰਦੀ ਦੇ ਗੁੱਝੇ ਮਨਸੂਬੇ ਜਾਹਰ ਹੋ ਗਏ ਹਨ। ਫਿਰਕੂ ਪਾਲਾਬੰਦੀ ਦੇ ਆਸਰੇ ਹੀ ਰਾਮ ਲੱਲਾ ਦਾ ਉਦਘਾਟਨ ਪਾਰਲੀਮਾਨੀ ਚੋਣਾਂ ਮੌਕੇ 2024 'ਚ ਕੀਤੇ ਜਾਣਾ ਇਹਨਾਂ ਚੋਣਾਂ ਅੰਦਰ ਆਪਣੀਆਂ ਵੋਟਾਂ ਦੀ ਫਸਲ ਪੱਕੀ ਕਰਨਾ ਹੈ।

ਜਿਸ ਤਰ੍ਹਾਂ ਹਿੰਦੂ ਸ਼ਾਵਨਵਾਦ ਭੜਕਾ ਕੇ ਰਾਮ ਲੱਲਾ ਦਾ ਸ਼ਾਹੀ ਉਦਘਾਟਨ ਕੀਤਾ ਗਿਆ ਹੈ, ਇਸ ਨੂੰ ਮਹਿਜ਼ ਇੱਕ ਮੰਦਰ ਦੇ ਉਦਘਾਟਨ ਤੱਕ ਸੀਮਤ ਰੱਖ ਕੇ ਨਹੀਂ ਵੇਖਣਾ ਚਾਹੀਦਾ। ਰਾਮ ਮੰਦਰ ਦਾ ਉਦਘਾਟਨ ਤਾਂ ਇੱਕ ਬਹਾਨਾ ਹੈ, ਅਸਲ ਨਿਸ਼ਾਨਾ ਤਾਂ ਵੱਖ-ਵੱਖ ਧਰਮਾਂ, ਕੌਮਾਂ ਦੀ ਸਾਂਝੀ ਵਿਰਾਸਤ ਨੂੰ ਮਲੀਆਮੇਟ ਕਰਕੇ 'ਇੱਕ ਮੁਲਕ- ਇੱਕ ਧਰਮ', 'ਇੱਕ ਮੁਲਕ-ਇੱਕ ਕੌਮ', 'ਇੱਕ ਮੁਲਕ-ਇੱਕ ਧਰਮ', 'ਇੱਕ ਮੁਲਕ-ਇੱਕ ਸੱਭਿਆਚਾਰ' ਦੇ ਆਰ ਐੱਸ ਐੱਸ ਦੇ ਨਾਹਰੇ ਨੂੰ ਸਾਕਾਰ ਕਰਨਾ ਹੈ।

ਅਸਲੀ ਗੱਲ ਇਹ ਹੈ ਕਿ ਮੰਦਰ ਦੇ ਉਦਘਾਟਨ ਬਹਾਨੇ ਅਤੇ ਧਾਰਮਕ ਭਾਵਨਾਵਾਂ ਆਹਤ ਹੋਣ ਦੇ ਬਹਾਨੇ ਮੋਦੀ ਸਰਕਾਰ ਲੋਕਾਂ ਦਾ ਧਿਆਨ ਉਹਨਾਂ ਮੁੱਦਿਆਂ ਤੋਂ ਪਾਸੇ ਲਿਜਾਣਾ ਚਾਹੁੰਦੀ ਹੈ, ਕਿਉਂਕਿ ਮੋਦੀ ਹਕੂਮਤ ਧਾਰਮਿਕ ਪਾਲਾਬੰਦੀ ਦੀ ਆੜ 'ਚ ਸ਼ਰੇਆਮ ਮੁਲਕ ਦੀ ਜਲ, ਜੰਗਲ, ਜ਼ਮੀਨ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈ, ਕਿਰਤ ਕਾਨੂੰਨਾਂ ਨੂੰ ਮੋਕਲਾ ਕਰਕੇ ਉਨ੍ਹਾਂ ਦੀ ਤਿੱਖੀ ਰੱਤ ਨਿਚੋੜਣ ਲਈ ਨਵੇਂ-ਨਵੇਂ ਕਾਨੂੰਨ ਲਿਆ ਰਹੀ ਹੈ। ਆਪਣੇ ਫਿਰਕੂ ਫਾਸ਼ੀ ਹੱਲੇ ਨੂੰ ਤੇਜ਼ ਕਰਦਿਆਂ ਲੋਕ ਹਿੱਤਾਂ ਦੀ ਬਾਤ ਪਾਉਣ ਵਾਲੇ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਪੱਤਰਕਾਰਾਂ, ਦਲਿਤ ਚਿੰਤਕਾਂ, ਖੋਜਾਰਥੀਆਂ ਨੂੰ ਦੇਸ਼ਧ੍ਰੋਹ ਜਿਹੇ ਬਦਨਾਮ ਕਾਨੂੰਨ ਦੀ ਮਾਰ ਹੇਠ ਲਿਆ ਕੇ ਸਾਲਾਂ-ਬੱਧੀ ਦੇ ਸਮੇਂ ਤੋਂ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਮੋਦੀ ਹਕੂਮਤ ਧਾਰਮਕ ਮੁੱਦੇ ਉਛਾਲ ਕੇ ਲੋਕਾਈ ਦਾ ਧਿਆਨ ਉਨ੍ਹਾਂ ਦੇ ਮੰਗਾਂ-ਮਸਲਿਆਂ ਤੋਂ ਲਾਂਭੇ ਕਰਨਾ ਚਾਹੁੰਦੀ ਹੈ। ਅਜਿਹੀ ਹਾਲਤ ਵਿੱਚ ਸਮੂਹ ਇਨਸਾਫਪਸੰਦ ਜਮਹੂਰੀ ਸ਼ਕਤੀਆਂ ਨੂੰ ਇੱਕਜੁੱਟ ਹੋ ਕੇ ਮੋਦੀ ਹਕੂਮਤ ਦੇ ਇਹਨਾਂ ਖਤਰਨਾਕ ਮਨਸੂਬਿਆਂ ਨੂੰ ਭਾਂਜ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ।

***# ਸੰਪਰਕ : 84275-11770***

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸੰਘਰਸ਼ ਦਾ ਬਿਗੁਲ

## 4 ਫਰਵਰੀ ਨੂੰ ਮਲੋਟ 'ਚ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਬੂਹੇ ਅੱਗੇ ਕਰਨਗੀਆਂ ਰੋਸ ਪ੍ਰਦਰਸ਼ਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਦੇ ਖਿਲਾਫ ਸੰਘਰਸ਼ ਦਾ ਬਿਗੁਲ ਵਜਾਉਂਦਿਆਂ ਆਪਣੇ ਤੇਵਰ ਤਿੱਖੇ ਕਰ ਲਏ ਹਨ ਤੇ ਮਾਲਵਾ ਖੇਤਰ ਦੇ ਜ਼ਿਲਿਆਂ ਨਾਲ ਸਬੰਧਿਤ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ 4 ਫਰਵਰੀ ਦਿਨ ਐਤਵਾਰ ਨੂੰ ਮਲੋਟ ਵਿਖੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਬੂਹੇ ਅੱਗੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕਰਨਗੀਆਂ, ਜਦਕਿ ਦੁਆਬਾ ਤੇ ਮਾਝਾ ਖੇਤਰ ਦੀਆਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਇਸੇ ਦਿਨ ਆਪੋ ਆਪਣੇ ਬਲਾਕਾਂ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕਣਗੀਆਂ।ਉਪਰੋਕਤ ਜਾਣਕਾਰੀ ਯੂਨੀਅਨ ਦੀ ਜ਼ਿਲ੍ਹਾ ਫਿਰੋਜ਼ਪੁਰ ਦੀ ਪ੍ਰਧਾਨ ਸ਼ੀਲਾ ਰਾਣੀ ਤੱਲੇ ਵਾਲਾ ਨੇ ਦਿੱਤੀ।ਉਨ੍ਹਾਂ ਕਿਹਾ ਕਿ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਅਤੇ ਪੰਜਾਬ ਸਰਕਾਰ ਦੇ ਮਾੜੇ ਵਤੀਰੇ ਕਰਕੇ ਜਥੇਬੰਦੀ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ।ਪੰਜਾਬ ਦੀਆਂ 54 ਹਜ਼ਾਰ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਰਕੇ ਉਨ੍ਹਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਐੱਨ ਜੀ ਓ ਬਲਾਕਾਂ ਵਿੱਚ ਕੰਮ ਕਰਦੀਆਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ (ਖਾਸ ਕਰਕੇ ਬਾਲ ਭਲਾਈ ਕੌਂਸਲ) ਦਾ 1 ਸਾਲ ਦਾ ਸਟੇਟ ਫੰਡ ਦਾ ਮਾਣ ਭੱਤਾ ਬਕਾਇਆ ਖੜਾ ਹੈ।

ਸਮਾਜ ਭਲਾਈ ਬੋਰਡ ਦੀਆਂ ਵਰਕਰਾਂ ਹੈਲਪਰਾਂ ਦਾ ਸਟੇਟ ਤੇ ਸੈਂਟਰ ਦਾ ਫੰਡ ਚਾਰ ਮਹੀਨਿਆਂ ਦਾ ਬਕਾਇਆ ਖੜਾ ਹੈ। ਜਥੇਬੰਦੀ ਦੀ ਮੰਗ ਹੈ ਕਿ ਇਨ੍ਹਾਂ ਦਾ ਮਾਣ ਭੱਤਾ ਦਿੱਤਾ ਜਾਵੇ ਤੇ ਇਨ੍ਹਾਂ ਨੂੰ ਸਟੇਟ ਵੱਲੋਂ ਕੱਟੇ ਗਏ 18 ਮਹੀਨਿਆਂ ਦਾ ਏਰੀਅਰ ਜੋ ਦੂਜੀਆਂ ਵਰਕਰਾਂ ਤੇ ਹੈਲਪਰਾਂ ਨੂੰ ਦਿੱਤਾ ਗਿਆ ਹੈ, ਉਹ ਵੀ ਤੁਰੰਤ ਦਿੱਤਾ ਜਾਵੇ ਅਤੇ ਅੱਗੇ ਤੋਂ ਇਨ੍ਹਾਂ ਦਾ ਮਾਣ ਭੱਤਾ ਹਰ ਮਹੀਨੇ ਦੀ ਸੱਤ ਤਰੀਕ ਤੱਕ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਇਹ ਅੱਠੇ ਬਲਾਕ ਐੱਨਜੀਓ ਤੋਂ ਵਾਪਸ ਲੈ ਕੇ ਵਿਭਾਗ ਵਿੱਚ ਮਰਜ ਕੀਤੇ ਜਾਣ।ਇਸੇ ਤਰ੍ਹਾਂ ਪੰਜਾਬ ਵਿੱਚ ਕੰਮ ਕਰਦੀਆਂ ਸਾਰੀਆਂ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਪਿਛਲੇਂ ਤਿੰਨ ਮਹੀਨਿਆਂ ਦਾ ਸੈਂਟਰ ਫੰਡ ਨਹੀਂ ਦਿੱਤਾ ਗਿਆ, ਇਹ ਸੈਂਟਰ ਫੰਡ ਤੁਰੰਤ ਦਿੱਤਾ ਜਾਵੇ। ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਣ ਭੱਤੇ ਦੇ ਸੈਂਟਰ ਅਤੇ ਸਟੇਟ ਦੇ ਬਿੱਲ ਇਕੋ ਵਾਰ ਕਲੀਅਰ ਕਰਵਾ ਕੇ ਇਕੱਠਾ ਦਿੱਤਾ ਜਾਵੇ ਤੇ ਇਸ ਦੀ ਅਦਾਇਗੀ ਹਰ ਮਹੀਨੇ ਦੀ 3 ਤਰੀਕ ਤੱਕ ਹੋ ਜਾਣੀ ਚਾਹੀਦੀ ਹੈ।

ਆਂਗਨਵਾੜੀ ਕੇਂਦਰਾਂ ਦੇ ਕਿਰਾਏ ਦਾ ਭੁਗਤਾਨ ਤੁਰੰਤ ਕੀਤਾ ਜਾਵੇ ਜੋ ਲਗਭਗ ਇਕ ਸਾਲ ਤੋਂ ਰੁਕਿਆ ਪਿਆ ਹੈ।ਆਂਗਨਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ।ਵਰਦੀ ਭੱਤਾ ਰਿਲੀਜ਼ ਕੀਤਾ ਜਾਵੇ।ਪੀ ਐੱਮ ਐੱਮ ਵੀ ਵਾਈ ਤੇ ਸੀਬੀਈ ਦੇ ਪੈਸੇ ਹਰ ਮਹੀਨੇ ਦਿੱਤੇ ਜਾਣ ਅਤੇ ਰਹਿੰਦੇ ਹੋਏ ਪੈਸਿਆਂ ਦਾ ਤੁਰੰਤ ਭੁਗਤਾਨ ਕੀਤਾ ਜਾਵੇ।ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀ ਮੈਡੀਕਲ ਛੁੱਟੀ ਇਕ ਮਹੀਨੇ ਦੀ ਜਿਸ ਤਰ੍ਹਾਂ ਪਹਿਲਾਂ ਦਿੱਤੀ ਜਾਂਦੀ ਸੀ, ਉਸੇ ਤਰ੍ਹਾਂ ਹੀ ਦਿੱਤੀ ਜਾਵੇ।ਆਂਗਨਵਾੜੀ ਸੈਂਟਰਾਂ ਦੇ ਖੋਹੇ ਗਏ ਬੱਚੇ ਵਾਪਸ ਆਂਗਨਵਾੜੀ ਸੈਂਟਰਾਂ ਵਿੱਚ ਭੇਜੇ ਜਾਣ।ਆਂਗਨਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ।ਆਂਗਨਵਾੜੀ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇ।ਮਿੰਨੀ ਆਂਗਨਵਾੜੀ ਕੇਂਦਰਾਂ ਨੂੰ ਪੂਰੇ ਵਿੱਚ ਤਬਦੀਲ ਕੀਤਾ ਜਾਵੇ।ਜ਼ਿਲ੍ਹਾ ਹੁਸ਼ਿਆਰਪੁਰ, ਫਾਜ਼ਿਲਕਾ ਤੇ ਫਿਰੋਜ਼ਪੁਰ ਵਿੱਚ ਐੱਨ ਜੀ ਓ ਨੂੰ ਰਾਸ਼ਨ ਦਿੱਤਾ ਗਿਆ ਹੈ।ਜਥੇਬੰਦੀ ਇਸ ਦਾ ਵਿਰੋਧ ਕਰਦੀ ਹੈ ਤੇ ਇਹ ਰਾਸ਼ਨ ਵਾਪਸ ਲਿਆ ਜਾਵੇ।ਉਨ੍ਹਾਂ ਕਿਹਾ ਕਿ ਉਕਤ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਜਥੇਬੰਦੀ ਵੱਲੋਂ ਉਲੀਕੇ ਗਏ ਇਨ੍ਹਾਂ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਗੀਆਂ।

# ਤਰਕਸ਼ੀਲ ਆਗੂਆਂ 'ਤੇ ਦਰਜ ਕੇਸ ਤੁਰੰਤ ਰੱਦ ਕਰਨ ਦੀ ਮੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਤਰਕਸ਼ੀਲ ਸੁਸਾਇਟੀ ਜ਼ੋਨ ਬਠਿੰਡਾ ਵੱਲੋਂ ਪੰਜਾਬ ਪੁਲਸ ਦੁਆਰਾ 22 ਜਨਵਰੀ ਤੋਂ ਬਾਅਦ ਵੱਖ-ਵੱਖ ਥਾਵਾਂ 'ਤੇ 295 ਤੇ 295ਏ ਧਾਰਾ ਤਹਿਤ ਕੀਤੀਆਂ ਗਈਆਂ ਐੱਫ.ਆਈ.ਆਰਜ਼ ਰੱਦ ਕਰਨ, ਇਸ ਤਹਿਤ ਕੀਤੀਆਂ ਜਾਣ ਵਾਲੀਆਂ ਗ੍ਰਿਫਤਾਰੀਆਂ 'ਤੇ ਤੁਰੰਤ ਰੋਕ ਲਾਉਣ ਦੀ ਮੰਗ ਕੀਤੀ ਹੈ।ਸੁਸਾਇਟੀ ਨੇ ਇਨ੍ਹਾਂ ਦੋਹਾਂ ਧਾਰਾਵਾਂ ਨੂੰ ਵੀ ਖਤਮ ਕੀਤੇ ਜਾਣ ਦੀ ਮੰਗ ਕੀਤੀ ਹੈ।ਦਰਜ ਕੇਸਾਂ ਵਿੱਚ ਯੋਤਿਸ਼ ਵਿੱਦਿਆ ਦਾ ਝੂਠ ਉਜਾਗਰ ਕਰਨ ਵਾਲੇ ਤਰਕਸ਼ੀਲ ਆਗੂ ਸੁਰਜੀਤ ਦੌਧਰ, ਲੇਖਕ ਤੇ ਤਰਕਸ਼ੀਲ ਆਗੂ ਭੁਪਿੰਦਰ ਸਿੰਘ ਫੌਜੀ, ਦਵਿੰਦਰ ਰਾਣਾ, ਇਕਬਾਲ ਧਨੌਲਾ ਤੇ ਸ਼ਾਇਨਾ ਸ਼ਾਮਲ ਹਨ।

ਇਹ ਕੇਸ ਬਿਨਾਂ ਜਾਂਚ ਪੜਤਾਲ ਤੇ ਬਿਨਾਂ ਦੂਜੀ ਧਿਰ ਦੀ ਸੁਣਵਾਈ ਕੀਤੇ ਦਰਜ ਕੀਤੇ ਗਏ ਹਨ। ਦਰਜ ਕੇਸਾਂ ਦਾ ਮਕਸਦ ਧਰਮ ਦੇ ਨਾਂ 'ਤੇ ਲੋਕਾਂ ਨੂੰ ਆਪਸ ਵਿੱਚ ਲੜਾਉਣਾ ਤੇ ਨਫਰਤ ਪੈਦਾ ਕਰਨਾ ਹੈ।ਇਸ ਨਾਲ ਲੋਕਾਂ ਦੇ ਬੇਰੁਜ਼ਗਾਰੀ, ਮਹਿੰਗਾਈ, ਸਰਕਾਰ ਦੀਆਂ ਕਾਰਪੋਰੇਟ ਪੱਖੀ ਤੇ ਲੋਕ ਮਾਰੂ ਨੀਤੀਆਂ ਦੇ ਅਸਲ ਮੁੱਦਿਆਂ ਤੋਂ ਧਿਆਨ ਪਾਸੇ ਕੀਤੇ ਜਾਣਾ ਹੈ।ਲੋਕਾਂ ਅੱਗੇ ਆਪਣੇ ਹੀ ਲੋਕਾਂ ਵਿੱਚੋਂ ਦੂਜੇ ਧਰਮ, ਦੂਜੀ ਜਾਤ, ਦੂਜੇ ਭੂਗੋਲਿਕ ਖਿੱਤੇ ਦੇ ਲੋਕਾਂ ਨੂੰ ਦੁਸ਼ਮਣ ਵਜੋਂ ਪੇਸ਼ ਕਰਕੇ, ਅੰਗਰੇਜ਼ਾਂ ਵਾਲੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਲਾਹਾ ਲਿਆ ਜਾਂਦਾ ਹੈ।

ਆਗੂਆਂ ਨੇ ਕਿਹਾ ਕਿ ਹਿੰਦੂਤਵੀ ਕੱਟੜਪੰਥੀਆਂ ਦੀ ਇਸ ਸਾਜ਼ਿਸ਼ ਵਿੱਚ ਪੰਜਾਬ ਦੀ ਮੌਜੂਦਾ ਸਰਕਾਰ ਦੀ ਵੀ ਬਰਾਬਰ ਭੂਮਿਕਾ ਹੈ।ਇਹ ਕਾਰਵਾਈ ਪੂਰੀ ਤਰ੍ਹਾਂ ਗੈਰ-ਜਮਹੂਰੀ ਤੇ ਵਿਚਾਰਾਂ ਦੀ ਪ੍ਰਗਟਾਅ ਦੀ ਆਜ਼ਾਦੀ ਉੱਤੇ ਸਿੱਧਾ ਹਮਲਾ ਹੈ। ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਬਠਿੰਡਾ ਜ਼ੋਨ ਦੇ ਪ੍ਰਧਾਨ ਬਲਰਾਜ ਮੌੜ ਤੇ ਐਗਜ਼ੈਕਟਿਵ ਕਮੇਟੀ ਆਗੂਆਂ ਰਾਮ ਸਿੰਘ ਨਿਰਮਾਣ, ਅਜੈਬ ਜਲਾਲਆਣਾ, ਜੰਟਾ ਸਿੰਘ ਰਾਮਪੁਰਾ, ਗਗਨ ਰਾਮਪੁਰਾ ਨੇ ਕਿਹਾ ਕਿ ਪੰਜਾਬ ਪੱਧਰ 'ਤੇ 5 ਫਰਵਰੀ ਨੂੰ ਵੱਖ-ਵੱਖ ਜਥੇਬੰਦੀਆਂ ਦੀ ਹੋ ਰਹੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਇਲਾਕੇ ਵਿੱਚ ਜ਼ੋਰਦਾਰ ਮੁਹਿੰਮ ਚਲਾਈ ਜਾਵੇਗੀ।



# ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇੰਜੀਨੀਅਰਾਂ ਵੱਲੋਂ ਧਰਨਾ




**ਸੰਗਰੂਰ (ਪ੍ਰਵੀਨ ਸਿੰਘ)**-ਡਿਪਲੋਮਾ ਇੰਜੀਨੀਅਰ ਐਸੋਸੀਏਸ਼ਨ ਪੰਜਾਬ ਦੇ ਸੱਦੇ 'ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇੰਜੀਨੀਅਰਾਂ ਵੱਲੋਂ 29 ਜਨਵਰੀ ਤੋਂ 31 ਜਨਵਰੀ ਤੱਕ ਪੰਜਾਬ ਦੇ 13 ਸਰਕਲਾਂ ਅੱਗੇ ਧਰਨਿਆਂ ਦੀ ਕੜੀ ਤਹਿਤ ਪਹਿਲੇ ਦਿਨ ਸਰਕਲ ਸੰਗਰੂਰ ਅੱਗੇ ਰੋਹ ਪੂਰਨ ਧਰਨਾ ਦਿੱਤਾ ਗਿਆ।ਇਸ ਸਬੰਧੀ ਇਕੱਠ ਨੂੰ ਸੰਬੋਧਨ ਕਰਦਿਆਂ ਜ਼ੋਨ ਪ੍ਰਧਾਨ ਮਨਿੰਦਰ ਪਾਲ ਸਿੰਘ ਤੇ ਜਨਰਲ ਸਕੱਤਰ ਸੰਜੀਵ ਕੁਮਾਰ ਰੰਚਣਾਂ ਨੇ ਦੱਸਿਆ ਕਿ ਵਿਭਾਗ ਅੰਦਰ ਪਹਿਲੀ ਵਾਰੀ ਹੋਇਆ ਹੈ ਕਿ ਪਿਛਲੇ ਸਾਲ ਤੇ ਇਸ ਸਾਲ ਵਿੱਚ ਸਹਾਇਕ ਇੰਜੀਨੀਅਰ ਤੋਂ ਉੱਪ-ਮੰਡਲ ਇੰਜੀਨੀਅਰ ਤੇ ਉੱਪ-ਮੰਡਲ ਇੰਜੀਨੀਅਰ ਤੋਂ ਕਾਰਜਕਾਰੀ ਇੰਜੀਨੀਅਰ ਲਈ ਕੋਈ ਵੀ ਪਦਉਨਤੀ ਨਹੀਂ ਹੋਈ ਤੇ ਨਾ ਹੀ ਪਦਉਨਤੀ ਕੋਟਾ ਪੰਜਾਹ ਤੋਂ ਪਝੰਤਰ ਪ੍ਰਤੀਸ਼ਤ ਕਰਨ ਲਈ ਅਤੇ ਪਦਉਨਤੀ ਲਈ ਸਮਾਂ ਘਟਾਉਣ ਲਈ ਕੋਈ ਕਾਰਵਾਈ ਹੋਈ ਹੈ।

ਸਟੇਟ ਆਗੂ ਤਲਵਿੰਦਰ ਸਿੰਘ ਨੇ ਕਿਹਾ ਕਿ ਪਰੋਬੇਸ਼ਨ ਸਮਾਂ ਕਲੀਅਰ ਕਰਨ, ਉੱਪ-ਮੰਡਲ ਇੰਜੀਨੀਅਰਾਂ ਦੀਆਂ ਖੋਹੀਆਂ ਵਿੱਤੀ ਸ਼ਕਤੀਆਂ ਮੁੜ ਬਹਾਲ ਕਰਨ, ਪਦਉਨਤੀ ਕੋਟੇ ਵਿੱਚ ਵਾਧਾ ਕਰਨ, ਨਾਨ-ਗਜ਼ਟਿਡ ਨਾਲ ਸਬੰਧਤ ਮਸਲੇ ਮੁੱਖ ਦਫਤਰ ਪਟਿਆਲਾ ਨੂੰ ਸ਼ਕਤੀ ਪ੍ਰਦਾਨ ਕਰਨ ਤੇ ਹੋਰ ਮਸਲਿਆਂ ਦੇ ਹੱਲ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ ਹੈ। ਵਿਭਾਗੀ ਮੁਖੀ ਵੱਲੋਂ ਮੀਟਿੰਗ ਵਿੱਚ ਕੀਤੇ ਲਿਖਤੀ ਵਾਅਦਿਆਂ ਤੋਂ ਲਗਾਤਾਰ ਮੁਨਕਰ ਹੋਇਆ ਜਾ ਰਿਹਾ ਹੈ।ਇਸ ਲਈ ਸਮੂਹ ਇੰਜੀਨੀਅਰਾਂ ਵਿੱਚ ਵਿਆਪਕ ਰੋਸ ਹੈ।ਇਸ ਰੋਸ ਪ੍ਰਦਰਸ਼ਨ ਨੂੰ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂ ਰਾਕੇਸ਼ ਕੁਮਾਰ ਪ੍ਰਧਾਨ ਜਲ ਸਪਲਾਈ ਤੇ ਸੈਨੀਟੇਸ਼ਨ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਿੰਦਰ ਪਾਲ ਸਿੰਘ, ਰਾਜਪਾਲ ਸਿੰਘ, ਜਤਿੰਦਰ ਸਿੰਘ, ਗੁਰਸਿਮਰਤ ਸਿੰਘ, ਵਰੁਣ ਕੁਮਾਰ ਮਿੱਤਲ, ਬਿੱਕਰ ਸਿੰਘ, ਗੁਰਪ੍ਰੀਤ ਸਿੰਘ, ਵਿਸਾਂਤ ਕੁਮਾਰ, ਹਰਜੀਤ ਸਿੰਘ, ਮਨਦੀਪ ਸਿੰਘ, ਨਿਪੁੰਨ, ਯੋਗੇਸ਼ ਗੋਇਲ, ਦਮਨਜੀਤ ਸਿੰਘ, ਹਰਜੀਤ ਸਿੰਘ, ਸਾਹਿਲ ਬਾਂਸਲ, ਅਰਸ਼ਦੀਪ ਸਿੰਗਲਾ, ਗੁਰਪ੍ਰੀਤ ਸਿੰਘ ਮੂਨਕ ਆਦਿ ਨੇ ਵੀ ਸੰਬੋਧਨ ਕੀਤਾ ਅਤੇ ਲਗਾਤਾਰ ਤਿੰਨ ਦਿਨ ਧਰਨੇ ਜਾਰੀ ਰੱਖਣ ਦਾ ਐਲਾਨ ਕੀਤਾ।

## ਕਾਤਰਾਂ

### ਮੈਡੀਕਲ ਸਟੋਰ ਤੋਂ ਨੌਜਵਾਨ ਨੇ 5 ਲੱਖ ਚੁਰਾਏ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਿਰਸਾ ਦੇ ਬਰਨਾਲਾ ਰੋਡ ਸਥਿਤ ਮਾਂਗਟ ਮੈਡੀਕਲ ਸਟੋਰ ਵਿਚੋਂ ਇਕ ਨੌਜਵਾਨ ਨੇ 5 ਲੱਖ ਰੁਪਏ ਚੋਰੀ ਕਰ ਲਏ।ਮੈਡੀਕਲ ਸਟੋਰ ਸੰਚਾਲਕ ਨੇ ਨੌਜਵਾਨ ਦਾ ਪਿੱਛਾ ਕੀਤਾ, ਪਰ ਉਹ ਭੱਜਣ ਵਿੱਚ ਕਾਮਯਾਬ ਹੋ ਗਿਆ।ਚੋਰੀ ਦੀ ਇਹ ਘਟਨਾ ਮੈਡੀਕਲ ਸਟੋਰ ਵਿੱਚ ਲੱਗੇ ਸੀਸੀਟੀਵੀ ਵਿੱਚ ਕੈਦ ਹੋ ਗਈ। ਮੈਡੀਕਲ ਸਟੋਰ ਸੰਚਾਲਕ ਦਾ ਕਹਿਣਾ ਹੈ ਕਿ ਰਾਤ ਨੂੰ ਕਰੀਬ 9 ਵਜੇ ਇੱਕ ਨੌਜਵਾਨ ਮੈਡੀਕਲ ਸਟੋਰ 'ਤੇ ਆਇਆ ਤੇ ਡਾਇਪਰ ਮੰਗਣ ਸਮੇਤ ਨੌਜਵਾਨ ਨੇ ਪਾਣੀ ਮੰਗਿਆ, ਜਿਵੇਂ ਹੀ ਉਹ ਪਾਣੀ ਲੈਣ ਗਿਆ ਤਾਂ ਨੌਜਵਾਨ ਨੇ ਪਿੱਛੇ ਤੋਂ ਦਰਾਜ਼ ਵਿੱਚੋਂ 5 ਲੱਖ ਰੁਪਏ ਵਾਲਾ ਬੈਗ ਚੋਰੀ ਕਰ ਫਰਾਰ ਹੋ ਗਿਆ।ਮੈਡੀਕਲ ਸਟੋਰ ਸੰਚਾਲਕ ਦਾ ਕਹਿਣਾ ਹੈ ਕਿ ਉਸ ਨੇ ਨੌਜਵਾਨ ਦਾ ਪਿੱਛਾ ਕੀਤਾ, ਪਰ ਨੌਜਵਾਨ ਪਹਿਲਾਂ ਤੋਂ ਸਟਾਰਟ ਕੀਤੇ ਬਾਈਕ 'ਤੇ ਭੱਜਣ 'ਚ ਕਾਮਯਾਬ ਹੋ ਗਿਆ।ਇਸ ਤੋਂ ਬਾਅਦ ਕੈਮਰੇ 'ਚ ਕੈਦ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਇਸ ਦੌਰਾਨ ਅਸਪਸ਼ਟ ਸੂਤਰਾਂ ਦਾ ਕਹਿਣਾ ਹੈ ਕਿ ਪੁਲਸ ਨੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਜਲਦੀ ਇਸ ਮਾਮਲੇ ਦਾ ਖੁਲਾਸਾ ਕੀਤਾ ਜਾਵੇਗਾ।

### ਗੌਰਵ ਜਲੋਟਾ ਮੁੜ ਬਣੇ ਪਟਿਆਲਾ ਰੂਰਲ ਸਾਊਥ ਦੇ ਜਨਰਲ ਸਕੱਤਰ

**ਨਾਭਾ (ਵਰਿੰਦਰ ਵਰਮਾ)**-ਭਾਰਤੀ ਜਨਤਾ ਪਾਰਟੀ ਨੇ ਨਾਭਾ ਦੇ ਸਾਬਕਾ ਮੰਡਲ ਪ੍ਰਧਾਨ, ਈਮਾਨਦਾਰ ਤੇ ਮਿਹਨਤੀ ਆਗੂ ਦੀਆਂ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨੂੰ ਦੇਖਦੇ ਹੋਏ ਗੌਰਵ ਜਲੋਟਾ ਸਪੁੱਤਰ ਸੁਨੀਲ ਜਲੋਟਾ ਨੂੰ ਪਟਿਆਲਾ ਰੂਰਲ ਸਾਊਥ ਦਾ ਮੁੜ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਦੇ ਕੇ ਨਿਵਾਜਿਆ ਹੈ।ਇਸ ਮੌਕੇ ਨਵ-ਨਿਯੁਕਤ ਜਨਰਲ ਸਕੱਤਰ ਗੌਰਵ ਜਲੋਟਾ ਨੇ ਸੂਬਾ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਤੇ ਵਿਕਰਮ ਚੀਮਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ, ਬੀਬਾ ਜੈ ਇੰਦਰ ਕੌਰ ਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਹੋਰ ਵੀ ਮਿਹਨਤ ਤੇ ਲਗਨ ਨਾਲ ਨਿਭਾਉਣਗੇ।ਇਸ ਮੌਕੇ ਸੀਨੀਅਰ ਭਾਜਪਾ ਆਗੂ ਮਹੰਤ ਖਨੌੜਾ, ਅਮਰ ਚੰਦ ਕਥੂਰੀਆ ਮੰਡਲ ਜਨਰਲ ਸਕੱਤਰ, ਐਡਵੋਕੇਟ ਯੋਗੇਸ਼ ਖੱਤਰੀ, ਵਿਸ਼ਾਲ ਸ਼ਰਮਾ, ਰਿਸ਼ੂ ਵਰਮਾ, ਨਵਦੀਪ ਥਾਵਾ ਤੇ ਹੋਰ ਭਾਜਪਾ ਆਗੂਆਂ ਨੇ ਗੌਰਵ ਜਲੋਟਾ ਨੂੰ ਮੁੜ ਜ਼ਿੰਮੇਵਾਰੀ ਮਿਲਣ 'ਤੇ ਮੁਬਾਰਕਵਾਦ ਦਿੱਤੀ।

### ਸ਼ਹਿਰੀ ਸਬ ਡਵੀਜ਼ਨ ਦੀ ਜਥੇਬੰਦੀ ਟੀ ਐੱਸ ਯੂ ਦੀ ਸਰਬਸੰਮਤੀ ਨਾਲ ਚੋਣ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ਼ਹਿਰੀ ਸਬ ਡਵੀਜ਼ਨ ਦੀ ਜਥੇਬੰਦੀ ਟੀ ਐੱਸ ਯੂ ਦੇ ਪ੍ਰਧਾਨ ਦੀ ਚੋਣ ਕੀਤੀ ਗਈ, ਜਿਸ ਵਿਚ ਸਾਥੀ ਰਾਜੇਸ਼ ਕੁਮਾਰ ਨੂੰ ਸਰਵਸੰਮਤੀ ਨਾਲ ਪ੍ਰਧਾਨ ਬਣਾਇਆ ਗਿਆ। ਇਸ ਚੋਣ ਨੂੰ ਕਰਵਾਉਣ ਲਈ ਸ਼ਹਿਰੀ ਮੰਡਲ ਦੇ ਟੀ ਐੱਸ ਯੂ ਜਥੇਬੰਦੀ ਦੇ ਪ੍ਰਧਾਨ ਤੇ ਸਕੱਤਰ ਪਹੁੰਚੇ, ਜਿਨ੍ਹਾਂ ਦੀ ਹਾਜ਼ਰੀ ਵਿੱਚ ਚੋਣ ਕਰਵਾਈ ਗਈ। ਪ੍ਰਧਾਨ ਰਮਨਦੀਪ ਵੱਲੋਂ ਸੀਆਰਏ 295 ਦਾ ਮਸਲਾ ਜਲਦ ਤੋਂ ਜਲਦ ਪਹਿਲ ਦੇ ਆਧਾਰ 'ਤੇ ਜੇਕਰ ਹੱਲ ਨਾਲ ਕੀਤਾ ਗਿਆ ਤਾਂ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਮੈਨੇਜਮੈਂਟ ਦੀ ਹੋਵੇਗੀ। ਇਸ ਚੋਣ ਵਿੱਚ ਵਿਗਿਆਨਕ ਗਰੁੱਪ ਦੇ ਕਨਵੀਨਰ ਸਾਥੀ ਸੁਰਿੰਦਰ ਸ਼ਰਮਾ, ਸਰਕਲ ਪ੍ਰਧਾਨ ਜਗਤਾਰ ਸਿੰਘ ਤੇ ਮਨਜੀਤ ਸਿੰਘ ਆਦਿ ਹਾਜ਼ਰ ਹੋਏ। ਸਿਟੀ ਸਬ ਡਵੀਜ਼ਨ ਕਮੇਟੀ, ਰਾਜੇਸ਼ ਕੁਮਾਰ ਪ੍ਰਧਾਨ, ਸਕੱਤਰ ਰਾਜੇਸ਼ ਵਧਾਵਨ, ਜੁਆਇੰਟ ਸਕੱਤਰ ਹਰਜਿੰਦਰ ਸਿੰਘ, ਤਰਸੇਮ ਕੁਮਾਰ, ਉੱਪ ਪ੍ਰਧਾਨ ਹਰਜਿੰਦਰ ਸਿੰਘ ਤੇ ਖਜ਼ਾਨਚੀ ਚਮਕੌਰ ਸਿੰਘ ਨੂੰ ਚਾਰਜ ਦਿੱਤਾ।

# ਖੇਤੀਬਾੜੀ ਮੁਲਾਜ਼ਮਾਂ ਦੇ ਵਫ਼ਦ ਨੇ ਵਿਧਾਇਕ ਗਿੱਲ ਨੂੰ ਦਿੱਤਾ ਮੈਮੋਰੰਡਮ



**ਬਠਿੰਡਾ, (ਬਖਤੌਰ ਢਿੱਲੋਂ)**-ਖੇਤੀਬਾੜੀ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਜਥੇਬੰਦੀ ਦੇ ਆਗੂ ਸ੍ਰੀ ਬਲਜਿੰਦਰ ਸਿੰਘ ਖੇਤੀਬਾੜੀ ਅਫ਼ਸਰ ਬਠਿੰਡਾ ਦੀ ਅਗਵਾਈ ਵਿੱਚ ਇੱਕ ਵਫ਼ਦ ਨੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਜਾਰੀ ਕੀਤੇ ਨੋਟਿਸ ਰੱਦ ਕਰਵਾਉਣ ਲਈ ਅੱਜ ਸ੍ਰ: ਜਗਰੂਪ ਸਿੰਘ ਗਿੱਲ ਵਿਧਾਇਕ ਬਠਿੰਡਾ ਨੂੰ ਮੈਮੋਰੰਡਮ ਦਿੱਤਾ।

ਮੈਮੋਰੰਡਮ ਰਾਹੀਂ ਦੱਸਿਆ ਕਿ ਮੁਲਾਜ਼ਮਾਂ ਨੇ ਸਬਸਿਡੀ 'ਤੇ ਦਿੱਤੀ ਜਾਣ ਵਾਲੀ ਮਸ਼ੀਨਰੀ ਦੀ ਸਹੀ ਵੈਰੀਫਿਕੇਸ਼ਨ ਕੀਤੀ ਸੀ। ਅਧਿਕਾਰੀਆਂ ਜਾਂ ਕਰਮਚਾਰੀਆਂ ਵੱਲੋਂ ਵਿਭਾਗ ਦੇ ਨਿਰਦੇਸ਼ਾਂ ਵਿੱਚ ਕੋਈ ਕੁਤਾਹੀ ਨਹੀਂ ਕੀਤੀ ਗਈ। ਕਰੀਬ ਚਾਰ ਸਾਲਾਂ ਬਾਅਦ ਦੁਬਾਰਾ ਵੈਰੀਫਿਕੇਸ਼ਨ ਕਰਨ 'ਤੇ ਮੁਲਾਜ਼ਮਾਂ ਨੇ ਸਿਰਫ਼ ਦਸ ਫੀਸਦੀ ਮਸ਼ੀਨਰੀ ਨਾ ਮਿਲਣ ਦੀ ਰਿਪੋਰਟ ਭੇਜੀ, ਪਰ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਆਪਣੇ ਮੁਲਾਜ਼ਮਾਂ ਨੂੰ ਹੀ ਦੋਸ਼ੀ ਮੰਨਦਿਆਂ ਨੋਟਿਸ ਜਾਰੀ ਕਰ ਦਿੱਤੇ ਹਨ।

ਜਥੇਬੰਦੀ ਆਗੂਆਂ ਦਾ ਕਹਿਣਾ ਹੈ ਕਿ ਪ੍ਰਬੰਧਨ ਲਈ ਕੁੱਝ ਕਿਸਾਨਾਂ ਨੇ ਨਵੀਂ ਤਕਨੀਕ ਅਪਣਾਉਂਦਿਆਂ ਨਵੀਂ ਮਸ਼ੀਨਰੀ ਲੈਣ ਲਈ ਪੁਰਾਣੀ ਦੀ ਵਿੱਕਰੀ ਕੀਤੀ। ਹੁਣ ਨੋਟਿਸ ਕੱਢਣ ਨਾਲ ਕਿਸਾਨੀ ਨੂੰ ਉੱਚਾ ਚੁੱਕਣ ਲਈ ਕੰਮ ਕਰਨ ਵਾਲੇ ਅਧਿਕਾਰੀਆਂ, ਮੁਲਾਜ਼ਮਾਂ ਦਾ ਮਨੋਬਲ ਡਿੱਗ ਰਿਹਾ ਹੈ।

ਮੈਮੋਰੰਡਮ ਰਾਹੀਂ ਮੰਗ ਕੀਤੀ ਕਿ ਬੇਕਸੂਰ ਮੁਲਾਜ਼ਮਾਂ ਨੂੰ ਜਾਰੀ ਕੀਤੇ ਨੋਟਿਸ ਤੁਰੰਤ ਰੱਦ ਕੀਤੇ ਜਾਣ, ਤਾਂ ਜੋ ਮੁਲਾਜ਼ਮ ਸੁਹਿਰਦਤਾ ਨਾਲ ਆਪਣਾ ਕੰਮ ਕਰ ਸਕਣ। ਸ੍ਰ: ਗਿੱਲ ਨੇ ਵਫ਼ਦ ਦੀ ਮੰਗ ਸਬੰਧੀ ਪੂਰੀ ਜਾਣਕਾਰੀ ਹਾਸਲ ਕੀਤੀ ਤੇ ਇਨਸਾਫ਼ ਦੇਣ ਦਾ ਭਰੋਸਾ ਦਿੱਤਾ।

# ਭੁੱਲਰ ਸਭਾ ਦੀ ਚੋਣ ਪ੍ਰਕਿਰਿਆ ਸ਼ੁਰੂ, ਕਾਕਾ ਸਿੰਘ ਚੋਣ ਇੰਚਾਰਜ ਨਿਯੁਕਤ

**ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰ ਜੀਤ ਸਿੰਘ)**- ਭੁੱਲਰ ਗੋਤ ਦੀ ਵਿਰਾਸਤ ਨੂੰ ਸੰਭਾਲਣ ਲਈ ਸਮੁੱਚੇ ਪ੍ਰਬੰਧਕੀ ਢਾਂਚੇ ਨੂੰ ਸਰਗਰਮ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਭੁੱਲਰ ਭਾਈਚਾਰੇ ਦੇ ਆਗੂਆਂ ਨੇ ਦੱਸਿਆ ਕਿ ਇਸ ਦੀ ਲੜੀ ਵਜੋਂ ਭੁੱਲਰ ਸਭਾ ਤੇ ਇੰਤਜ਼ਾਮੀਆਂ ਕਮੇਟੀ ਸਮਾਧਾਂ ਮਾੜੀ ਭੁੱਲਰਾਂ ਦੀ ਚੋਣ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਆਗੂਆਂ ਨੇ ਸਥਾਨਕ ਪ੍ਰੈੱਸ ਕਲੱਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਭੁੱਲਰ ਸਭਾ ਰਜਿ: ਅਤੇ ਇੰਤਜ਼ਾਮੀਆਂ ਕਮੇਟੀ ਰਜਿ: ਕਈ ਦਹਾਕਿਆਂ ਤੋਂ ਕੰਮ ਕਰ ਰਹੀਆਂ ਹਨ। ਹੁਣ ਸਮੁੱਚੇ ਭਾਈਚਾਰੇ ਵੱਲੋਂ ਸਭਾ ਤੇ ਕਮੇਟੀ ਦਾ ਪ੍ਰਬੰਧਕੀ ਢਾਂਚਾ ਭੰਗ ਕਰ ਦਿੱਤਾ ਹੈ ਤੇ ਨਵੀਂ ਚੋਣ ਲਈ 4 ਫਰਵਰੀ ਨੂੰ ਸਮਾਧਾਂ ਮਾੜੀ ਭੁੱਲਰਾਂ ਨੇੜੇ ਰਾਮਪੁਰਾ ਵਿਖੇ ਹੋਵੇਗੀ। ਇਸ ਚੋਣ ਲਈ ਸ੍ਰ: ਕਾਕਾ ਸਿੰਘ ਕੋਰੜਾ ਕੌੜਿਆਂ ਵਾਲਾ ਨੂੰ ਚੋਣ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਸਮੁੱਚੀ ਦੁਨੀਆ ਵਿੱਚ ਬੈਠੇ ਭੁੱਲਰ ਗੋਤ ਨਾਲ ਸਬੰਧਤ ਸੱਜਣਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਰਾਇ ਫੋਨ ਜਾਂ ਲਿਖਤੀ ਤੌਰ 'ਤੇ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਚੋਣ ਸਰਬਸੰਮਤੀ ਨਾਲ ਕਰਨ ਦੀ ਕੋਸ਼ਿਸ਼ ਹੋਵੇਗੀ, ਪਰ ਜੇਕਰ ਅਜਿਹਾ ਸੰਭਵ ਨਾ ਹੋਇਆ ਤਾਂ ਅਗਲੀ ਚੋਣ ਮਿਤੀ ਰੱਖ ਕੇ ਡੈਲੀਗੇਟਾਂ ਰਾਹੀਂ ਵੋਟਾਂ ਪਾਈਆਂ ਜਾਣਗੀਆਂ। ਪ੍ਰੈੱਸ ਕਾਨਫਰੰਸ ਨੂੰ ਸਰਵਸ੍ਰੀ ਬਲਦੇਵ ਸਿੰਘ, ਅੰਗਰੇਜ ਸਿੰਘ, ਨਾਇਬ ਸਿੰਘ ਗੁਰਮੇਲ ਸਿੰਘ, ਬਲਦੇਵ ਸਿੰਘ, ਸਾਧੂ ਸਿੰਘ ਤੇ ਜਸਵੰਤ ਸਿੰਘ ਮੌਜੂਦ ਸਨ।

# ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਵੱਲੋਂ ਸਰਕਾਰ ਖਿਲਾਫ਼ ਧਰਨਾ



**ਨਾਭਾ (ਵਰਿੰਦਰ ਵਰਮਾ)**-ਪਿਛਲੇ ਦਿਨੀਂ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਨਿਰੋਲ ਯੂਨੀਅਨ ਪੰਜਾਬ ਦੇ ਸੱਦੇ 'ਤੇ ਸਿਵਲ ਹਸਪਤਾਲ ਨਾਭਾ ਵਿਖੇ ਪ੍ਰਧਾਨ ਜਸਵੀਰ ਕੌਰ ਭਾਦਸੋਂ ਤੇ ਕਿਰਨਜੀਤ ਕੌਰ ਨਾਭਾ ਦੀ ਅਗਵਾਈ ਵਿੱਚ ਸਿਵਲ ਹਸਪਤਾਲ ਨਾਭਾ ਵਿਖੇ ਧਰਨਾ ਦਿੱਤਾ ਗਿਆ। ਇਸ ਮੌਕੇ ਮੈਡਮ ਜਸਵੀਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਾਂ ਦੀ ਸਕੀਮ ਸੈਂਟਰ ਦੀ ਸਕੀਮ ਹੈ, ਪ੍ਰੰਤੂ ਸੈਂਟਰ ਸਰਕਾਰ ਵੱਲੋਂ ਵਰਕਰਾਂ ਨੂੰ ਨਿਗੂਣੇ ਭੱਤੇ ਤੇ ਸਿਹਤ ਵਿਭਾਗ ਵਿੱਚ ਆਨਲਾਈਨ ਤੇ ਆਫਲਾਈਨ ਕੰਮਾਂ ਬਦਲੇ ਸਿਰਫ ਤੇ ਸਿਰਫ ਇਨਸੈਂਟਿਵ ਦਿੱਤਾ ਜਾਂਦਾ ਹੈ, ਜਦੋਂਕਿ ਵਰਕਰਾਂ ਨੂੰ ਡੀ. ਸੀ. ਰੇਟ ਅਨੁਸਾਰ ਮਿੰਨੀ ਮੁਆਵਜ਼ਾ 21000 ਰੁਪਏ ਦਿੱਤਾ ਜਾਣਾ ਚਾਹੀਦਾ ਹੈ, ਹਾਜ਼ਰੀ ਯਕੀਨੀ ਬਣਾਈ ਜਾਵੇ ਤੇ ਹੋਰ ਮੰਗਾਂ ਲਈ ਸੂਬਾਈ ਫੈਸਲੇ ਅਨੁਸਾਰ ਕਿਰਨਦੀਪ ਕੌਰ ਪੰਜੋਲਾ ਦੇ ਦਿਸ਼ਾ ਨਿਰਦੇਸ਼ਾ ਮੁਤਾਬਿਕ ਮਿਤੀ 25-01-2024 ਤੋਂ 31-01-2024 ਤੱਕ ਬਲਾਕ ਪੱਧਰੀ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾ ਰਹੇ ਹਨ।ਇਸ ਲੜੀ ਤਹਿਤ ਮਿਤੀ 30-01-2024 ਨੂੰ ਨਾਭਾ ਦੇ ਸਰਕਾਰੀ ਹਸਪਤਾਲ ਵਿਖੇ ਧਰਨਾ ਦਿੱਤਾ ਗਿਆ ਹੈ।ਐੱਸ.ਐੱਮ.ਓ. ਨਾਭਾ ਛੁੱਟੀ 'ਤੇ ਹੋਣ ਕਾਰਨ ਡਾ. ਰਾਜੀਵ ਭੱਲਾ ਨੂੰ ਮੈਮੋਰੰਡਮ ਦਿੱਤਾ ਗਿਆ।ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਜਲਦ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਗੁਰਪ੍ਰੀਤ ਕੌਰ, ਰਬੀਨਾ ਬੇਗਮ, ਸ਼ਰਨਦੀਪ ਕੌਰ, ਈਸ਼ਾ ਵਰਮਾ, ਸੀਮਾ ਰਾਣੀ, ਜਸਪਾਲ ਕੌਰ ਬੌੜਾਂ, ਬਲਜਿੰਦਰ ਕੌਰ ਪਹਾੜਪੁਰ ਤੋਂ ਇਲਾਵਾ ਹੋਰ ਵਰਕਰਜ਼ ਸ਼ਾਮਲ ਸਨ।ਅੰਤ ਵਿੱਚ ਬਲਾਕ ਨਾਭਾ ਦੇ ਪ੍ਰਧਾਨ ਮੈਡਮ ਕਿਰਨਜੀਤ ਕੌਰ ਵੱਲੋਂ ਮੈਡਮ ਜਸਵੀਰ ਕੌਰ ਭਾਦਸੋਂ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਵਿੰਗ ਤੇ ਵਰਕਰਾਂ ਦੀ ਮੀਟਿੰਗ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੌਂਗੋਵਾਲ ਇਕਾਈ ਦੇ ਯੂਥ ਵਿੰਗ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਵਰਕਰਾਂ ਵੱਲੋਂ ਸ਼ੰਕਰ ਸਵੀਟਸ ਹੋਟਲ ਵਿੱਚ ਪਾਰਟੀ ਦੇ ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ ਦੀ ਅਗਵਾਈ ਵਿੱਚ ਭਰਵੀਂ ਮੀਟਿੰਗ ਕੀਤੀ ਗਈ, ਜਿਸ ਵਿੱਚ ਹਰਦੀਪ ਸਿੰਘ, ਲੋਹਖੇੜਾ, ਆਸਟ੍ਰੇਲੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਬੁਲਾਰਿਆਂ ਨੇ ਸਿਮਰਨਜੀਤ ਸਿੰਘ ਮਾਨ ਵੱਲੋਂ ਹਲਕੇ ਲਈ ਕੀਤੇ ਵਿਕਾਸ ਕਾਰਜਾਂ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ ਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਮਾਨ ਸਾਹਿਬ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਯਤਨ ਆਰੰਭ ਕਰਨ ਲਈ ਕਿਹਾ।ਜਿੱਥੇ ਚੋਣਾਂ ਸਬੰਧੀ ਚਰਚਾ ਕੀਤੀ ਗਈ, ਉੱਥੇ ਹੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਪਰਾਲੇ ਕਰਨ ਲਈ ਕਿਹਾ ਤਾਂ ਕਿ ਆਉਣ ਵਾਲੀਆਂ ਨਸਲਾਂ ਬਚ ਸਕਣ।

ਇਸ ਮੌਕੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਸ਼ੈਲੀ ਸ਼ਰਮਾ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹਿੰਦੂ ਵਰਗ ਲੌਂਗੋਵਾਲ ਦੇ ਸ਼ਹਿਰੀ ਪ੍ਰਧਾਨ ਚੁਣਿਆ ਗਿਆ, ਜਦਕਿ ਜਗਸੀਰ ਸਿੰਘ ਲੋਹਾਖੇੜਾ ਨੂੰ ਜ਼ਿਲ੍ਹਾ ਜਨਰਲ ਸਕੱਤਰ, ਸੁਖਜਿੰਦਰ ਸਿੰਘ ਰੰਧਾਵਾ ਨੂੰ ਸਰਕਲ ਸਕੱਤਰ, ਗੁਰਤੇਜ ਸਿੰਘ ਯੂਥ ਪ੍ਰਧਾਨ ਸਰਕਲ, ਰਘਵੀਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਸਰਕਲ ਬਣਾਇਆ ਗਿਆ।ਇਸ ਮੌਕੇ ਦਫ਼ਤਰ ਇੰਚਾਰਜ ਕੁਲਵੰਤ ਸਿੰਘ, ਗੁਰਪ੍ਰੀਤ ਸਿੰਘ ਦੁੱਗਾਂ, ਰਾਜ ਸਿੰਘ, ਦਰਸ਼ਨ ਸਿੰਘ ਖ਼ਾਲਸਾ, ਸੁਖਚੈਨ ਸਿੰਘ, ਹਾਕਮ ਸਿੰਘ, ਪੱਪੂ ਪਹਿਲਵਾਨ, ਸਿਮਰਜੀਤ ਸਿੰਘ ਸ਼ੰਭੂ, ਸਤਨਾਮ ਸਿੰਘ ਸੱਤਾ ਰੱਤੋਕੇ, ਜਗਸੀਰ ਸਿੰਘ, ਸੁਖਵਿੰਦਰ ਸਿੰਘ ਤੇ ਬਲਕਾਰ ਸਿੰਘ ਆਦਿ ਹਾਜ਼ਰ ਸਨ।

# ਤਰਕਸ਼ੀਲ ਆਗੂਆਂ ਖ਼ਿਲਾਫ਼ ਪੁਲਸ ਕੇਸ ਰੱਦ ਕਰਨ ਦੀ ਪੁਰਜ਼ੋਰ ਮੰਗ

## ਭਾਰਤੀ ਦੰਡਾਵਲੀ 'ਚੋਂ ਧਾਰਾ 295 ਤੇ 295 ਏ ਹਟਾਈ ਜਾਵੇ : ਸ਼ਮਸ਼ੇਰ ਸਿੰਘ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਤਰਕਸ਼ੀਲ ਸੁਸਾਇਟੀ ਦੀ ਹਰਿਆਣਾ ਇਕਾਈ ਵੱਲੋਂ ਪੰਜਾਬ ਪੁਲਸ ਵੱਲੋਂ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ ਤਰਕਸ਼ੀਲ ਆਗੂ ਭੁਪਿੰਦਰ ਫੌਜੀ ਤੇ ਤਰਕਸ਼ੀਲ ਚਿੰਤਕ ਅਤੇ ਲੇਖਕ ਸੁਰਜੀਤ ਦੌਧਰ ਖਿਲਾਫ 295 ਤੇ 295 ਏ ਤਹਿਤ ਕੇਸ ਦਰਜ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਨੂੰ ਗੈਰ-ਜਮਹੂਰੀ ਕਾਰਵਾਈ ਤੇ ਹਿੰਦੂਤਵੀ ਸੰਗਠਨਾਂ ਦੇ ਦਬਾਅ ਹੇਠ ਗਿਣੀ-ਮਿੱਥੀ ਫ਼ਿਰਕੂ ਸਾਜ਼ਿਸ਼ ਦੱਸਿਆ ਹੈ। ਤਰਕਸ਼ੀਲ ਕਾਰਕੁਨਾਂ, ਲੇਖਕਾਂ ਤੇ ਜਮਹੂਰੀ ਅਧਿਕਾਰਾਂ ਦੇ ਕਾਰਕੁਨਾਂ ਵੱਲੋਂ ਦੋਵਾਂ ਆਗੂਆਂ ਖਿਲਾਫ ਦਰਜ ਕੇਸਾਂ ਨੂੰ ਫੌਰੀ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।ਤਰਕਸ਼ੀਲ ਇਕਾਈ ਕਾਲਾਂਵਾਲੀ ਦੇ ਪ੍ਰਮੁੱਖ ਆਗੂ ਮਾ: ਸਮਸ਼ੇਰ ਸਿੰਘ ਚੋਰਮਾਰ, ਅਜਾਇਬ ਸਿੰਘ ਜਲਾਲਆਣਾ, ਜਗਦੀਸ਼ ਸਿੰਘ ਸਿੰਘਪੁਰਾ, ਦਰਸ਼ਨ ਸਿੰਘ ਤੇ ਕੁਲਦੀਪ ਸਿੰਘ ਨੇ ਚੇਤਾਵਨੀ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਪੰਜਾਬ ਤੇ ਹਰਿਆਣਾ ਦੀਆਂ ਸਮੁੱਚੀਆਂ ਤਰਕਸ਼ੀਲ, ਅਗਾਂਹਵਧੂ, ਜਮਹੂਰੀ ਤੇ ਇਨਸਾਫ਼ ਪਸੰਦ ਜਨਤਕ ਜਥੇਬੰਦੀਆਂ ਵੱਲੋਂ ਸਾਂਝੇ ਮੰਚ ਹੇਠ ਸਮੁੱਚੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

ਇਸ ਸਬੰਧੀ ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਪੁਲਸ ਵੱਲੋਂ ਅਕਸਰ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ ਹੀ ਫ਼ਿਰਕੂ ਸੰਗਠਨਾਂ ਦੇ ਦਬਾਅ ਹੇਠ ਸਮਾਜ ਨੂੰ ਚੇਤਨ ਕਰਨ ਵਾਲੇ ਲੇਖਕਾਂ, ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਖਿਲਾਫ ਧਾਰਾ 295ਏ ਤਹਿਤ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੁਲਸ ਦੀ ਅਜਿਹੀ ਕਾਰਵਾਈ ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਮਿਲੇ ਨਾਗਰਿਕਾਂ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਸਿੱਧੀ ਉਲੰਘਣਾ ਹੈ। ਉਨ੍ਹਾ ਸਪੱਸ਼ਟ ਕੀਤਾ ਕਿ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐੱਚ) ਤਹਿਤ ਹਰੇਕ ਨਾਗਰਿਕ ਨੂੰ ਵਿਗਿਆਨਕ ਸੋਚ ਦੇ ਪ੍ਰਚਾਰ ਪ੍ਰਸਾਰ ਦਾ ਮੌਲਿਕ ਅਧਿਕਾਰ ਹੈ। ਉਨ੍ਹਾਂ ਪੰਜਾਬ ਸਰਕਾਰ ਤੇ ਪੰਜਾਬ ਦੇ ਡੀ ਜੀ ਪੀ ਤੋਂ ਤਰਕਸ਼ੀਲ ਆਗੂਆਂ ਖਿਲਾਫ ਕੇਸ ਰੱਦ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ।

# ਡੀ ਟੀ ਐੱਫ ਦੀ 34ਵੀਂ ਵਜ਼ੀਫ਼ਾ ਪ੍ਰੀਖਿਆ ਸਫਲਤਾਪੂਰਵਕ ਸੰਪੰਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਡੀ.ਟੀ.ਐੱਫ. ਸੰਗਰੂਰ ਦੀ 34ਵੀਂ ਵਜ਼ੀਫ਼ਾ ਪ੍ਰੀਖਿਆ ਸੂਬਾ ਸਕੱਤਰ ਬਲਵੀਰ ਲੌਂਗੋਵਾਲ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਸਫਲਤਾਪੂਰਵਕ ਸੰਪੰਨ ਹੋ ਗਈ ਹੈ।ਡੀ.ਟੀ.ਐੱਫ. ਵੱਲੋਂ ਪਿਛਲੇ 34 ਸਾਲਾਂ ਤੋਂ ਲਗਾਤਾਰ ਇਸ ਪ੍ਰੀਖਿਆ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਹ ਪ੍ਰੀਖਿਆ ਕਿਸੇ ਮਹਾਨ ਸ਼ਖਸੀਅਤ ਜਾਂ ਕਿਸੇ ਮਹਾਨ ਵਰਤਾਰੇ ਨੂੰ ਸਮਰਪਤ ਹੁੰਦੀ ਹੈ ਤਾਂ ਕਿ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਉਸ ਸ਼ਖਸੀਅਤ ਜਾਂ ਵਰਤਾਰੇ ਬਾਰੇ ਜਾਣੂ ਕਰਵਾਇਆ ਜਾ ਸਕੇ।ਇਸ ਸਾਲ ਇਹ ਪ੍ਰੀਖਿਆ ਮਹਾਨ ਪੱਤਰਕਾਰ ਤੇ ਆਜ਼ਾਦੀ ਘੁਲਾਟੀਏ ਗਣੇਸ਼ ਸ਼ੰਕਰ ਵਿਦਿਆਰਥੀ ਨੂੰ ਸਮਰਪਤ ਰਹੀ।

ਜਾਣਕਾਰੀ ਦਿੰਦਿਆਂ ਡੀ.ਟੀ.ਐੱਫ. ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਤੇ ਸਕੱਤਰ ਹਰਭਗਵਾਨ ਗੁਰਨੇ ਨੇ ਦੱਸਿਆ ਕਿ ਪ੍ਰੀਖਿਆ ਵਿੱਚ ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ।ਪੰਜਵੀਂ, ਅੱਠਵੀਂ, ਦਸਵੀਂ ਤੇ ਬਾਰਵੀਂ ਜਮਾਤ ਦੇ ਕੁੱਲ 3505 ਵਿਦਿਆਰਥੀਆਂ ਨੇ ਲਿਆ ਭਾਗ।ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਟਿਆਲਾ ਤੇ ਜਲੰਧਰ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਦੀ ਮੰਗ 'ਤੇ ਜ਼ਿਲ੍ਹਾ ਕਮੇਟੀ ਨੇ ਇਨ੍ਹਾਂ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਲਈ ਪ੍ਰੀਖਿਆ ਦਾ ਇੰਤਜ਼ਾਮ ਕੀਤਾ।ਇਨ੍ਹਾਂ ਜ਼ਿਲ੍ਹਿਆਂ ਦੇ ਕੁੱਲ 570 ਵਿਦਿਆਰਥੀਆਂ ਨੇ ਭਾਗ ਲਿਆ।ਆਗੂਆਂ ਨੇ ਕਿਹਾ ਕਿ ਇਸ ਉੱਦਮ ਰਾਹੀਂ ਅਧਿਆਪਕਾਂ ਦੀ ਜਥੇਬੰਦੀ ਡੀ.ਟੀ.ਐੱਫ. ਵਿਦਿਆਰਥੀਆਂ ਨੂੰ ਰੱਟੇ ਤੇ ਨਕਲ ਦੀਆਂ ਬੁਰਾਈਆਂ ਤੋਂ ਰਹਿਤ, ਉੱਚੇ ਮਿਆਰ ਦੀ ਤੇ ਸਕਾਰਾਤਮਕ ਮੁਕਾਬਲੇ ਦੀ ਪ੍ਰੀਖਿਆ ਦਾ ਪ੍ਰਬੰਧ ਕਰਦੀ ਹੈ।ਉਨ੍ਹਾਂ ਕਿਹਾ ਕਿ ਸਰਕਾਰੀ ਤੇ ਪ੍ਰਾਈਵੇਟ ਸਕੂਲ ਦੇ ਵਿਦਿਆਰਥੀਆਂ ਨੂੰ ਅਲੱਗ-ਅਲੱਗ ਕੈਟਾਗਰੀਆਂ ਵਿੱਚ ਰੱਖ ਕੇ ਹਰੇਕ ਕੈਟਾਗਰੀ ਦੇ ਜਮਾਤਵਾਰ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਰਾਸ਼ੀ ਦੇ ਰੂਪ ਵਿੱਚ ਵਜ਼ੀਫ਼ਾ ਤੇ ਹੋਰ ਇਨਾਮ ਦਿੱਤੇ ਜਾਣਗੇ।ਪਟਿਆਲਾ ਤੇ ਜਲੰਧਰ ਜ਼ਿਲ੍ਹੇ ਦੇ ਵਿਦਿਆਰਥੀਆਂ ਦੀ ਅਲੱਗ ਮੈਰਿਟ ਸੂਚੀ ਬਣਾਈ ਜਾਵੇਗੀ ਤੇ ਉਸ ਅਨੁਸਾਰ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਹੌਸਲਾ-ਵਧਾਊ ਇਨਾਮ ਦਿੱਤੇ ਜਾਣਗੇ।ਅੰਤ ਵਿੱਚ ਉਨ੍ਹਾਂ ਪ੍ਰੀਖਿਆ ਨੂੰ ਸਿਰੇ ਚੜ੍ਹਾਉਣ ਲਈ ਤਨਦੇਹੀ ਨਾਲ ਯੋਗਦਾਨ ਦੇਣ ਵਾਲੇ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ।

# ਬੀ ਕੇ ਯੂ ਡਕੌਂਦਾ ਦਾ ਪੱਕਾ ਮੋਰਚਾ ਜਾਰੀ, ਸ਼ਹਿਰ 'ਚ ਰੋਸ ਮਾਰਚ



**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਡੀਐੱਸਪੀ ਦਫਤਰ ਵਿਖੇ ਕੁੱਲਰੀਆਂ ਦੇ ਅਬਾਦਕਾਰਾਂ ਦੀ ਜ਼ਮੀਨ ਬਚਾਉਣ ਲਈ ਲੱਗੇ ਮੋਰਚੇ ਦੇ 26ਵੇਂ ਦਿਨ ਸ਼ਹਿਰ ਬੁਢਲਾਡੇ ਵਿੱਚ ਰੋਸ ਭਰਪੂਰ ਮੁਜ਼ਾਹਰਾ ਕੀਤਾ ਗਿਆ।ਸੈਂਕੜੇ ਮਰਦ ਔਰਤਾਂ ਨੇ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਤੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਭਾਰੀ ਪਿੱਟ ਸਿਆਪਾ ਕੀਤਾ ਗਿਆ।ਕਿਸਾਨ ਮੰਗ ਕਰ ਰਹੇ ਹਨ ਕਿ ਕੁਲਰੀਆਂ ਦੇ ਆਬਾਦਕਾਰਾਂ ਕਿਸਾਨਾਂ ਨੂੰ ਗੱਡੀ ਚਾੜ੍ਹ ਕੇ ਗੰਭੀਰ ਜ਼ਖਮੀ ਕਰਨ ਵਾਲੇ ਗੁੰਡਾ ਗਰੋਹ ਦੇ ਜ਼ਿੰਮੇਵਾਰ ਰਾਜੂ ਸਰਪੰਚ ਸਮੇਤ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾਵੇ।ਕਿਸਾਨਾਂ ਦੇ ਜਬਤ ਕੀਤੇ ਟਰੈਕਟਰ ਬਿਨਾਂ ਸ਼ਰਤ ਵਾਪਸ ਕੀਤੇ ਜਾਣ, ਖਾਸ ਕਰ ਕਿਸਾਨਾਂ ਦੀ ਜ਼ਮੀਨ ਤੋਂ ਬੇਦਖਲ ਕਰਨਾ ਬੰਦ ਕੀਤਾ ਜਾਵੇ।ਮਾਲਕੀ ਹੱਕ ਬਹਾਲ ਕੀਤੇ ਜਾਣ, ਮੋਰਚੇ ਵਿੱਚ ਡੀ ਐੱਸ ਪੀ ਦਫਤਰ ਸਾਹਮਣੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਪੁਰਾ, ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸ਼ਰਮਾ ਖਿਆਲਾਂ, ਜ਼ਿਲ੍ਹਾ ਖਜ਼ਾਨਚੀ ਦੇਵੀ ਰਾਮ ਰੰਗਿਆਲ ਨੇ ਕਿਹਾ ਕਿ ਸਾਰੀਆਂ ਮੰਗਾਂ ਦੀ ਪ੍ਰਾਪਤੀ ਤੱਕ ਮੋਰਚਾ ਜਿਵੇਂ ਦਾ ਤਿਵੇਂ ਜਾਰੀ ਰਹੇਗਾ, ਉਥੇ ਆਉਣ ਵਾਲੇ ਦਿਨਾਂ ਵਿੱਚ ਸਖਤ ਐਕਸ਼ਨ ਕੀਤੇ ਜਾਣਗੇ। ਬੁਲਾਰਿਆਂ ਨੇ ਕਿਹਾ ਕਿ ਬਲਾਕ ਪ੍ਰਧਾਨ ਸਤਪਾਲ ਬਰੇ, ਜਨਰਲ ਸਕੱਤਰ ਤਾਰਾ ਚੰਦ ਬਰੇਟਾ, ਤਰਨਦੀਪ ਮੰਦਰਾਂ, ਜ਼ਿਲ੍ਹਾ ਬਰਨਾਲਾ ਦੇ ਆਗੂ ਕਾਲਾ ਸਿੰਘ ਜੈਦ, ਭੋਲਾ ਸਿੰਘ ਛੰਨਾ ਤੋਂ ਬਿਨਾਂ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।

# ਸਿਹਤ ਬਲਾਕ ਮੂਨਕ 'ਚ ਕੁਸ਼ਟ ਰੋਗ ਜਾਗਰੂਕਤਾ ਪੰਦਰਵਾੜਾ ਮਨਾਇਆ



**ਮੂਨਕ (ਰਾਜਪਾਲ ਸਿੰਗਲਾ)**-ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਤੇ ਸਿਵਲ ਸਰਜਨ ਸੰਗਰੂਰ ਡਾ. ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਵਿੰਦਰ ਸਿੰਘ ਭੱਟੀ ਦੀ ਅਗਵਾਈ ਹੇਠ ਸਿਹਤ ਬਲਾਕ ਮੂਨਕ ਵਿੱਚ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਕੁਸ਼ਟ ਰੋਗ ਤੋਂ ਬਚਾਅ ਲਈ 30 ਜਨਵਰੀ ਤੋਂ 13 ਫਰਵਰੀ ਤੱਕ ਕੁਸ਼ਟ ਰੋਗ ਜਾਗਰੂਕਤਾ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਐਜੂਕੇਟਰ-ਕਮ-ਸਿਹਤ ਵਿਭਾਗ ਦੇ ਮਾਸ ਮੀਡੀਆ ਬ੍ਰਾਂਚ ਸਿਹਤ ਬਲਾਕ ਮੂਨਕ ਦੇ ਨੋਡਲ ਅਫ਼ਸਰ ਹਰਦੀਪ ਜਿੰਦਲ ਨੇ ਦੱਸਿਆ ਕਿ ਕੋੜ੍ਹ/ਕੁਸ਼ਟ ਮਾਈਕੋਬੈਕਟੀਰੀਅਮ ਲੈਪਰੇ ਦੁਆਰਾ ਹੋਣ ਵਾਲੀ ਇੱਕ ਪੁਰਾਣੀ ਛੂਤ ਦੀ ਬਿਮਾਰੀ ਹੈ, ਇਹ ਕੋਈ ਖਾਨਦਾਨੀ ਰੋਗ ਨਹੀਂ।ਕੋੜ੍ਹ ਪਿਛਲੇ ਪਾਪਾਂ ਜਾਂ ਬੁਰਾਈਆਂ ਦਾ ਨਤੀਜਾ ਵੀ ਨਹੀਂ ਹੈ, ਇਹ ਚਮੜੀ ਤੇ ਹਾਈਪੋ ਪਿਗਮੈਂਟਡ ਪੈਚਾਂ ਦਾ ਵਿਕਾਸ ਹੁੰਦਾ ਹੈ।ਚਮੜੀ 'ਤੇ ਹਲਕੇ ਤਾਂਬੇ ਰੰਗੇ ਸੁੰਨ, ਕੁਸ਼ਟ ਰੋਗ ਦੀ ਨਿਸ਼ਾਨੀ ਹੈ, ਸੁੰਨਾਪਨ ਚਮੜੀ ਦੇ ਹੇਠਾਂ ਦੀਆਂ ਨਸਾਂ ਦੀ ਖਰਾਬੀ ਕਾਰਨ ਹੁੰਦਾ ਹੈ।ਇਸੇ ਕਾਰਨ ਨਸਾਂ ਮੋਟੀਆਂ ਤੇ ਸਖਤ ਹੋ ਜਾਂਦੀਆਂ ਹਨ।ਕੁਸ਼ਟ ਰੋਗ ਤੋਂ ਪ੍ਰਭਾਵਿਤ ਹਿੱਸੇ 'ਤੇ ਮਰੀਜ਼ ਨੂੰ ਠੰਡੇ/ਤੱਤੇ ਤੇ ਕਿਸੇ ਵੀ ਤਰ੍ਹਾਂ ਸੱਟ ਤੇ ਨੁਕੀਲੀ ਚੀਜ਼ ਲੱਗਣ ਦਾ ਪਤਾ ਨਹੀ ਲੱਗਦਾ।

ਨਸਾਂ ਦੀ ਖਰਾਬੀ ਕਾਰਨ ਮਾਸਪੇਸ਼ੀਆਂ ਵੀ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ।ਸਿੱਟੇ ਵਜੋਂ ਸਰੀਰ ਦੇ ਅੰਗ ਮੁੜ ਜਾਂਦੇ ਹਨ ਤੇ ਸੁੰਨੇਪਣ ਕਾਰਨ ਕਈ ਵਾਰ ਇਹ ਅੰਗ ਸੱਟ ਲੱਗਣ ਕਾਰਨ ਸਰੀਰ ਤੋਂ ਵੱਖ ਵੀ ਜਾਂਦੇ ਹਨ।ਅਜਿਹੇ ਲੱਛਣ ਨਜ਼ਰ ਆਉਣ 'ਤੇ ਨਜ਼ਦੀਕੀ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।ਕੁਸ਼ਟ ਰੋਗ ਪੂਰੀ ਤਰ੍ਹਾਂ ਇਲਾਜਯੋਗ ਹੈ ਤੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਇਲਾਜ ਬਿਲਕੁਲ ਮੁਫ਼ਤ ਹੈ।

# ਮਾਤਾ ਗੁਜਰੀ ਕਾਲਜ ਵਿਖੇ ਦੋ ਰੋਜ਼ਾ ਵਾਤਾਵਰਣ ਮੇਲਾ 'ਪ੍ਰਕਿਰਤੀ' ਸ਼ੁਰੂ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਵਿਖੇ ਵਾਤਾਵਰਣ ਸਿੱਖਿਆ ਪ੍ਰੋਗਰਾਮ 2023-24 ਅਧੀਨ ਸਕੂਲਾਂ ਦੇ ਵਿਦਿਆਰਥੀਆਂ ਲਈ ਦੋ ਰੋਜ਼ਾ ਐਨਵਾਇਰਨਫੈਸਟ 'ਪ੍ਰਕਿਰਤੀ' ਦੀ ਸ਼ਾਨਦਾਰ ਸ਼ੁਰੂਆਤ ਹੋਈ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਤਕਰੀਬਨ 900 ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਪ੍ਰੋਗਰਾਮ ਨੂੰ ਪੰਜਾਬ ਸਟੇਟ ਕੌਂਸਲ ਆਫ਼ ਸਾਇੰਸ ਐਂਡ ਤਕਨਾਲੋਜੀ, ਚੰਡੀਗੜ੍ਹ ਦੁਆਰਾ ਸਪਾਂਸਰ ਕੀਤਾ ਗਿਆ ਹੈ ਤੇ ਭਾਰਤ ਸਰਕਾਰ ਦੇ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੌਟਨੀ ਵਿਭਾਗ ਦੇ ਮੁਖੀ ਡਾ. ਮਨੀਸ਼ ਕਪੂਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ (ਪਮੇਟੀ) ਦੇ ਪ੍ਰੋਜੈਕਟ ਡਾਇਰੈਕਟਰ ਤੇ ਸੋਚ ਸੰਸਥਾ ਦੇ ਪ੍ਰਧਾਨ ਡਾ. ਬਲਵਿੰਦਰ ਸਿੰਘ ਲੱਖੇਵਾਲੀ ਅਤੇ ਪੀ.ਡਬਲਿਊ.ਡੀ. ਦੇ ਸਬ ਡਵੀਜ਼ਨਲ ਇੰਜੀਨੀਅਰ ਤੇ ਸੋਚ ਸੰਸਥਾ ਦੇ ਸਕੱਤਰ ਡਾ. ਬ੍ਰਿਜ ਮੋਹਨ ਭਾਰਦਵਾਜ ਨੇ ਆਪਣੇ ਵੱਡਮੁੱਲੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ।

ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਵਾਤਾਵਰਣ ਮੇਲੇ ਦਾ ਮੁੱਖ ਉਦੇਸ਼ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਵਾਤਾਵਰਣ ਜਾਗਰੂਕਤਾ, ਵਾਤਾਵਰਣ ਦੀ ਸਾਂਭ-ਸੰਭਾਲ ਵਿੱਚ ਸ਼ਮੂਲੀਅਤ ਨੂੰ ਉਤਸ਼ਾਹਤ ਕਰਨਾ ਤੇ ਵਾਤਾਵਰਣ ਦੇ ਅਹਿਮ ਮੁੱਦਿਆਂ 'ਤੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕਰਨ ਲਈ ਢੁੱਕਵਾਂ ਮੰਚ ਪ੍ਰਦਾਨ ਕਰਨਾ ਹੈ।

ਇਸ ਤੋਂ ਪਹਿਲਾਂ ਸਮਾਗਮ ਦੇ ਉਦਘਾਟਨੀ ਸਮਾਰੋਹ ਵਿੱਚ ਸਮਾਗਮ ਦੇ ਕੋ-ਕੋਆਰਡੀਨੇਟਰ ਕੈਮਿਸਟਰੀ ਵਿਭਾਗ ਦੇ ਡਾ. ਕੁਲਦੀਪ ਕੌਰ ਨੇ ਮਹਿਮਾਨਾਂ ਦਾ ਰਸਮੀਂ ਤੌਰ 'ਤੇ ਸਵਾਗਤ ਕੀਤਾ।ਸਮਾਗਮ ਦੇ ਕੋਆਰਡੀਨੇਟਰ ਡਾ. ਜਗਦੀਸ਼ ਸਿੰਘ ਨੇ ਦੱਸਿਆ ਕਿ ਇਸ ਵਾਤਾਵਰਣ ਮੇਲੇ ਵਿੱਚ ਸਕੂਲਾਂ ਦੇ ਵਿਦਿਆਰਥੀਆਂ ਨੂੰ ਜਿੱਥੇ ਵਾਤਾਵਰਣ ਦੀ ਸਾਂਭ-ਸੰਭਾਲ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਜਿਵੇਂ ਸਿੱਖਿਆ ਭਰਪੂਰ ਵਰਕਸ਼ਾਪਾਂ, ਪ੍ਰਦਰਸ਼ਨੀਆਂ, ਕੋਲਾਜ਼ ਬਣਾਉਣ, ਕੁਇੱਜ਼, ਪੋਸਟਰ ਪੇਸ਼ਕਾਰੀ ਤੇ ਕਹਾਣੀ ਲੇਖਣ ਆਦਿ ਮੁਕਾਬਲਿਆਂ ਵਿੱਚ ਸ਼ਾਮਲ ਹੋਣ ਦਾ ਅਵਸਰ ਮਿਲਿਆ।

ਇਸ ਮੌਕੇ ਕਾਲਜ ਦੇ ਬੌਟਨੀ ਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਮੁਖੀ ਤੇ ਸਮਾਗਮ ਦੇ ਕਨਵੀਨਰ ਡਾ. ਲਵਨੀਤ ਕੌਰ ਨੇ 'ਕਾਰਬਨ ਫੁਟਪ੍ਰਿੰਟ ਰਿਡਕਸ਼ਨ ਪ੍ਰੈਕਟਿਸਿਸ' ਵਿਸ਼ੇ 'ਤੇ ਗਿਆਨ ਭਰਪੂਰ ਵਰਕਸ਼ਾਪ ਆਯੋਜਤ ਕੀਤੀ।

ਜ਼ੂਆਲੋਜੀ ਵਿਭਾਗ ਦੇ ਮੁਖੀ ਪ੍ਰੋ. ਪ੍ਰਦੀਪ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।ਇਸ ਮੌਕੇ ਸਕੂਲਾਂ ਦੇ ਵਿਦਿਆਰਥੀਆਂ ਨੇ ਵਾਤਾਵਰਣ ਦੀ ਰੱਖਿਆ ਕਰਨ ਲਈ ਆਪਣੇ ਰੋਜ਼ਾਨਾ ਜੀਵਨ ਵਿੱਚ ਹਰ ਸੰਭਵ ਤਬਦੀਲੀ ਲਿਆਉਣ, ਆਪਣੇ ਪਰਿਵਾਰ, ਦੋਸਤਾਂ ਤੇ ਹੋਰਨਾਂ ਨੂੰ ਵਾਤਾਵਰਣ ਦੇ ਅਨੁਕੂਲ ਆਦਤਾਂ ਦੀ ਮਹੱਤਤਾ ਬਾਰੇ ਲਗਾਤਾਰ ਪ੍ਰੇਰਿਤ ਕਰਨ ਦੀ ਸਹੁੰ ਚੁੱਕੀ।ਇਸ ਮੌਕੇ ਡਾ. ਬਿਕਰਮਜੀਤ ਸਿੰਘ, ਡਾ. ਹਰਵੀਨ ਕੌਰ, ਡਾ. ਨਮਿਤਾ ਬੇਰੀ, ਡਾ. ਹਰਜੀਤ ਸਿੰਘ, ਡਾ. ਸ਼ਿੰਦਰਪਾਲ ਕੌਰ, ਡਾ. ਰਾਜਿੰਦਰਪਾਲ, ਪ੍ਰੋ. ਹਰਮਨਜੋਤ ਕੌਰ, ਡਾ. ਨੈਨਾ ਖੁੱਲਰ, ਡਾ. ਤੇਜਿੰਦਰ ਸਿੰਘ ਤੋਂ ਇਲਾਵਾ ਸਾਇੰਸ ਵਿਭਾਗਾਂ ਦੇ ਮੁਖੀ, ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।

# ਮਿੱਡ ਡੇ ਮੀਲ 'ਚ ਪੂਰੀਆਂ, ਕੇਲੇ ਤੇ ਖੀਰ ਬਣਾਉਣ ਦਾ ਕਰਾਂਗੇ ਬਾਈਕਾਟ : ਅਮਨਦੀਪ ਸ਼ਰਮਾ

**ਮਾਨਸਾ/ਬੁਢਲਾਡਾ (ਆਤਮਾ ਸਿੰਘ ਕੁਮਾਰ, ਅਸ਼ੋਕ ਲਾਕੜਾ)**-ਮਿੱਡ ਦੇ ਮੀਲ ਸਕੀਮ ਤਹਿਤ ਸਰਕਾਰੀ ਸਕੂਲਾਂ ਵਿੱਚ ਜਾਰੀ ਹੋਏ ਨਵੇਂ ਫ਼ੁਰਮਾਨ ਤਹਿਤ ਕੇਲੇ, ਪੂਰੀਆਂ ਤੇ ਖੀਰ ਦੇ ਆਦੇਸ਼ਾਂ ਨੇ ਸਕੂਲ ਮੁਖੀਆਂ ਨੂੰ ਆਪਣੇ ਕੋਲੋਂ ਖਰਚ ਕਰਕੇ ਇਸ ਸਕੀਮ ਨੂੰ ਚਲਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਮੁੱਖ ਅਧਿਆਪਕ ਜਥੇਬੰਦੀ ਪੰਜਾਬ ਦੇ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਾਇਮਰੀ ਸਕੂਲਾਂ ਲਈ 5 ਰੁਪਏ 45 ਪੈਸੇ ਪ੍ਰਤੀ ਬੱਚਾ ਹਰ ਰੋਜ਼ ਜਾਰੀ ਹੁੰਦੇ ਹਨ, ਜਿਸ ਵਿੱਚ ਵਿਦਿਆਰਥੀਆਂ ਲਈ ਦਾਲ ਰੋਟੀ, ਦਾਲ ਚਾਵਲ, ਰਾਜਮਾਂਹ ਚਾਵਲ, ਕੜੀ ਚਾਵਲ, ਸਬਜ਼ੀ ਰੋਟੀ ਤੇ ਹਫਤੇ ਦੇ ਕਿਸੇ ਇੱਕ ਦਿਨ ਖੀਰ ਦਾ ਪ੍ਰਬੰਧ ਵੀ ਕਰਨਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਅੱਜਕੱਲ੍ਹ ਕੀਮਤਾਂ ਦੇ ਵਧਣ ਕਾਰਨ ਟਮਾਟਰ, ਅਦਰਕ, ਲਸਣ, ਪਿਆਜ, ਦਾਲਾਂ ਸਬਜ਼ੀਆਂ, ਬੇਸਣ, ਸਰ੍ਹੋਂ ਦਾ ਤੇਲ ਰਿਫਾਇੰਡ ਬਹੁਤ ਮਹਿੰਗੇ ਹੋ ਗਏ ਹਨ।ਮਿੱਡ ਡੇ ਮੀਲ ਸਕੀਮ ਨੂੰ ਚਲਾਉਣ ਲਈ 5 ਰੁਪਏ 45 ਪੈਸੇ ਦੀ ਰਾਸ਼ੀ ਬਹੁਤ ਹੀ ਘੱਟ ਹੈ।ਉਨ੍ਹਾਂ ਕਿਹਾ ਕਿ ਮਿੱਡ ਡੇ ਮੀਲ ਸਕੀਮ ਚਲਾਉਣ ਲਈ ਪ੍ਰਾਇਮਰੀ ਸਕੂਲਾਂ ਲਈ ਘੱਟੋ-ਘੱਟ 10 ਰੁਪਏ ਪ੍ਰਤੀ ਬੱਚਾ ਰੋਜ਼ਾਨਾ ਰਾਸ਼ੀ ਜਾਰੀ ਕਰਨੀ ਚਾਹੀਦੀ ਹੈ। ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਵੱਲੋਂ ਮਿੱਡ ਡੇ ਮੀਲ ਸੈੱਲ ਨੂੰ ਮੰਗ ਪੱਤਰ ਭੇਜ ਕੇ ਪੂਰੀਆਂ, ਕੇਲੇ ਤੇ ਖੀਰ ਦਾ ਸਮੁੱਚੇ ਤੌਰ 'ਤੇ ਬਾਈਕਾਟ ਕੀਤਾ ਜਾਵੇਗਾ।ਇਸ ਸਮੇਂ ਕੁਲਵਿੰਦਰ ਸਿੰਘ ਬੱਛੂਆਣਾ, ਨਵਨੀਤ ਸਿੰਘ ਬੱਗਾ ਹਸਨਪੁਰ, ਜਨਕ ਰਾਜ ਹੀਰੋ ਖੁਰਦ, ਗੁਰਜੰਟ ਸਿੰਘ ਜਟਾਣਾ ਖੁਰਦ, ਪ੍ਰਵੀਨ ਕੁਮਾਰ ਸੰਦਲੀ, ਅਸ਼ੋਕ ਕੁਮਾਰ ਫਫੜੇ ਭਾਈਕੇ, ਗੁਰਮੇਲ ਸਿੰਘ ਚੋਟੀਆਂ, ਪ੍ਰਸ਼ੋਤਮ ਚਹਿਲਾਂਵਾਲੀ, ਮੈਡਮ ਸੁਖਬੀਰ ਕੌਰ ਖਿਆਲਾ, ਜਗਦੀਪ ਕੌਰ ਮੰਡੇਰ, ਕਰਮਜੀਤ ਕੌਰ ਉੱਭਾ, ਸੰਦੀਪ ਸਿੰਘ ਨੰਗਲ ਕਲਾਂ ਆਦਿ ਹਾਜ਼ਰ ਸਨ।

# ਕਾਰ ਦਾ ਸ਼ੀਸ਼ਾ ਤੋੜ ਕੇ ਨਗਦੀ ਲੈ ਜਾਣ ਵਾਲੇ ਕਾਬੂ

## ਕੱਪੜਾ ਵਪਾਰੀ ਤੋਂ ਖੋਹੇ 1 ਲੱਖ 40 ਹਜ਼ਾਰ ਰੁਪਏ ਬਰਾਮਦ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪੁਲਸ ਥਾਣਾ ਸ਼ੁਤਰਾਣਾ ਦੀ ਪੁਲਸ ਨੇ ਕੁਝ ਦਿਨ ਪਹਿਲਾਂ ਮੈਰਿਜ ਪੈਲੇਸ ਦੇ ਬਾਹਰ ਖੜੀ ਕਾਰ ਦਾ ਸ਼ੀਸ਼ਾ ਤੋੜ ਕੇ ਉਸ ਵਿੱਚੋਂ ਚੋਰੀ ਕੀਤੀ ਗਈ ਰਕਮ ਦੇ ਮਾਮਲੇ ਨੂੰ ਅੰਜਾਮ ਦੇਣ ਵਾਲੇ ਦੋ ਕਥਿਤ ਦੋਸ਼ੀਆਂ ਨੂੰ ਇੱਕ ਲੱਖ ਚਾਲੀ ਹਜ਼ਾਰ ਰੁਪਏ ਸਮੇਤ ਕਾਬੂ ਕਰਨ ਦੇ ਨਾਲ ਨਾਲ ਘਟਨਾ ਨੂੰ ਅੰਜਾਮ ਦੇਣ ਲਈ ਵਰਤੇ ਗਏ ਮੋਟਰਸਾਈਕਲ ਨੂੰ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਜਾਣਕਾਰੀ ਦਿੰਦਿਆਂ ਥਾਣਾ ਸ਼ੁਤਰਾਣਾ ਮੁਖੀ ਯਸ਼ਪਾਲ ਸ਼ਰਮਾ ਨੇ ਦੱਸਿਆ ਕਿ 15 ਜਨਵਰੀ ਨੂੰ ਅਮਿਤ ਗਰਗ ਪੁੱਤਰ ਰਤਨ ਲਾਲ ਵਾਸੀ ਗਲੀ ਨੰਬਰ 01 ਮਾਰਕਲ ਕਲੋਨੀ ਨੇੜੇ ਸਨੌਰੀ ਅੱਡਾ ਪਟਿਆਲਾ ਨੇ ਇਤਲਾਹ ਦਿੱਤੀ ਸੀ ਕਿ ਉਹ ਕੱਪੜੇ ਦਾ ਵਪਾਰੀ ਹੈ ਤੇ ਆਪਣੀ ਆਰਟੀਗਾ ਗੱਡੀ ਉਤੇ ਸਵਾਰ ਹੋ ਕੇ ਆਪਣੇ ਕੱਪੜੇ ਦੇ ਵਪਾਰ ਦੇ ਸਬੰਧ ਵਿੱਚ ਖਨੌਰੀ ਵਿਖੇ ਆ ਰਿਹਾ ਸੀ ਤੇ ਰਸਤੇ ਵਿੱਚ ਆਪਣੇ ਦੁਕਾਨਦਾਰ ਹਰਜਿੰਦਰ ਸਿੰਘ ਵਾਸੀ ਪਿੰਡ ਸਾਗਰਾ, ਜੋ ਮੇਨ ਰੋਡ ਬੱਸ ਅੱਡਾ ਸ਼ੁਤਰਾਣਾ ਵਿਖੇ ਜੇ ਕੇ ਐੱਮ ਪੈਲੇਸ ਵਿੱਚ ਵਿਆਹ ਦੇ ਪ੍ਰੋਗਰਾਮ 'ਤੇ ਆਇਆ ਹੋਇਆ ਸੀ, ਨੂੰ ਮਿਲਣ ਲਈ ਆਪਣੇ ਪੈਸਿਆਂ ਵਾਲਾ ਬੈਗ ਆਪਣੀ ਕਾਰ ਵਿੱਚ ਰੱਖ ਕੇ ਆਪਣੀ ਕਾਰ ਪੈਲੇਸ ਦੇ ਬਾਹਰ ਮੇਨ ਰੋਡ 'ਤੇ ਪਾਰਕ ਕਰਕੇ ਪੈਲੇਸ ਅੰਦਰ ਚਲਾ ਗਿਆ ਸੀ ਤਾਂ ਕਰੀਬ ਅੱਧਾ ਘੰਟਾ ਬਾਅਦ ਜਦੋਂ ਉਸ ਨੇ ਬਾਹਰ ਆ ਕੇ ਵੇਖਿਆ ਤਾਂ ਉਸ ਦੀ ਕਾਰ ਦਾ ਡਰਾਈਵਰ ਸਾਇਡ ਵਾਲਾ ਪਿਛਲਾ ਸ਼ੀਸ਼ਾ ਟੁੱਟਾ ਹੋਇਆ ਸੀ ਤੇ ਕਾਰ ਵਿੱਚ ਪਏ ਬੈਗ, ਜਿਸ ਵਿੱਚ 1,80,000/- ਰੁਪਏ ਸੀ, ਚੋਰੀ ਹੋ ਗਏ ਸੀ। ਉਨ੍ਹਾਂ ਦੱਸਿਆ ਕਿ ਦਿੱਤੀ ਗਈ ਸੂਚਨਾ ਦੇ ਅਧਾਰ 'ਤੇ ਪੁਲਸ ਨੇ ਕੇਸ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਥਾਣਾ ਸ਼ੁਤਰਾਣਾ ਪੁਲਸ ਵੱਲੋਂ ਮੁਕੱਦਮੇ ਨੂੰ ਟਰੇਸ ਕਰਕੇ 27 ਜਨਵਰੀ ਨੂੰ ਕਥਿਤ ਦੋਸ਼ੀ ਰਾਜੇਸ਼ ਕੁਮਾਰ ਵਾਸੀ ਨਵੀਂ ਧਰਮਸ਼ਾਲਾ ਵਾਲੀ ਗਲੀ ਨੇੜੇ ਧੌਲਾ ਕੁਆ ਨਰਵਾਨਾ ਜ਼ਿਲ੍ਹਾ ਜੀਂਦ ਨੂੰ ਗ੍ਰਿਫਤਾਰ ਕਰਕੇ ਚੋਰੀ ਕਰਨ ਸਮੇਂ ਵਰਤਿਆ ਪਲਟੀਨਾ ਮੋਟਰਸਾਈਕਲ ਬ੍ਰਾਮਦ ਕਰਵਾਇਆ ਤੇ ਰਾਜੇਸ਼ ਕੁਮਾਰ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ, ਜਿਸ 'ਤੇ ਅਦਾਲਤ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ ਸੀ। ਸੋਮਵਾਰ ਨੂੰ ਇਸ ਚੋਰੀ ਦੇ ਮੁੱਖ ਸਾਜ਼ਿਸ਼ਕਰਤਾ ਅਮਿਤ ਕੁਮਾਰ ਪੁੱਤਰ ਰਾਮ ਕੁਮਾਰ ਵਾਸੀ ਪੁਰਾਣੀ ਧਰਮਸ਼ਾਲਾ ਵਾਲੀ ਗਲੀ ਨੇੜੇ ਧੌਲਾ ਕੁਆ ਨਰਵਾਨਾ ਜ਼ਿਲ੍ਹਾ ਜੀਂਦ ਨੂੰ ਵੀ ਗ੍ਰਿਫਤਾਰ ਕਰਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਅਮਿਤ ਕੁਮਾਰ ਉਕਤ ਦਾ ਪੁਲਸ ਰਿਮਾਂਡ ਹਾਸਲ ਕਰਕੇ ਉਸ ਪਾਸੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕਰਕੇ ਅਮਿਤ ਕੁਮਾਰ ਉਕਤ ਦੀ ਨਿਸ਼ਾਨਦੇਹੀ 'ਤੇ ਉਕਤ ਚੋਰੀਸ਼ੁਦਾ ਰਕਮ ਵਿੱਚੋਂ 140,000/- ਬਰਾਮਦ ਕਰਵਾਏ ਗਏ। ਉਨ੍ਹਾ ਦੱਸਿਆ ਕਿ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰਦਿਆਂ ਬਾਕੀ ਬਚਦੀ ਰਕਮ ਤੇ ਦੋਸ਼ੀਆਂ ਬਾਰੇ ਤੱਥ ਇਕੱਠੇ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੂੰ ਐਜੂਕੇਟਰਸ ਇੰਡੀਆ ਤੇ ਐੱਸ ਆਰ ਐੱਮ 'ਵਰਸਿਟੀ ਨੇ ਕੀਤਾ ਸਨਮਾਨਤ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਜੇ. ਐੱਨ. ਇੰਟਰਨੈਸ਼ਨਲ ਸਕੂਲ ਵਿੱਚ ਉੱਚ-ਸਿੱਖਿਆ ਪ੍ਰਾਪਤ ਤਜਰਬੇਕਾਰ, ਮਿਹਨਤੀ ਸਟਾਫ਼ ਦੀ ਯੋਗ ਅਗਵਾਈ ਕਰਨ ਵਾਲੇ ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਪਿਛਲੇ ਕਈ ਸਾਲਾਂ ਤੋਂ ਇਸ ਸੰਸਥਾ ਨੂੰ ਸਫ਼ਲਤਾ ਪੂਰਵਕ ਚਲਾ ਰਹੇ ਹਨ। ਜੇ. ਐੱਨ. ਇੰਟਰਨੈਸ਼ਨਲ ਸਕੂਲ ਨੇ ਪੜ੍ਹਾਈ, ਖੇਡਾਂ, ਆਰਟ ਆਦਿ ਵਿੱਚ ਬਹੁਤ ਹੀ ਕਮਾਲ ਦਾ ਪ੍ਰਦਰਸ਼ਨ ਕਰਕੇ ਆਪਣੀ ਨਿਵਕੇਲੀ ਪਹਿਚਾਣ ਬਣਾਈ ਹੈ। ਇਸ ਕਮਾਲ ਦੇ ਪ੍ਰਦਰਸ਼ਨ ਨੂੰ ਮੁੱਖ ਰੱਖਦਿਆਂ ਐਜੂਕੇਟਰਸ ਇੰਡੀਆ ਤੇ ਐੱਸ ਆਰ ਐੱਮ ਯੂਨੀਵਰਸਿਟੀ ਆਂਧਰਾ ਪ੍ਰਦੇਸ਼ ਨੇ ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੂੰ ਸਨਮਾਨਤ ਕਰਦੇ ਹੋਏ ਉਨ੍ਹਾਂ ਨੂੰ ਐਵਾਰਡ ਨਾਲ ਨਿਵਾਜਿਆ ਹੈ। ਇਸ ਤੋਂ ਪਹਿਲਾਂ ਵੀ ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਕਈ ਐਵਾਰਡ ਆਪਣੇ ਨਾਮ ਕਰ ਚੁੱਕੇ ਹਨ। ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨਾਲ ਗੱਲਬਾਤ ਕਰਦਿਆਂ ਉਨ੍ਹਾ ਦੱਸਿਆ ਕਿ ਇਨ੍ਹਾਂ ਸ਼ਾਨਦਾਰ ਨਤੀਜਿਆਂ ਦਾ ਸਿਹਰਾ ਸਮੂਹ ਸਕੂਲ ਸਟਾਫ਼ ਦੀ ਕੁਰਬਾਨੀ ਨੂੰ ਜਾਂਦਾ ਹੈ। ਪ੍ਰਿੰਸੀਪਲ ਨੇ ਕਿਹਾ ਕਿ ਇਸ ਸਨਮਾਨ ਦਾ ਹੱਕਦਾਰ ਸਮੂਹ ਸਕੂਲ ਸਟਾਫ਼ ਤੇ ਸਕੂਲ ਮੈਨੇਜਮੈਂਟ ਹੈ। ਸਕੂਲ ਦੇ ਚੇਅਰਮੈਨ ਜਨਕ ਰਾਜ ਮੁੰਜਾਲ, ਮੈਨੇਜਿੰਗ ਡਰੈਕਟਰ ਅਰਜਨ ਮੁੰਜਾਲ, ਮੈਨੇਜਮੈਂਟ ਮੈਂਬਰ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਨੇ ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੂੰ ਇਸ ਐਵਾਰਡ ਲਈ ਵਧਾਈਆਂ ਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੇ ਸਕੂਲ ਮੈਨੇਜਮੈਂਟ ਤੇ ਸਮੂਹ ਸਕੂਲ ਸਟਾਫ ਦਾ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਦੇ ਸਹਿਯੋਗ ਤੇ ਸਾਥ ਦੀ ਮੰਗ ਕੀਤੀ।

# ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਹਰ ਨਾਗਰਿਕ ਯਤਨਸ਼ੀਲ : ਸੁਰਭੀ ਮਲਿਕ



**ਲੁਧਿਆਣਾ (ਰਾਜ ਸਿੰਗਲਾ)**-ਡਿਪਟੀ ਕਮਿਸ਼ਨਰ ਸੁਰਭੀ ਮਲਿਕ ਦੀ ਦੇਖ-ਰੇਖ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਦੇਸ਼ ਦੀ ਖ਼ਾਤਰ ਕੁਰਬਾਨੀਆਂ ਦੇਣ ਵਾਲੇ ਮਹਾਨ ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਉਨ੍ਹਾ ਨਾਲ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਗੌਤਮ ਜੈਨ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ. ਅਨਮੋਲ ਸਿੰਘ ਧਾਲੀਵਾਲ, ਵਧੀਕ ਡਿਪਟੀ ਕਮਿਸ਼ਨਰ (ਜਗਰਾਉਂ) ਮੇਜਰ ਅਮਿਤ ਸਰੀਨ, ਐਸ.ਡੀ.ਐਮ. ਗੁਰਬੀਰ ਸਿੰਘ ਕੋਹਲੀ ਤੇ ਐਸ.ਡੀ.ਐਮ. ਡਾ. ਹਰਜਿੰਦਰ ਸਿੰਘ ਬੇਦੀ ਮੌਜੂਦ ਸਨ।ਸਮੂਹ ਸਿਵਲ ਤੇ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਵੇਰੇ 11 ਵਜੇ ਦੋ ਮਿੰਟ ਦਾ ਮੌਨ ਰੱਖਿਆ ਗਿਆ।ਡਿਪਟੀ ਕਮਿਸ਼ਨਰ ਸ੍ਰੀਮਤੀ ਮਲਿਕ ਨੇ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ।ਉਨ੍ਹਾਂ ਦੇ ਸੰਘਰਸ਼ ਤੇ ਕੁਰਬਾਨੀ ਸਦਕਾ ਹਰ ਨਾਗਰਿਕ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸਮੂਹ ਅਧਿਕਾਰੀਆਂ, ਕਰਮਚਾਰੀਆਂ ਤੇ ਨਾਗਰਿਕਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣ ਲਈ ਹੰਭਲਾ ਮਾਰਨ ਦੀ ਅਪੀਲ ਕੀਤੀ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਸਤਨਾਮ ਸਿੰਘ ਸੰਧੂ ਦੇ ਰਾਜ ਸਭਾ ਮੈਂਬਰ ਬਣਨ 'ਤੇ ਖ਼ੁਸ਼ੀ ਦਾ ਪ੍ਰਗਟਾਵਾ



**ਧੂਰੀ (ਬਿੰਨੀ ਗਰਗ, ਰਾਜੇਸ਼ਵਰ ਪਿੰਟੂ)**-ਚੰਡੀਗੜ੍ਹ ਯੂਨੀਵਰਸਿਟੀ ਦੇ ਕੁਲਪਤੀ ਤੇ ਨਾਮਵਰ ਸਿੱਖਿਆ ਸ਼ਾਸਤਰੀ ਸਤਨਾਮ ਸਿੰਘ ਸੰਧੂ ਨੂੰ ਭਾਰਤ ਸਰਕਾਰ ਵੱਲੋਂ ਮੈਂਬਰ ਪਾਰਲੀਮੈਂਟ (ਰਾਜ ਸਭਾ) ਨਿਯੁਕਤ ਕੀਤੇ ਜਾਣ 'ਤੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ (ਪੰਜਾਬ) ਦੇ ਸਮੂਹ ਮੈਂਬਰਾਂ ਤੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਤਨਾਮ ਸਿੰਘ ਸੰਧੂ ਨੂੰ ਮੁਬਾਰਕਬਾਦ ਦਿੱਤੀ ਹੈ। ਉਨ੍ਹਾਂ ਕੇਂਦਰ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਤਨਾਮ ਸਿੰਘ ਸੰਧੂ ਨੂੰ ਰਾਜ ਸਭਾ ਮੈਂਬਰ ਬਣਾ ਕੇ ਸਰਕਾਰ ਨੇ ਸਮੁੱਚੇ ਸਿੱਖਿਆ ਜਗਤ ਨੂੰ ਸਨਮਾਨਤ ਕੀਤਾ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਡਾ. ਜਗਜੀਤ ਸਿੰਘ ਧੂਰੀ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਸਤਨਾਮ ਸਿੰਘ ਸੰਧੂ ਨੇ ਸਿੱਖਿਆ ਦੇ ਖੇਤਰ ਵਿੱਚ ਅਹਿਮ ਨਾਮਣਾ ਖੱਟਿਆ ਹੈ ਤੇ ਲੱਖਾਂ ਹੀ ਨੌਜਵਾਨ ਲੜਕੇ-ਲੜਕੀਆਂ ਨੂੰ ਸਿੱਖਿਆ ਦੇ ਕੇ ਉਨ੍ਹਾਂ ਨੂੰ ਰੁਜ਼ਗਾਰ ਦੇ ਕਾਬਲ ਬਣਾਇਆ ਹੈ। ਅਜਿਹੀ ਮਾਣਮੱਤੀ ਤੇ ਦੂਰ ਅੰਦੇਸ਼ੀ ਸੋਚ ਵਾਲੀ ਸ਼ਖ਼ਸੀਅਤ ਨੂੰ ਰਾਜ ਸਭਾ ਮੈਂਬਰ ਬਣਾਉਣਾ ਸਰਕਾਰ ਦੀ ਵੱਡੀ ਸੋਚ ਹੈ।

## ਪੰਜਾਬ ਸਰਕਾਰ ਦੀ ਵਾਅਦਾ-ਖਿਲਾਫੀ ਵਿਰੁੱਧ ਧਰਨਾ ਪ੍ਰਦਰਸ਼ਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਭਾਰਤੀ ਜਨਤਾ ਪਾਰਟੀ ਮਹਿਲਾ ਮੋਰਚਾ ਵੱਲੋਂ ਸਥਾਨਕ ਗੁਰੂ ਗੋਬਿੰਦ ਸਿੰਘ ਪਾਰਕ ਦੇ ਗੇਟ ਅੱਗੇ ਪੰਜਾਬ ਸਰਕਾਰ ਵਿਰੁੱਧ ਧਰਨਾ ਪ੍ਰਦਰਸ਼ਨ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਮਹਿਲਾ ਮੋਰਚਾ ਐਡਵੋਕੇਟ ਮਨਜੀਤ ਕੌਰ ਬੇਦੀ ਦੀ ਅਗਵਾਈ ਹੇਠ ਸੈਂਕੜੇ ਔਰਤਾਂ ਵੱਲੋਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਾਸੀਆਂ ਨਾਲ



ਕੀਤੇ ਝੂਠੇ ਵਾਅਦਿਆਂ ਖਾਸ ਕਰ ਔਰਤਾਂ ਨੂੰ ਇੱਕ ਹਜ਼ਾਰ ਮਹੀਨਾ ਦੇਣ ਦੇ ਕੀਤੇ ਝੂਠੇ ਵਾਅਦੇ ਵਿਰੁੱਧ ਤਖਤੀਆਂ ਤੇ ਪੋਸਟਰਾਂ ਨਾਲ ਭਗਵੰਤ ਮਾਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰ ਆਮ ਲੋਕਾਂ ਨੂੰ ਸਰਕਾਰ ਦੀਆਂ ਨਕਾਮੀਆਂ ਤੋਂ ਜਾਣੂ ਕਰਵਾਇਆ ਗਿਆ। ਮੈਡਮ ਮੋਨਾ ਕਟਾਰੀਆ ਤੇ ਮਨਜੀਤ ਬੇਦੀ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬੀਆਂ ਨਾਲ ਕੀਤੇ ਹਰੇਕ ਵਾਅਦੇ ਤੋਂ ਮੁਨਕਰ ਹੋ ਚੁੱਕੀ ਹੈ, ਸਰਕਾਰ ਵਿਰੁੱਧ ਬੋਲਣ ਵਾਲਿਆਂ 'ਤੇ ਪਰਚੇ ਦਰਜ ਕੀਤੇ ਜਾ ਰਹੇ ਹਨ, ਪੰਜਾਬ ਦਾ ਹਰ ਵਰਗ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਿਹਾ ਹੈ। ਲਾਅ ਐਂਡ ਆਰਡਰ ਦੀ ਸਥਿਤੀ ਬੁਰੀ ਤਰ੍ਹਾਂ ਚਰਮਰਾ ਚੁੱਕੀ ਹੈ। ਪੰਜਾਬ ਦੀਆਂ ਔਰਤਾਂ ਨਾਲ ਕੀਤੇ ਇੱਕ ਹਜ਼ਾਰ ਮਹੀਨੇ ਦੇਣ ਦੇ ਵਾਅਦੇ ਤੋਂ ਵੀ ਸਰਕਾਰ ਭੱਜ ਚੁੱਕੀ ਹੈ, ਪਰ ਮਹਿਲਾ ਮੋਰਚਾ ਪੰਜਾਬ ਦੀਆਂ ਔਰਤਾਂ ਨਾਲ ਕੀਤੇ ਝੂਠੇ ਵਾਅਦੇ ਖਿਲਾਫ ਅਜਿਹਾ ਧਰਨਾ ਪ੍ਰਦਰਸ਼ਨ ਦਾ ਸਿਲਸਿਲਾ ਜਾਰੀ ਰੱਖੇਗੀ।

## ਕਾਤਰਾਂ

### ਡੀ ਸੀ ਦਫ਼ਤਰ ਅੱਗੇ ਪੱਕਾ ਮੋਰਚਾ 6 ਤੋਂ

**ਮੂਨਕ (ਰਾਜਪਾਲ ਸਿੰਗਲਾ)**-ਬਲਾਕ ਮੂਨਕ ਦੀ ਮੀਟਿੰਗ ਬਲਾਕ ਖਜ਼ਾਨਚੀ ਰੋਸ਼ਨ ਮੂਨਕ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸਾਰੀਆਂ ਪਿੰਡ ਇਕਾਈਆਂ ਦੇ ਪ੍ਰਧਾਨ ਤੇ ਸਕੱਤਰ ਹਾਜ਼ਰ ਹੋਏ। ਕਿਸਾਨ ਆਗੂਆਂ ਨੂੰ ਸੰਬੋਧਨ ਕਰਦਿਆਂ ਰੋਸ਼ਨ ਮੂਨਕ ਨੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਵੱਲੋਂ ਕਿਸਾਨਾਂ ਪੱਖੀ ਖੇਤੀ ਨਿੱਤੀ ਲਾਗੂ ਕਰਵਾਉਣ ਲਈ ਪੰਜਾਬ ਦੇ ਸਾਰੇ ਡੀ ਸੀ ਹੈੱਡਕਵਾਟਰਾਂ ਅੱਗੇ ਪੰਜ ਦਿਨਾਂ 6 ਤੋਂ 10 ਫਰਵਰੀ ਤੱਕ ਪੱਕੇ ਮੋਰਚੇ ਲਾਏ ਜਾਣਗੇ। ਇਸੇ ਤਰ੍ਹਾਂ ਜ਼ਿਲ੍ਹਾ ਸੰਗਰੂਰ ਵੱਲੋਂ ਡੀ ਸੀ ਦਫ਼ਤਰ ਅੱਗੇ ਮੋਰਚਾ ਲਾਇਆ ਜਾਵੇਗਾ, ਜਿਸ ਵਿੱਚ ਕਿਸਾਨਾਂ ਨੂੰ ਵੱਧ ਤੋਂ ਵੱਧ ਗਿਣਤੀ 'ਚ ਸ਼ਾਮਲ ਹੋਣ ਲਈ ਕਿਹਾ। ਇਸ ਮੌਕੇ ਬਲਾਕ ਆਗੂ ਬੱਬੂ ਚੱਠੇ ਬਲਵਿੰਦਰ ਮਨਿਆਣਾ, ਰਮੇਸ਼ ਅਨਦਾਣਾ, ਬੱਬੂ ਚੱਠੇ, ਕੁਲਦੀਪ ਗੁਲਾੜੀ, ਮਿੰਟੂ ਹਾਂਡਾ, ਬੰਟੀ ਢੀਂਡਸਾ ਹਾਜ਼ਰ ਸਨ।

### ਡਾ. ਕੁਲਭੂਸ਼ਨ ਤੇ ਸੁਰਿੰਦਰ ਕਪੂਰ ਸਨਮਾਨਤ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗਣਤੰਤਰ ਦਿਵਸ ਦੇ ਮੱਦੇਨਜ਼ਰ ਕਰਵਾਏ ਗਏ ਸਰਕਾਰੀ ਸਮਾਗਮ ਦੌਰਾਨ ਐੱਸ.ਡੀ.ਐੱਮ. ਸ੍ਰੀ ਜੀ. ਐੱਸ. ਜੌਹਲ ਨੇ ਸਮਾਜਿਕ ਖੇਤਰ ਵਿੱਚ ਵਧੀਆ ਸੇਵਾਵਾਂ ਦੇਣ ਵਾਲੀਆਂ ਕਈ ਉੱਘੀਆਂ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ।ਇਸ ਮੌਕੇ ਐੱਸ.ਡੀ.ਐੱਮ. ਨੇ ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਦੇ ਡਾਇਰੈਕਟਰ ਡਾ. ਕੁਲਭੂਸ਼ਨ ਨੂੰ ਸਿਹਤ ਸੇਵਾਵਾਂ ਵਿੱਚ ਬਿਹਤਰ ਸਹੂਲਤਾਂ ਲਈ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ।ਇਸ ਦੇ ਨਾਲ ਹੀ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰਸ਼ਾਸਕੀ ਨਿਰਦੇਸ਼ਕ ਸੁਰਿੰਦਰ ਕਪੂਰ ਨੂੰ ਸਿੱਖਿਆ ਦੇ ਖੇਤਰ ਵਿੱਚ ਬਿਹਤਰ ਸਹੂਲਤਾਂ ਦੇਣ ਲਈ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਡੀਬੀਯੂ ਦੇ ਚਾਂਸਲਰ ਡਾ: ਜ਼ੋਰਾ ਸਿੰਘ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ: ਕੁਲਭੂਸ਼ਣ ਤੇ ਸੁਰਿੰਦਰ ਕਪੂਰ ਲੰਬੇ ਸਮੇਂ ਤੋਂ ਡੀਬੀਯੂ ਨਾਲ ਇਮਾਨਦਾਰੀ ਨਾਲ ਜੁੜੇ ਹੋਏ ਹਨ।ਯੂਨੀਵਰਸਿਟੀ ਦੀ ਬਿਹਤਰੀ ਲਈ ਹਮੇਸ਼ਾ ਯਤਨਸ਼ੀਲ ਹਨ ।

### ਇੰਸ. ਇੰਦਰਪਾਲ ਚੌਹਾਨ ਨੇ ਥਾਣਾ ਮੁਖੀ ਵਜੋਂ ਚਾਰਜ ਸੰਭਾਲਿਆ



**ਮੂਨਕ (ਰਾਜਪਾਲ ਸਿੰਗਲਾ)**-ਆਪਣੀ ਵੱਖਰੀ ਕੰਮ ਕਰਨ ਦੀ ਕਾਰਜ ਸ਼ੈਲੀ, ਲੋਕ ਸੇਵਾ ਕੰਮਾਂ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਅਤੇ ਆਪਣੀ ਡਿਊਟੀ ਪ੍ਰਤੀ ਇਮਾਨਦਾਰੀ ਕਾਰਨ ਲੋਕਾਂ ਵਿੱਚ ਹਰਮਨ ਪਿਆਰੇ ਅਫ਼ਸਰ ਵਜੋਂ ਵਿਚਰਨ ਵਾਲੇ ਇੰਸਪੈਕਟਰ ਇੰਦਰਪਾਲ ਚੌਹਾਨ ਨੇ ਅੱਜ ਥਾਣਾ ਮੂਨਕ ਦੇ ਮੁੱਖ ਅਫ਼ਸਰ ਵਜੋਂ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਦਰਪਾਲ ਚੌਹਾਨ ਨੇ ਕਿਹਾ ਕਿ ਥਾਣਾ ਮੂਨਕ ਅਧੀਨ ਆਉਂਦੀਆਂ ਗਰਾਮ ਪੰਚਾਇਤਾਂ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਮੁਖੀਆਂ ਸਮੇਤ ਲੋਕਾਂ ਨੂੰ ਪੂਰਾ ਪੂਰਾ ਇਨਸਾਫ਼ ਦਿੱਤਾ ਜਾਵੇਗਾ ਸਮੇਤ ਹਰ ਇਕ ਨੂੰ ਥਾਣੇ ਅੰਦਰ ਬਣਦਾ ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ ਭੈਅ ਤੋਂ ਸਮਾਜ ਵਿੱਚ ਗਲਤ ਗਤੀਵਿਧੀਆਂ ਕਰਨ ਵਾਲੇ ਲੋਕਾਂ ਸੰਬੰਧੀ ਉਹ ਪੁਲਸ ਨੂੰ ਦੱਸ ਸਕਦੇ ਹਨ।

### ਦੋ ਥਾਣਾ ਮੁਖੀਆਂ ਸਮੇਤ ਤਿੰਨ ਪੁਲਸ ਚੌਕੀਆਂ ਦੇ ਇੰਚਾਰਜ ਬਦਲੇ

**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)**-ਪੁਲਸ ਵਿਭਾਗ ਵਿੱਚ ਕੀਤੇ ਗਏ ਫੇਰ ਬਦਲ ਦੌਰਾਨ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਦੋ ਪੁਲਸ ਥਾਣਿਆਂ ਦੇ ਮੁਖੀਆਂ ਸਮੇਤ ਤਿੰਨ ਚੌਕੀਆਂ ਦੇ ਇੰਚਾਰਜ ਬਦਲ ਦਿੱਤੇ ਗਏ ਹਨ।ਜਾਣਕਾਰੀ ਅਨੁਸਾਰ ਪੁਲਸ ਥਾਣਾ ਪਾਤੜਾਂ ਦੇ ਮੁਖੀ ਹੈਰੀ ਬੋਪਾਰਾਏ ਨੂੰ ਬਦਲ ਕੇ ਉਨ੍ਹਾਂ ਦੀ ਥਾਂ ਅਨਾਜ ਮੰਡੀ ਪਟਿਆਲਾ ਪੁਲਸ ਥਾਣਾ ਤੋਂ ਬਦਲ ਕੇ ਇੰਸਪੈਕਟਰ ਜਸਪ੍ਰੀਤ ਸਿੰਘ ਨੂੰ ਪਾਤੜਾਂ ਨਿਯੁਕਤ ਕੀਤਾ ਗਿਆ ਹੈ, ਜਦੋਂਕਿ ਘੱਗਾ ਦੇ ਇੰਚਾਰਜ ਸਾਹਿਬ ਸਿੰਘ ਵਿਰਕ ਨੂੰ ਬਦਲ ਕੇ ਉਨ੍ਹਾਂ ਦੀ ਥਾਂ ਸੰਗਰੂਰ ਤੋਂ ਬਦਲ ਕੇ ਆਏ ਸਬ ਇੰਸਪੈਕਟਰ ਦਰਸ਼ਨ ਸਿੰਘ ਨੂੰ ਥਾਣਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਪੁਲਸ ਚੌਕੀ ਸਿਟੀ ਪਾਤੜਾਂ ਦੇ ਇੰਚਾਰਜ ਜਸਵੰਤ ਸਿੰਘ ਦੀ ਥਾਂ ਸਬ ਇੰਸਪੈਕਟਰ ਕਰਨੈਲ ਸਿੰਘ ਨੂੰ ਚੌਕੀ ਇੰਚਾਰਜ ਲਗਾਉਣ ਦੇ ਨਾਲ ਨਾਲ ਪੁਲਸ ਚੌਕੀ ਗੁਲਜ਼ਾਰਪੁਰਾ ਠਰੂਆ ਦੇ ਇੰਚਾਰਜ ਚੰਨਾ ਸਿੰਘ ਦੀ ਥਾਂ ਏਐੱਸਆਈ ਗੁਰਮੀਤ ਸਿੰਘ ਮਵੀ ਨੂੰ ਚੌਕੀ ਇੰਚਾਰਜ ਲਗਾਇਆ ਗਿਆ ਹੈ। ਪੁਲਸ ਚੌਕੀ ਬਾਦਸ਼ਾਹਪੁਰ ਵਿਖੇ ਕੁਝ ਦਿਨ ਪਹਿਲਾਂ ਜਸਵਿੰਦਰ ਸਿੰਘ ਨੂੰ ਚੌਕੀ ਇੰਚਾਰਜ ਨਿਯੁਕਤ ਕੀਤਾ ਗਿਆ ਸੀ।

## ਸੰਤ ਅਤਰ ਸਿੰਘ ਦੀ ਬਰਸੀ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਚੀਮਾ (ਰਵਿੰਦਰ ਚੀਮਾ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਤੋਂ ਸੱਚਖੰਡ ਅੰਗੀਠਾ ਸਾਹਿਬ, ਮਸਤੂਆਨਾ ਸਾਹਿਬ ਨੂੰ ਵਿਸ਼ਾਲ ਨਗਰ ਕੀਰਤਨ ਰਵਾਨਾ ਹੋ ਪਹੁੰਚਿਆ।ਇਹ ਨਗਰ ਕੀਰਤਨ ਸੰਤ ਅਤਰ ਸਿੰਘ ਜੀ ਦੀ ਬਰਸੀ ਨੂੰ ਮੁੱਖ ਰੱਖਦੇ ਹੋਏ ਸਜਾਇਆ ਗਿਆ, ਜੋ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਤੋਂ ਰਵਾਨਾ ਹੋ ਕੇ ਵੱਖ-ਵੱਖ ਪੜਾਅ ਤੋਂ ਹੁੰਦਾ ਹੋਇਆ ਪਿੰਡ ਝਾੜੋਂ, ਸ਼ਾਹਪੁਰ, ਸ਼ੇਰੋਂ, ਨਮੋਲ, ਉਭਾਵਾਲ, ਭੰਮਾਬੱਧੀ, ਬਡਰੁੱਖਾਂ ਤੋਂ ਹੁੰਦਾ ਹੋਇਆ ਮਸਤੂਆਨਾ ਸਾਹਿਬ ਪਹੁੰਚਿਆ।ਇਲਾਕੇ ਦੇ ਵੱਖ-ਵੱਖ ਪਿੰਡਾਂ ਦੀ ਸੰਗਤ ਵੱਲੋਂ ਇਸ ਨਗਰ ਕੀਰਤਨ ਦੇ ਸੁਆਗਤ ਲਈ ਸੜਕਾਂ ਤੇ ਰਸਤੇ ਬਹੁਤ ਸੁਚੱਜੇ ਢੰਗ ਨਾਲ ਸਾਫ ਕੀਤੇ ਗਏ ਅਤੇ ਸੰਗਤ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਦੇ ਪ੍ਰਬੰਧ ਕੀਤੇ ਗਏ।ਇਸ ਨਗਰ ਕੀਰਤਨ ਵਿੱਚ ਸੰਗਤਾਂ ਦਾ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਟਰੈਕਟਰ-ਟਰਾਲੀਆਂ, ਗੱਡੀਆਂ, ਮੋਟਰਸਾਈਕਲ, ਸਾਈਕਲਾਂ ਤੇ ਪੈਦਲ ਯਾਤਰਾ ਰਾਹੀਂ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸ਼ਾਮਲ ਹੋਏ।ਕਲਗੀਧਰ ਟਰੱਸਟ ਬੜੂ ਸਾਹਿਬ ਤੇ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਵਾਲੀ ਸਮੂਹ ਸੰਗਤ ਤੇ ਵੱਖ-ਵੱਖ ਪੜਾਅ 'ਤੇ ਵੱਖ-ਵੱਖ ਪਿੰਡਾਂ ਵੱਲੋਂ ਸੰਗਤ ਲਈ ਕੀਤੇ ਲੰਗਰ ਤੇ ਹੋਰ ਵੱਖ-ਵੱਖ ਤਰ੍ਹਾਂ ਦੇ ਪ੍ਰਬੰਧ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਡਿਊਟੀ 'ਚ ਵਿਘਨ ਪਾਉਣ ਤੇ ਧਮਕੀਆਂ ਦੇ ਦੋਸ਼ਾਂ ਤਹਿਤ ਦੋ ਦਰਜਨ ਤੋਂ ਵੱਧ ਨਾਮਜ਼ਦ

## ਬੀ ਡੀ ਪੀ ਓ ਪਾਤੜਾਂ ਦੇ ਬਿਆਨਾਂ 'ਤੇ ਪੁਲਸ ਨੇ ਕੀਤੀ ਕਾਰਵਾਈ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬਲਾਕ ਪਾਤੜਾਂ ਅਧੀਨ ਆਉਂਦੇ ਪਿੰਡ ਚੁਨਾਗਰਾ ਵਿਖੇ ਛੱਪੜ ਦੀ ਥਾਂ ਨੂੰ ਲੈ ਕੇ ਚੱਲ ਰਹੇ ਵਿਵਾਦ ਦੌਰਾਨ ਪਾਤੜਾਂ ਪੁਲਸ ਨੇ ਦੋ ਦਰਜਨ ਤੋਂ ਵੱਧ ਵਿਅਕਤੀਆਂ ਖਿਲਾਫ ਧਮਕੀਆਂ ਦੇਣ ਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਬਲਾਕ ਵਿਕਾਸ ਤੇ ਪੰਚਾਇਤ ਅਫਸਰ ਪਾਤੜਾਂ ਦੇ ਬਿਆਨਾਂ ਦੇ ਅਧਾਰ 'ਤੇ ਪੁਲਸ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ਾਂ ਤਹਿਤ ਇੱਕ ਔਰਤ ਸਮੇਤ ਛੇ ਵਿਅਕਤੀਆਂ ਤੇ 15-20 ਅਣਪਛਾਤਿਆਂ ਖਿਲਾਫ ਕੇਸ ਦਰਜ ਕੀਤਾ ਹੈ, ਜਦੋਂਕਿ ਪੰਚਾਇਤ ਵਿਭਾਗ ਦੇ ਇੱਕ ਕਰਮਚਾਰੀ 'ਤੇ ਵੀ ਇਨ੍ਹਾਂ ਲੋਕਾਂ ਨੂੰ ਉਕਸਾਉਣ ਦੇ ਦੋਸ਼ ਲਾਏ ਗਏ ਹਨ।

ਬਲਾਕ ਵਿਕਾਸ ਤੇ ਪੰਚਾਇਤ ਅਫਸਰ ਪਾਤੜਾਂ ਪਰਮਜੀਤ ਕੌਰ ਨੇ ਪੁਲਸ ਨੂੰ ਸੂਚਨਾ ਦਿੱਤੀ ਸੀ ਕਿ ਪਿੰਡ ਚੁਨਾਗਰਾ ਦੇ ਇੱਕ ਛੱਪੜ ਨੂੰ ਲੈ ਕੇ ਅਦਾਲਤ ਵੱਲੋਂ ਦਿੱਤੇ ਗਏ ਹੁਕਮਾਂ ਦੀ ਪਾਲਣਾ ਕਰਵਾਉਣ ਲਈ ਤਹਿਸੀਲਦਾਰ ਪਾਤੜਾਂ ਡਿਊਟੀ ਮੈਜਿਸਟਰੇਟ ਦੇ ਦਫਤਰ ਨਾਲ ਤਲਮੇਲ ਕਰਨ 'ਤੇ ਪਤਾ ਲੱਗਿਆ ਕਿ ਤਹਿਸੀਲਦਾਰ ਦਾ ਤਬਾਦਲਾ ਹੋ ਗਿਆ ਹੈ। ਇਸ ਸਬੰਧੀ ਰਿਪੋਰਟ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੀ ਗਈ ਸੀ। ਮਾਮਲੇ ਨੂੰ ਲੈ ਕੇ 15-20 ਵਿਅਕਤੀਆਂ ਨੇ ਬੀਡੀਪੀਓ ਦਫ਼ਤਰ ਆ ਕੇ ਧਮਕੀਆਂ ਦਿੱਤੀਆਂ। ਇਨ੍ਹਾਂ ਵਿੱਚੋਂ ਇੱਕ ਵਿਅਕਤੀ ਟੈਲੀਫੋਨ ਰਾਹੀਂ ਰਿਕਾਰਡਿੰਗ ਕਰ ਰਿਹਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਪੰਚਾਇਤ ਵਿਭਾਗ ਦਾ ਇੱਕ ਕਰਮਚਾਰੀ ਆਪਣੀ ਡਿਊਟੀ ਕਰਨ ਦੀ ਬਜਾਏ ਲੋਕਾਂ ਨੂੰ ਭੜਕਾ ਕੇ ਪਾਰਟੀਬਾਜ਼ੀ ਕਰਵਾ ਰਿਹਾ ਹੈ। ਪੜਤਾਲੀਆ ਅਫਸਰ ਤੇਜਾ ਸਿੰਘ ਨੇ ਦੱਸਿਆ ਕਿ ਦਰਖਾਸਤ ਦੀ ਪੜਤਾਲ ਮਗਰੋਂ ਬਲਜੀਤ ਕੌਰ ਵਾਸੀ ਪਾਤੜਾਂ, ਮੁਕੰਦ ਸਿੰਘ, ਸ਼ਰਨਪਾਲ ਸਿੰਘ ਪਟਿਆਲਾ, ਭਰਪੂਰ ਸਿੰਘ ਚੌਕੀਦਾਰ, ਡਿਪਲਪ੍ਰੀਤ ਸਿੰਘ, ਕ੍ਰਿਸ਼ਨ ਸਿੰਘ, ਅਜੈਬ ਸਿੰਘ ਤੋਂ ਇਲਾਵਾ 15 ਤੋਂ 20 ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਛੇਤੀ ਹੀ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# 1.78 ਕਰੋੜ ਰੁਪਏ ਡਰੱਗ ਮਨੀ, ਹੈਰੋਇਨ ਤੇ ਅਸਲੇ ਸਮੇਤ ਚਾਰ ਕਾਬੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ੍ਰੀ ਹਰਮਨਬੀਰ ਸਿੰਘ ਗਿੱਲ ਸੀਨੀਅਰ ਕਪਤਾਨ ਪੁਲਸ ਬਠਿੰਡਾ ਵੱਲੋਂ ਮੁਕੱਦਮਾ ਨੰਬਰ ਕੈਨਾਲ ਕਲੋਨੀ ਬਠਿੰਡਾ ਦੀ ਤਫਤੀਸ਼ ਡੂੰਘਾਈ ਨਾਲ ਕਰਵਾ ਕੇ ਦੱਸਿਆ ਕਿ ਮਿਤੀ 13.07.2023 ਨੂੰ ਮੁਕੱਦਮਾ ਵਿੱਚ ਸੀ.ਆਈ.ਏ. ਸਟਾਫ-1 ਬਠਿੰਡਾ ਵੱਲੋਂ ਬਲਜਿੰਦਰ ਸਿੰਘ ਉਰਫ ਬਿੰਦਰੀ, ਬਲਜਿੰਦਰ ਸਿੰਘ ਉਰਫ ਰੈਂਚ, ਮਨਪ੍ਰੀਤ ਸਿੰਘ ਤੁਰਫ ਮਨੀ, ਗੁਰਪ੍ਰੀਤ ਸਿੰਘ ਉਰਫ ਗੋਰਾ ਨੂੰ ਸਮੇਤ ਕਾਰ ਮਾਰਕਾ ਔਡੀ ਨੰਬਰੀ ਐੱਚ ਆਰ 26 ਸੀ ਐੱਫ 3275 ਰੰਗ ਚਿੱਟਾ ਕਾਬੂ ਕਰਕੇ ਇਨ੍ਹਾਂ ਪਾਸੋਂ 270 ਗ੍ਰਾਮ ਹੈਰੋਇਨ, ਇੱਕ ਪਿਸਟਲ 30 ਬੋਰ ਸਮੇਤ 05 ਰੌਂਦ ਜ਼ਿੰਦਾ 30 ਬੋਰ ਤੇ 18 ਲੱਖ 70 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕੀਤੀ ਸੀ। ਮੁਕੱਦਮਾ ਵਿੱਚ ਬਿੱਕਰ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਪਰਸ ਰਾਮ ਨਗਰ ਬਠਿੰਡਾ, ਕਿੰਦਰਬੀਰ ਸਿੰਘ ਉਰਫ ਸੰਨੀ ਦਿਆਲ ਪੁੱਤਰ ਪਲਵਿੰਦਰ ਸਿੰਘ ਵਾਸੀ ਪੱਟੀ ਜ਼ਿਲ੍ਹਾ ਤਰਨਤਾਰਨ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ। ਬੀਤੀ 23 ਜਨਵਰੀ 2024 ਨੂੰ ਮੁਲਜ਼ਮ ਬਿੱਕਰ ਸਿੰਘ ਨੂੰ ਆਗਰਾ ਜੇਲ੍ਹ ਵਿੱਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਤੇ ਬਿੱਕਰ ਸਿੰਘ ਦੀ ਪੁੱਛਗਿੱਛ ਦੇ ਅਧਾਰ 'ਤੇ ਮੁਕੱਦਮਾ ਵਿੱਚ ਤਾਰਾ ਚੰਦ ਪਾਰਿਕ ਪੁੱਤਰ ਰਾਮ ਕੁਮਾਰ ਵਾਸੀ ਟਰੰਕ ਬਜ਼ਾਰ ਨੇੜੇ ਚੌੜਾ ਬਜ਼ਾਰ ਲੁਧਿਆਣਾ ਨਾਮਜਦ ਕੀਤਾ। ਮਿਤੀ 25.01.2024 ਨੂੰ ਤਾਰਾ ਚੰਦ ਪਾਰਿਕ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਡਰੱਗ ਮਨੀ 1,78,00,000 ਰੁਪਏ ਤੇ ਦੋ ਮੋਬਾਇਲ ਫੋਨ ਬਰਾਮਦ ਕਰਵਾਏ। ਮਿਤੀ 29.01.2024 ਨੂੰ ਮੁਲਜ਼ਮ ਸਿਮਰਨਜੀਤ ਸਿੰਘ ਉਰਫ ਸਿਮਰ ਤੇ ਹਰਮਿੰਦਰ ਸਿੰਘ ਉਰਫ ਗੁੱਲੂ ਨੂੰ ਜਾਬਤੇ ਅਨੁਸਾਰ ਗ੍ਰਿਫਤਾਰ ਕੀਤਾ। ਹੁਣ ਤੱਕ ਸਾਰੇ ਦੋਸ਼ੀਆਨ ਪਾਸੋਂ ਇਹ ਗੱਲ ਸਾਹਮਣੇ ਆਈ ਹੈ ਕਿ ਕਿੰਦਰਵੀਰ ਸਿੰਘ ਉਰਫ ਸੰਨੀ ਦਿਆਲ ਅਮਰੀਕਾ ਵਿੱਚ ਬੈਠ ਕੇ ਇੰਟਰਨੈਸ਼ਨ ਪੱਧਰ 'ਤੇ ਪੰਜਾਬ ਵਿੱਚ ਵੱਡਾ ਡਰੱਗ ਰੈਕਟ ਚਲਾ ਰਿਹਾ ਹੈ।

# ਸ਼ੌਕਤ ਅਹਿਮਦ ਪਰੇ ਨੇ ਡਿਪਟੀ ਕਮਿਸ਼ਨਰ ਵਜੋਂ ਚਾਰਜ ਸੰਭਾਲਿਆ

**ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-2013 ਬੈਚ ਦੇ ਆਈ.ਏ.ਐੱਸ. ਅਧਿਕਾਰੀ ਸ਼ੌਕਤ ਅਹਿਮਦ ਪਰੇ ਨੇ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ ਹੈ। ਉਨ੍ਹਾ ਨੇ ਸਾਕਸ਼ੀ ਸਾਹਨੀ ਦੀ ਜਗ੍ਹਾ ਇਹ ਅਹੁਦਾ ਸੰਭਾਲਿਆ, ਜਿਨ੍ਹਾਂ ਦੀ ਬਦਲੀ ਡੀ. ਸੀ. ਲੁਧਿਆਣਾ ਵਜੋਂ ਹੋਈ ਹੈ। ਸ਼ੌਕਤ ਅਹਿਮਦ ਪਰੇ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪੁੱਜਦਾ ਕਰਨ ਤੇ ਲੋਕਾਂ ਨੂੰ ਸਾਫ਼-ਸੁਥਰਾ, ਪਾਰਦਰਸ਼ੀ, ਭ੍ਰਿਸ਼ਟਾਚਾਰ ਰਹਿਤ ਤੇ ਲੋਕ ਪੱਖੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ।ਇਸ ਉਪਰੰਤ ਸ਼ੌਕਤ ਅਹਿਮਦ ਪਰੇ ਨੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਚੱਲ ਰਹੇ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਸਮੇਤ ਰੋਜ਼ਮਰ੍ਹਾ ਦੇ ਕੰਮ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇ। ਇਸ ਤੋਂ ਪਹਿਲਾਂ ਨਵੇਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁੱਜਣ 'ਤੇ ਪੰਜਾਬ ਪੁਲਸ ਦੀ ਟੁਕੜੀ ਨੇ 'ਗਾਰਡ ਆਫ਼ ਆਨਰ' ਪੇਸ਼ ਕਰਕੇ ਸਲਾਮੀ ਦਿੱਤੀ।

## ਸੰਨੀ ਵਰਮਾ ਦੀ ਬਰਸੀ ਮੌਕੇ ਵਰਕਰਾਂ ਨੂੰ ਰਾਸ਼ਨ ਵੰਡਿਆ



**ਜਗਰਾਉਂ (ਅਮਿਤ ਖੰਨਾ)**-ਇੱਕ ਪਿਤਾ ਦੇ ਲਈ ਉਸ ਦੇ ਜਵਾਨ ਪੁੱਤ ਦੀ ਮੌਤ ਸਭ ਤੋਂ ਵੱਡਾ ਦੁੱਖ ਹੁੰਦਾ ਹੈ। ਕਈ ਵਾਰ ਪਿਤਾ ਗ਼ਮ 'ਚ ਢੇਰੀ ਢਾਹ ਬੈਠਦਾ, ਪਰ ਜਗਰਾਓਂ 'ਚ ਸਮਾਜ ਸੇਵੀ ਹਿੰਮਤ ਵਰਮਾ ਨੇ ਅਪਣੇ ਜਵਾਨ ਪੁੱਤ ਦੇ ਵਿਛੋੜੇ ਦੇ ਦੁੱਖ ਨੂੰ ਜ਼ਰੂਰਤਮੰਦਾਂ ਦੇ ਸੁੱਖ 'ਚ ਤਬਦੀਲ ਕਰਕੇ ਇੱਕ ਨਵੀਂ ਉਦਾਹਰਣ ਪੇਸ਼ ਕੀਤੀ ਹੈ। ਸੰਨੀ ਵਰਮਾ ਬੁੱਕ ਬੈਂਕ ਜਗਰਾਓਂ ਦਾ ਹੋਣਹਾਰ ਪ੍ਰੋਜੈਕਟ ਡਾਇਰੈਕਟਰ ਸੀ, ਜਿਸ ਨੇ ਆਪਣੀ ਅਗਵਾਈ 'ਚ ਬੁੱਕ ਬੈਂਕ ਸੁਸਾਇਟੀ ਜਗਰਾਉਂ ਦੇ ਹਜ਼ਾਰਾਂ ਬੱਚਿਆਂ ਨੂੰ ਕਿਤਾਬਾਂ, ਕਾਪੀਆਂ ਤੇ ਫੀਸਾਂ ਉਪਲੱਬਧ ਕਰਾ ਕੇ ਪੜ੍ਹਾਈ ਜਾਰੀ ਰੱਖਣ 'ਚ ਸਹਾਇਤਾ ਕੀਤੀ। ਉਸ ਦੇ ਬਹੁਤ ਵੱਡੇ ਸੁਪਨੇ ਸੀ। ਉਸ ਦੇ ਇਹ ਸਾਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੰਨੀ ਦੇ ਪਿਤਾ ਸਮਾਜਸੇਵੀ ਹਿੰਮਤ ਵਰਮਾ ਬੁੱਕ ਬੈਂਕ ਲਾਇਬ੍ਰੇਰੀ ਨੂੰ ਬੱਚਿਆਂ ਤੇ ਸਮਾਜ ਸੇਵੀ ਕੰਮਾਂ ਲਈ ਨਵਾਂ ਰੂਪ ਦੇ ਰਹੇ ਨੇ। ਇਸ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਸਵਰਗੀ ਬਾਬੂ ਸਿੰਘ ਸਰਾਫ ਦੀ ਯਾਦ ਵਿੱਚ ਸਮਾਜ ਸੇਵੀ ਕੰਮ ਹੋ ਰਹੇ ਨੇ। ਇਸ ਮੌਕੇ ਸਵੱਛ ਭਾਰਤ ਅਭਿਆਨ ਜਗਰਾਉਂ ਦੇ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਨੇ ਸੰਨੀ ਵਰਮਾ ਦੀ ਬਰਸੀ 'ਤੇ ਵਰਕਰਾਂ ਨੂੰ ਰਾਸ਼ਨ ਵੰਡਿਆ। ਉਨ੍ਹਾ ਕਿਹਾ ਕਿ ਸਵਰਗੀ ਸੰਨੀ ਵਰਮਾ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਹ ਹਿੰਮਤ ਵਰਮਾ ਦੇ ਨਾਲ ਹਮੇਸ਼ਾ ਖੜਨਗੇ। ਇਸ ਮੌਕੇ ਉਨ੍ਹਾ ਨਾਲ ਜਤਿੰਦਰ ਬਾਂਸਲ ਤੇ ਹਰਪਾਲ ਸਿੰਘ ਖੁਰਾਣਾ ਹਾਜ਼ਰ ਸਨ। ਸਭ ਨੇ ਐਡਵੋਕੇਟ ਸੰਨੀ ਵਰਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

## ਗਾਜ਼ਾ ਪੱਟੀ 'ਚ ਜੰਗਬੰਦੀ ਦੇ ਹੁਕਮ ਨਾ ਦੇਣ ਦੀ ਇਨਕਲਾਬੀ ਕੇਂਦਰ ਵੱਲੋਂ ਕੌਮਾਂਤਰੀ ਅਦਾਲਤ ਦੀ ਨਿੰਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਕੌਮਾਂਤਰੀ ਨਿਆਂ ਅਦਾਲਤ ਵੱਲੋਂ ਗਾਜ਼ਾ ਪੱਟੀ ਵਿੱਚ ਜੰਗਬੰਦੀ ਦੇ ਹੁਕਮ ਨਾ ਦੇਣ ਦੀ ਇਨਕਲਾਬੀ ਕੇਂਦਰ ਪੰਜਾਬ ਨੇ ਸਖ਼ਤ ਨਿਖੇਧੀ ਕੀਤੀ ਹੈ। ਯਾਦ ਰਹੇ ਕਿ ਦੱਖਣੀ ਅਫਰੀਕਾ ਨੇ ਗਾਜ਼ਾ ਪੱਟੀ ਵਿੱਚ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਰੋਕਣ ਲਈ ਕੇਸ ਦਾਇਰ ਕੀਤਾ ਸੀ। ਕੌਮਾਂਤਰੀ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਗਾਜ਼ਾ ਵਿੱਚੋਂ ਨਸਲਕੁਸ਼ੀ ਰੋਕਣ ਲਈ ਇਜ਼ਰਾਈਲ ਨੂੰ ਫੌਜੀ ਕਾਰਵਾਈ ਰੋਕਣ ਦੇ ਹੁਕਮ ਦਿੱਤੇ ਜਾਣ, ਪ੍ਰੰਤੂ ਕੌਮਾਂਤਰੀ ਨਿਆਂ ਅਦਾਲਤ ਨੇ ਜੰਗਬੰਦੀ ਦੇ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰਜ਼ ਜਗਜੀਤ ਸਿੰਘ ਲਹਿਰਾ ਮੁਹੱਬਤ, ਮੁਖਤਿਆਰ ਸਿੰਘ ਪੂਹਲਾ ਤੇ ਜਸਵੰਤ ਜੀਰਖ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ 7 ਅਕਤੂਬਰ ਤੋਂ ਲੈ ਕੇ ਇਜ਼ਰਾਈਲ ਵੱਲੋਂ ਫ਼ਲਸਤੀਨ ਉੱਪਰ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ, ਗੋਲੀਬਾਰੀ ਤੇ ਬੰਬਾਰੀ ਕਰਕੇ ਰਿਹਾਇਸ਼ੀ ਇਲਾਕਿਆਂ ਵਿੱਚ ਸ਼ਰਨਾਰਥੀ ਕੈਂਪਾਂ 'ਤੇ ਹਮਲੇ ਕੀਤੇ ਜਾ ਰਹੇ ਰਹੇ ਹਨ, ਹਸਪਤਾਲਾਂ ਨੂੰ ਵੀ ਨਹੀਂ ਬਖ਼ਸ਼ਿਆ। ਇਨ੍ਹਾਂ ਹਮਲਿਆਂ ਦੌਰਾਨ ਢੇਰ ਹੋਏ ਸਹਿਕਦੇ ਬੱਚੇ ਤੇ ਸਹਿਕਦੀਆ ਮਾਵਾਂ ਦੀਆਂ ਦੇਹਾਂ ਵੱਖੋ ਵੱਖਰੀਆਂ ਆਪੋ ਵਿੱਚ ਮਿਲਣ ਲਈ ਵਿਲਕਦੀਆਂ ਵੇਖੀਆਂ ਜਾ ਰਹੀਆਂ ਹਨ। ਹੁਣ ਤੱਕ 26 ਹਜ਼ਾਰ ਤੋਂ ਵਧੇਰੇ ਮੌਤਾਂ, 60 ਹਜ਼ਾਰ ਤੋਂ ਵਧੇਰੇ ਲੋਕ ਜ਼ਖ਼ਮੀ ਤੇ 20 ਲੱਖ ਲੋਕ ਬੇਘਰ ਕੀਤੇ ਜਾ ਚੁੱਕੇ ਹਨ। ਹਸਪਤਾਲਾਂ ਨੂੰ ਕਬਰਗਾਹਾਂ ਵਿੱਚ ਤਬਦੀਲ ਕੀਤਾ ਜਾ ਚੁੱਕਾ ਹੈ। ਭਾਵੇਂ ਦੁਨੀਆ ਭਰ ਵਿੱਚ ਇਸ ਨਸਲਕੁਸ਼ੀ ਦਾ ਡੱਟਵਾਂ ਵਿਰੋਧ ਕੀਤਾ ਜਾ ਰਿਹਾ ਹੈ, ਪ੍ਰੰਤੂ ਪੱਛਮੀ ਮੁਲਕਾਂ ਤੇ ਖਾਸ ਕਰਕੇ ਅਮਰੀਕਾ ਵੱਲੋਂ ਕੌਮਾਂਤਰੀ ਨਿਆਂ ਅਦਾਲਤ 'ਤੇ ਦਬਾਅ ਪਾ ਕੇ ਜੰਗਬੰਦੀ ਦੇ ਹੁਕਮ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਯੂ ਐੱਨ ਵਿੱਚ ਵੀ ਅਮਰੀਕਾ ਦੋ ਵਾਰ ਵੀਟੋ ਕਰਕੇ ਜੰਗ ਰੋਕਣ ਵਾਲੇ ਮਤੇ ਨੂੰ ਰੋਕ ਚੁੱਕਿਆ ਹੈ। ਇਹੀ ਨਹੀਂ ਅਮਰੀਕੀ ਸਾਮਰਾਜੀਏ ਇਜ਼ਰਾਈਲ ਨੂੰ ਲਗਾਤਾਰ ਜੰਗੀ ਇਮਦਾਦ ਦੇ ਰਿਹਾ ਹੈ। ਇਨਕਲਾਬੀ ਕੇਂਦਰ ਪੰਜਾਬ ਨੇ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਤੁਰੰਤ ਬੰਦ ਕਰਵਾਉਣ ਲਈ ਇਨਕਲਾਬੀ ਜਮਹੂਰੀ ਇਨਸਾਫ਼ ਪਸੰਦ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਹੈ।

## ਪ੍ਰੈੱਸ ਕਲੱਬ ਵੱਲੋਂ ਨਵ-ਨਿਯੁਕਤ ਡੀ ਐੱਸ ਪੀ ਦਾ ਨਿੱਘਾ ਸਵਾਗਤ



**ਮਲੋਟ (ਗੁਰਮੀਤ ਸਿੰਘ ਮੱਕੜ)** : ਮਲੋਟ ਵਿਖੇ ਨਵ-ਨਿਯੁਕਤ ਹੋਏ ਡੀ.ਐੱਸ.ਪੀ. ਅਵਤਾਰ ਸਿੰਘ ਰਾਜਪਾਲ ਦਾ ਪ੍ਰੈੱਸ ਕਲੱਬ ਮਲੋਟ ਵੱਲੋਂ ਪ੍ਰਧਾਨ ਗੁਰਮੀਤ ਸਿੰਘ ਮੱਕੜ ਦੀ ਅਗਵਾਈ ਵਿੱਚ ਸਮੂਹ ਅਹੁਦੇਦਾਰਾਂ ਵੱਲੋਂ ਸਨਮਾਨ ਚਿੰਨ੍ਹ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਮਲੋਟ ਦੀ ਕਾਨੂੰਨ ਵਿਵਸਥਾ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਮਲੋਟ ਦੀ ਸਭ ਤੋਂ ਵੱਡੀ ਸਮੱਸਿਆ ਆਵਾਜਾਈ ਦੀ ਵਿਵਸਥਾ ਦੇ ਸੰਭਾਵਿਤ ਹੱਲ ਕਰਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

ਡੀ.ਐੱਸ.ਪੀ. ਰਾਜਪਾਲ ਨੇ ਪ੍ਰੈੱਸ ਨੂੰ ਵਿਸ਼ਵਾਸ ਦਿਵਾਇਆ ਕਿ ਕਾਨੂੰਨ ਵਿਵਸਥਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਨਸ਼ੇ ਦੇ ਕਾਰੋਬਾਰ ਤੇ ਨਸ਼ੇੜੀਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਸ਼ਰਾਰਤੀ ਅਨਸਰਾਂ 'ਤੇ ਪੂਰੀ ਤਰ੍ਹਾਂ ਨਕੇਲ ਕੱਸੀ ਜਾਵੇਗੀ। ਇਸ ਮੌਕੇ ਰਾਤ ਸਮੇਂ ਸ਼ਹਿਰ ਵਿੱਚ ਗਸ਼ਤ ਆਦਿ ਨੂੰ ਤੇਜ਼ ਕਰਨ ਬਾਰੇ ਵੀ ਚਰਚਾ ਹੋਈ ਤਾਂ ਜੋ ਸ਼ਹਿਰ ਵਾਸੀ ਅਰਾਮ ਦੀ ਨੀਂਦ ਸੌਂ ਸਕਣ। ਇਸ ਮੌਕੇ ਥਾਣਾ ਸਿਟੀ ਦੇ ਮੁਖੀ ਪਰਮਜੀਤ ਕੁਮਾਰ, ਥਾਣਾ ਲੱਖੇਵਾਲੀ ਦੇ ਮੁਖੀ ਸਮੇਤ ਮਲੋਟ ਪ੍ਰੈੱਸ ਕਲੱਬ ਦੇ ਚੇਅਰਮੈਨ ਸਤੀਸ਼ ਗੋਇਲ, ਸਰਪ੍ਰਸਤ ਸਾਬਕਾ ਵਰੰਟ ਅਫ਼ਸਰ ਹਰਪ੍ਰੀਤ ਸਿੰਘ ਹੈਪੀ, ਰੋਹਿਤ ਕਾਲੜਾ, ਵਿਕਾਸ ਗੁਪਤਾ, ਜੱਜ ਸ਼ਰਮਾ ਤੇ ਲਖਵਿੰਦਰ ਸਿੰਘ ਬਰਾੜ ਆਦਿ ਹਾਜ਼ਰ ਸਨ।

## ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਸੰਬੰਧੀ ਸਮਾਗਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬਲਾਕ ਪਾਤੜਾਂ ਅਧੀਨ ਆਉਂਦੇ ਪਿੰਡ ਚੁਨਗਰਾ ਵਿਖੇ ਯੁਵਕ ਸੇਵਾਵਾਂ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਹਰੀਸ਼ ਕੁਮਾਰ ਦੀ ਅਗਵਾਈ ਹੇਠ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਸ਼ਹਾਦਤ ਨੂੰ ਸਮਰਪਤ ਬਲੀਦਾਨ ਦਿਵਸ ਸੰਬੰਧੀ ਵਿਸ਼ੇਸ਼ ਓਰੀਐਂਟੇਸ਼ਨ ਪ੍ਰੋਗਰਾਮ ਕੀਤਾ ਗਿਆ, ਜਿਸ ਦਾ ਉਦਘਾਟਨ ਸ਼੍ਰੀ ਵਿਜੈ ਕੁਮਾਰ ਰਿਟਾਇਰਡ ਪ੍ਰਿੰਸੀਪਲ ਨੇ ਕੀਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸੇਵਾ ਮੁਕਤ ਪ੍ਰਿੰਸੀਪਲ ਵਿਜੇ ਕੁਮਾਰ ਨੇ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਅੰਗਰੇਜ਼ ਹਾਕਮਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੀਤੇ ਗਏ ਅੰਦੋਲਨ ਦੌਰਾਨ ਉਨ੍ਹਾਂ ਡਾਂਡੀ ਮਾਰਚ ਤੇ ਸੱਤਿਆਗ੍ਰਹਿ ਕਰਕੇ ਲੋਕਾਂ ਨੂੰ ਆਜ਼ਾਦੀ ਸੰਗਰਾਮ ਲਈ ਲਾਮਬੰਦ ਕੀਤਾ। ਉਨ੍ਹਾਂ ਐੱਨ ਐੱਸ ਐੱਸ ਦੀ ਵਿਦਿਆਰਥੀ ਜੀਵਨ ਵਿੱਚ ਭੂਮਿਕਾ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਐੱਨ ਐੱਸ ਐੱਸ ਅਨੁਸ਼ਾਸਨ ਸਿਖਾਉਂਦਾ ਹੈ ਤੇ ਇੱਕ ਸਫਲ ਇਨਸਾਨ ਦੀ ਜ਼ਿੰਦਗੀ ਵਿੱਚ ਅਨੁਸ਼ਾਸਨ ਦਾ ਸਭ ਤੋਂ ਵੱਡਾ ਰੋਲ ਹੈ। ਇੱਕ ਅਨੁਸ਼ਾਸਤ ਵਿਅਕਤੀ ਹੀ ਜ਼ਿੰਦਗੀ ਵਿੱਚ ਹਰ ਮੁਕਾਮ ਹਾਸਲ ਕਰ ਸਕਦਾ ਹੈ ਤੇ ਔਖੇ ਸਮੇਂ ਦੇ ਟਾਕਰੇ ਲਈ ਅਨੁਸ਼ਾਸਨ ਵਿੱਚ ਰਹਿਣ ਵਾਲਾ ਵਿਅਕਤੀ ਸਦਾ ਤਿਆਰ ਬਰ ਤਿਆਰ ਰਹਿੰਦਾ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਅੰਤ ਵਿੱਚ ਪ੍ਰੋਗਰਾਮ ਅਫ਼ਸਰ ਸ਼੍ਰੀ ਲਵਕੇਸ਼ ਕੁਮਾਰ ਨੇ ਇਸ ਓਰੀਐਂਟੇਸ਼ਨ ਪ੍ਰੋਗਰਾਮ ਦੇ ਮੁੱਖ ਮਹਿਮਾਨ, ਸਕੂਲ ਪ੍ਰਿੰਸੀਪਲ, ਸਮੂਹ ਸਟਾਫ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

# ਠੇਕਾ ਮੁਲਾਜ਼ਮਾਂ ਵੱਲੋਂ ਗੁਰਦਰਸ਼ਨ ਸਿੰਘ ਨੂੰ ਵਿਦਾਇਗੀ ਪਾਰਟੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਜੀ. ਐੱਚ. ਟੀ. ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੇ ਪ੍ਰਧਾਨ ਜਗਰੂਪ ਸਿੰਘ ਤੇ ਜਨ. ਸਕੱਤਰ ਜਗਸੀਰ ਸਿੰਘ ਭੰਗੂ ਦੀ ਅਗਵਾਈ ਵਿੱਚ ਕਨਵੇਅਰ ਸੈੱਲ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਸਾਥੀ ਗੁਰਦਰਸ਼ਨ ਸਿੰਘ ਨੂੰ ਸੇਵਾ ਮੁਕਤ ਹੋਣ ਮੌਕੇ ਇੱਕ ਸਾਦੀ ਵਿਦਾਇਗੀ ਪਾਰਟੀ ਦੇ ਕੇ ਭਰੇ ਮਨ ਨਾਲ਼ ਘਰ ਨੂੰ ਵਿਦਾਅ ਕੀਤਾ। ਬੀਤੀ 7 ਜਨਵਰੀ 1964 ਨੂੰ ਪਿੰਡ ਲਹਿਰਾ ਮੁਹੱਬਤ (ਬਠਿੰਡਾ) ਵਿਖੇ ਧੰਨਾ ਸਿੰਘ ਦੇ ਘਰ ਜਨਮਿਆ ਗੁਰਦਰਸ਼ਨ ਸਿੰਘ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਬਣਨ ਸਮੇਂ 1992 ਤੋਂ ਹੀ ਪਲਾਂਟ ਵਿੱਚ ਕੰਮ ਕਰਦਾ ਆ ਰਿਹਾ ਸੀ। ਸਾਲ 2008 ਤੋਂ ਕਨਵੇਅਰ ਸੈੱਲ ਵਿੱਚ ਬਤੌਰ ਸਕਿਲਡ ਵਰਕਰ (ਫਿਟਰ) ਦੀ ਪੋਸਟ 'ਤੇ ਆਊਟਸੋਰਸਡ ਠੇਕਾ ਮੁਲਾਜ਼ਮ ਵਜੋਂ ਜੁਆਇਨ ਕੀਤਾ ਸੀ। ਬੁਲਾਰਿਆਂ ਕਿਹਾ ਕਿ ਰੰਗ ਬਦਲ ਬਦਲ ਕੇ ਆਉਂਦੀਆਂ ਸਰਕਾਰਾਂ ਦੀਆਂ ਨਿੱਜੀਕਰਨ/ਕਾਰਪੋਰੇਟ ਪੱਖੀ ਤੇ ਲੋਕ-ਮਾਰੂ ਨੀਤੀਆਂ ਦੇ ਕਾਰਨ ਹੀ ਗੁਰਦਰਸ਼ਨ ਸਿੰਘ ਲਗਾਤਾਰ 31 ਸਾਲ ਸੇਵਾਵਾਂ ਦੇਣ ਉਪਰੰਤ ਇੱਕ ਆਊਟਸੋਰਸਡ ਠੇਕਾ ਮੁਲਾਜ਼ਮ ਵਜੋਂ ਹੀ ਸੇਵਾ-ਮੁਕਤ ਹੋ ਕੇ ਖਾਲੀ ਹੱਥ ਆਪਣੇ ਘਰ ਗਿਆ ਹੈ। ਬੇਸ਼ੱਕ ਸਾਥੀ ਠੇਕਾ ਮੁਲਾਜ਼ਮਾਂ ਤੇ ਸਰਕਲ ਨਾਲ਼ ਸੰਬੰਧਤ ਵਧੀਕ ਨਿਗਰਾਨ ਇੰਜੀਨੀਅਰ ਸ਼ਿਵਚਰਨਜੀਤ ਸਿੰਘ, ਐੱਸ. ਡੀ. ਓ. ਲਲਿਤ ਕੁਮਾਰ, ਜੇ. ਈ. ਗੁਰਦੀਪ ਸਿੰਘ ਤੇ ਸੋਢੀ ਇਰੈਕਟਰ ਕੰਪਨੀ ਦੇ ਸਾਈਡ ਇੰਚਾਰਜ ਵਿਨੇ ਤਿਵਾੜੀ ਆਦਿ ਨੇ ਵਿਦਾਇਗੀ ਪਾਰਟੀ ਮੌਕੇ ਛੋਟੇ ਛੋਟੇ ਗਿਫਟ ਤੇ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਹੈ, ਜੇਕਰ ਕੇਂਦਰ ਤੇ ਰਾਜ ਸਰਕਾਰਾਂ ਨੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਲੋਕਮਾਰੂ ਨੀਤੀ ਨਾ ਲਿਆਂਦੀ ਹੁੰਦੀ ਤਾਂ ਅੱਜ ਉਸ ਨੇ ਇੱਕ ਰੈਗੂਲਰ ਮੁਲਾਜ਼ਮ ਵਜੋਂ ਸੇਵਾ-ਮੁਕਤ ਹੋ ਕੇ ਘਰ ਜਾਣਾ ਸੀ। ਬਾਕੀ ਰਹਿੰਦੇ ਜੀਵਨ ਵਸੇਰੇ ਲਈ ਪੈਨਸ਼ਨ ਆਦਿ ਹੋਰ ਸਹੂਲਤਾਂ ਵੀ ਮਿਲਣੀਆਂ ਸਨ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਸਮੂਹ ਸਰਕਾਰੀ ਵਿਭਾਗਾਂ ਵਿੱਚ ਪਿਛਲੇ 15-20 ਸਾਲਾਂ ਤੋਂ ਲਗਾਤਾਰ ਤਨਦੇਹੀ ਨਾਲ ਸੇਵਾਵਾਂ ਦੇ ਰਹੇ ਸਮੂਹ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਪਹਿਲ ਤੇ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ।

# ਵਿਧਾਇਕ ਤੇ ਨਿਗਮ ਕਮਿਸ਼ਨਰ ਵੱਲੋਂ ਕੰਮਾਂ 'ਚ ਤੇਜ਼ੀ ਲਿਆਉਣ ਲਈ ਫੀਲਡ ਦਾ ਨਿਰੀਖਣ



**ਲੁਧਿਆਣਾ (ਰਾਜ ਸਿੰਗਲਾ)**-ਸ਼ਿਵਾਜੀ ਨਗਰ ਨਾਲੇ ਨੂੰ ਢੱਕਣ ਤੇ ਢੋਕਾ ਮੁਹੱਲੇ ਨੇੜੇ ਫਲੱਡ ਗੇਟ ਸਥਾਪਤ ਕਰਨ ਦੇ ਪ੍ਰਾਜੈਕਟ ਸਮੇਤ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਤੇ ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਨੇ ਸਬੰਧਤ ਇਲਾਕਿਆਂ ਦਾ ਫੀਲਡ ਨਿਰੀਖਣ ਕੀਤਾ। ਵਿਧਾਇਕ ਪਰਾਸ਼ਰ ਤੇ ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਨੇ ਸਿਵਲ ਹਸਪਤਾਲ ਨੇੜੇ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੀ ਮਾਰਕੀਟ ਦਾ ਦੌਰਾ ਵੀ ਕੀਤਾ ਤੇ ਮਾਰਕੀਟ ਦੇ ਵਿਕਾਸ ਅਤੇ ਰੱਖ-ਰਖਾਅ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਫੀਲਡ ਦੌਰੇ ਦੌਰਾਨ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਰਪਾਲ ਨਗਰ ਤੋਂ ਮਾਧੋਪੁਰੀ ਤੱਕ ਬੁੱਢੇ ਨਾਲੇ ਦੇ ਦੂਜੇ ਪਾਸੇ ਸੜਕ ਬਣਾਉਣ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਵੀ ਦਿੱਤੇ ਗਏ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਸਿਵਲ ਹਸਪਤਾਲ ਨੇੜੇ ਗਲਾਡਾ ਮਾਰਕੀਟ ਦੇ ਵੱਖ-ਵੱਖ ਇਲਾਕੇ ਸਾਲਾਂ ਤੋਂ ਅਣਗੌਲੇ ਪਏ ਹਨ। ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਗਲਾਡਾ ਦੇ ਮੁੱਖ ਪ੍ਰਸ਼ਾਸਕ (ਸੀ.ਏ) ਦਾ ਚਾਰਜ ਵੀ ਸੰਭਾਲ ਰਹੇ ਹਨ।ਇਸ ਲਈ ਮਾਰਕੀਟ ਦਾ ਦੌਰਾ ਕਰਨ ਦਾ ਫੈਸਲਾ ਕੀਤਾ ਗਿਆ ਤੇ ਹੁਣ ਅਣਗੌਲੇ ਇਲਾਕਿਆਂ ਦੀ ਸਾਂਭ-ਸੰਭਾਲ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ।ਸਬੰਧਤ ਸਟਾਫ਼ ਨੂੰ ਮਾਰਕੀਟ ਵਿੱਚ ਬਾਕੀ ਬਚੇ ਪਲਾਟਾਂ ਦੀ ਨਿਲਾਮੀ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਅਧਿਕਾਰੀਆਂ ਨੂੰ ਉਨ੍ਹਾਂ ਅਲਾਟੀਆਂ ਦੀਆਂ ਫਾਈਲਾਂ ਦੀ ਘੋਖ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ, ਜੋ ਅਲਾਟਮੈਂਟ ਤੋਂ ਬਾਅਦ ਵੀ ਮਾਰਕੀਟ ਵਿੱਚ ਇਮਾਰਤਾਂ ਦੀ ਉਸਾਰੀ ਵਿੱਚ ਅਸਫਲ ਰਹੇ ਹਨ।

ਵਿਧਾਇਕ ਪਰਾਸ਼ਰ ਨੇ ਦੱਸਿਆ ਕਿ ਸ਼ਿਵਾਜੀ ਨਗਰ ਨਾਲੇ ਨੂੰ ਕਵਰ ਕਰਨ ਦਾ ਕੰਮ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ ਤੇ ਸਬੰਧਤ ਕਰਮਚਾਰੀਆਂ ਨੂੰ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਨਗਰ ਨਿਗਮ ਦੇ ਅਧਿਕਾਰੀਆਂ ਨੂੰ ਧਰਮਪੁਰਾ ਦੇ ਨਾਲ ਲੱਗਦੇ ਨਾਲੇ ਨੂੰ ਢੱਕਣ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ।ਇਸੇ ਤਰ੍ਹਾਂ ਲੁਧਿਆਣਾ ਕੇਂਦਰੀ ਹਲਕੇ ਵਿੱਚ ਮਿਆਰੀ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ ਤੇ ਅਧਿਕਾਰੀਆਂ ਨੂੰ ਚੱਲ ਰਹੇ ਕੰਮਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ।

## ਨਾਇਬ ਤਹਿਸੀਲਦਾਰ ਪ੍ਰਵੀਨ ਕੁਮਾਰ ਨੇ ਅਹੁਦਾ ਸੰਭਾਲਿਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਸਬ ਤਹਿਸੀਲ ਚੀਮਾ ਮੰਡੀ ਵਿਖੇ ਨਵੇਂ ਆਏ ਨਾਇਬ ਤਹਿਸੀਲਦਾਰ ਪ੍ਰਵੀਨ ਕੁਮਾਰ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਸਮੇਂ ਪਟਵਾਰ ਯੂਨੀਅਨ ਚੀਮਾ ਤੇ ਪਤਵੰਤੇ ਸੱਜਣਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਸਬ ਤਹਿਸੀਲ ਵਿਖੇ ਆਉਣ ਵਾਲੇ ਹਰ ਇੱਕ ਪਤਵੰਤੇ ਸੱਜਣਾਂ ਦਾ ਮਾਣ ਸਨਮਾਨ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸਬ ਤਹਿਸੀਲ ਵਿਖੇ ਭ੍ਰਿਸ਼ਟਾਚਾਰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜੇ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਉਹ ਮੈਨੂੰ ਬੇਝਿਜਕ ਹੋ ਕੇ ਮਿਲ ਸਕਦੇ ਹਨ।

# ਗ੍ਰਾਮ ਪੰਚਾਇਤ ਰੁੜਕਾ ਕਲਾਂ ਨੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਕੀਤੇ ਲੋਕ ਅਰਪਣ



**ਗੁਰਾਇਆ (ਬਿੰਦਰ ਸੁਮਨ)**- ਗ੍ਰਾਮ ਪੰਚਾਇਤ ਰੁੜਕਾ ਕਲਾਂ ਨਗਰ ਨਿਵਾਸੀਆਂ ਨੂੰ ਮਿਸ਼ਨ 2024 ਤਹਿਤ ਪਿੰਡ ਦੀ ਨੁਹਾਰ ਬਦਲਣ ਲਈ ਕਰੋੜਾਂ ਰੁਪਏ ਦੀ ਲਾਗਤ ਵਾਲੀਆਂ ਬਹੁਤ ਸਾਰੀਆਂ ਨਵੀਆਂ ਸੇਵਾਵਾਂ ਅਤੇ ਸੁਵਿਧਾਵਾਂ ਦੇਣ ਦਾ ਲਗਾਤਾਰ ਯਤਨ ਕਰ ਰਹੀ ਹੈ।ਹੁਣ ਤੱਕ ਸਮੂਹ ਪੰਚਾਇਤ ਨੇ ਸਰਵਪੱਖੀ ਵਿਕਾਸ ਮੰਚ ਰੁੜਕਾ ਕਲਾਂ,ਨਗਰ ਨਿਵਾਸੀਆਂ,ਸਮੂਹ ਐਨ ਆਰ ਆਈਜ਼ ਅਤੇ ਸਰਕਾਰ ਨਾਲ ਮਿਲ ਕੇ ਇਨਾਂ ਲਾਮਿਸਾਲ ਤੇ ਨਿਵੇਕਲੇ ਕੰਮਾਂ ਨੂੰ ਲੋਕ ਅਰਪਣ ਕੀਤਾ।ਪਿਛਲੇ 5 ਸਾਲਾਂ ਵਿੱਚ ਪੂਰੇ ਪਿੰਡ ਵਿੱਚ ਬਿਨਾਂ ਕਿਸੇ ਭੇਦਭਾਵ ਤੋਂ ਸਾਰੇ ਨਗਰ ਦਾ ਵਿਕਾਸ ਕੀਤਾ ਗਿਆ।ਬਹੁਤ ਸਾਰੇ ਪ੍ਰੋਜੈਕਟ ਪਹਿਲਾਂ ਵੀ ਲੋਕਾਂ ਨੂੰ ਸਮਰਪਤ ਕੀਤੇ ਜਾ ਚੁੱਕੇ ਹਨ।ਪਿੰਡ ਵਿੱਚ ਚੱਲ ਰਹੇ ਨਵੇਂ ਕਾਰਜ! ਦਾ ਸਰਪੰਚ ਬੀਬੀ ਕੁਲਵਿੰਦਰ ਕੌਰ ਅਤੇ ਸਮੁੱਚੀ ਗ੍ਰਾਮ ਪੰਚਾਇਤ, ਵਾਈ ਐਫ ਸੀ ਰੁੜਕਾ ਕਲਾ ਦੇ ਮੈਂਬਰ, ਸਰਵਪੱਖੀ ਵਿਕਾਸ ਮੰਚ ਤੇ ਨਗਰ ਨਿਵਾਸੀਆਂ ਦੀ ਹਾਜ਼ਰੀ ਵਿੱਚ ਉਦਘਾਟਨ ਕੀਤੇ ਗਏ।ਨਵੇਂ ਬਣੇ ਪ੍ਰੋਜੈਕਟਾਂ ਵਿਚ ਪਾਸਲਾ ਰੋਡ ਤੇ ਸਥਿਤ ਕਲੋਨੀ ਦੀ ਕਾਇਆ ਕਲਪ ਕੀਤੀ ਗਈ।ਕਲੋਨੀ ਦੀਆਂ ਸਾਰੀਆਂ ਗਲੀਆਂ ਨੂੰ ਇੰਟਰਲਾਕ ਲਗਾ ਕੇ ਤੇ ਸੈਮੀ ਸੀਵਰੇਜ ਪਾਇਆ ਗਿਆ।ਇਸ ਕਲੋਨੀ ਵਿੱਚ ਹੀ ਇੱਕ ਕਮਿਊਨਿਟੀ ਸੈਂਟਰ ਵੀ ਉਸਾਰਿਆ ਗਿਆ ਹੈ ਜਿਸ ਨਾਲ ਇਸ ਕਲੋਨੀ ਵਾਸੀਆਂ ਨੂੰ ਇਕੱਠ ਵਾਲੇ ਪ੍ਰੋਗਰਾਮ ਕਰਨ ਲਈ ਵੱਡਾ ਲਾਭ ਪ੍ਰਾਪਤ ਹੋਵੇਗਾ।ਇਸ ਕਲੋਨੀ ਦਾ ਨਵਾਂ ਨਾਮ ਗੁਰਦੇਵ ਨਗਰ ਰੱਖਿਆ ਗਿਆ। ਪਿੰਡ ਵਿੱਚ ਛੱਪੜਾਂ ਦੀ ਦਿੱਖ ਅਤੇ ਸਾਫ-ਸਫਾਈ ਦੀ ਬਹੁਤ ਵੱਡੀ ਸਮੱਸਿਆ ਸੀ।ਕਰੋੜਾਂ ਰੁਪਏ ਦੀ ਲਾਗਤ ਨਾਲ ਇਨਾਂ ਛੱਪੜਾਂ ਨੂੰ ਸੀਚੇਵਾਲ, ਥਾਪਰ ਮਾਡਲ ਆਦਿ ਤਹਿਤ ਕਾਇਆ ਕਲਪ ਕਰਕੇ ਸੋਲਰ ਸਿਸਟਮ ਨਾਲ ਜ਼ਮੀਨਦੋਜ਼ ਪਾਈਪਾਂ ਰਾਹੀਂ ਖੇਤਾਂ ਨੂੰ ਪਾਣੀ ਲੱਗਦਾ ਕੀਤਾ ਗਿਆ ਹੈ।ਨਵੇਂ ਬਣੇ ਛੱਪੜਾਂ ਵਿੱਚ ਪੱਤੀ ਰਾਵਲ ਅਤੇ ਪਾਸਲਾ ਰੋਡ ਛੱਪੜਾਂ ਦਾ ਸੁੰਦਰੀਕਰਨ ਤੇ ਨਵੀਨੀਕਰਨ ਨਾਲ ਹੀ ਸੋਲਰ ਪੈਨਲ ਨਾਲ ਸਵੈ-ਚਾਲਿਤ ਮੋਟਰ ਅਤੇ ਜ਼ਮੀਨਦੋਜ਼ ਪਾਈਪਾਂ ਦਾ ਉਦਘਾਟਨ ਕੀਤਾ ਗਿਆ।ਇਸ ਨਾਲ ਲੱਗਭੱਗ 50 ਕਿਸਾਨ ਪਰਵਾਰਾਂ ਅਤੇ ਕਰੀਬ 200 ਖੇਤਾਂ ਨੂੰ ਪਾਣੀ ਦਾ ਲਾਭ ਪ੍ਰਾਪਤ ਹੋਇਆ ਹੈ।ਸਰਾਂ ਮੁਹੱਲੇ ਵਿੱਚ ਸਥਿਤ ਰੇਲੂ ਦੇ ਚੁਬਾਰੇ ਵਾਲੀ ਜਗ੍ਹਾ 'ਤੇ ਵੀ ਨਵਾਂ ਕਮਿਊਨਿਟੀ ਸੈਂਟਰ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ।ਇਸ ਸੈਂਟਰ ਤੋਂ ਵੀ ਮੁਹੱਲਾ ਨਿਵਾਸੀਆਂ ਨੂੰ ਬਹੁਤ ਵੱਡਾ ਲਾਭ ਮਿਲੇਗਾ।ਸਰਾਂ ਮੁਹੱਲੇ ਵਿੱਚ ਹੀ ਸਰਕਾਰ ਦੇ ਸਹਿਯੋਗ ਨਾਲ ਨਵੇਂ ਬਣੇ ਕਮਿਊਨਿਟੀ ਆਰ.ਓ.ਪਲਾਂਟ ਦਾ ਵੀ ਉਦਘਾਟਨ ਕੀਤਾ ਗਿਆ।ਇਸ ਪਲਾਂਟ ਨਾਲ ਜ਼ਰੂਰਤਮੰਦ ਨਗਰ ਨਿਵਾਸੀਆਂ ਨੂੰ ਮੁਫਤ ਸ਼ੁੱਧ ਪਾਣੀ ਮਿਲੇਗਾ।ਗੁਰਦੁਆਰਾ ਪੱਤੀ ਰਾਵਲ ਕੀ ਦੇ ਨਾਲ ਲੱਗਦੀਆਂ ਗਲੀਆਂ ਵਿੱਚ ਵੀ ਇੰਟਰਲਾਕ ਲਗਾਇਆ ਅਤੇ ਸੈਮੀ-ਸੀਵਰੇਜ ਪਾਇਆ ਗਿਆ।ਨਵੇਂ ਬਣੇ ਗੁਰਾਇਆਂ ਵਾਲੇ ਬੱਸ ਅੱਡੇ ਦਾ ਵੀ ਉਦਘਾਟਨ ਕੀਤਾ ਗਿਆ।ਆਧੁਨਿਕ ਸਹੂਲਤਾਂ ਨਾਲ ਲੈਸ ਇਸ ਬਿਲਡਿੰਗ ਨੂੰ ਸ਼ਾਨਦਾਰ ਹੈਰੀਟੇਜ ਦਿੱਖ ਦਿੱਤੀ ਗਈ ਹੈ।ਇਸ ਬੱਸ ਸਟੈਂਡ ਦੇ ਨਿਰਮਾਣ ਨਾਲ ਆਮ ਲੋਕਾਂ ਨੂੰ ਬਹੁਤ ਵੱਡੀ ਸੁਵਿਧਾ ਮਿਲੇਗੀ।

## ਮਹਿਲਾ ਡਾਕਟਰ 'ਤੇ ਫਰਜ਼ੀ ਡਿਗਰੀ 'ਤੇ ਹਸਪਤਾਲ ਚਲਾਉਣ 'ਤੇ ਮਾਮਲਾ ਦਰਜ



**ਨਵਾਂਸ਼ਹਿਰ:( ਕੁਲਵਿੰਦਰ ਸਿੰਘ )**- ਸ਼ਹੀਦ ਭਗਤ ਸਿੰਘ ਨਗਰ ਬਲਾਚੌਰ ਵਿੱਚ ਇੱਕ ਮਹਿਲਾ ਡਾਕਟਰ ਸੁਨੀਤਾ ਚੈਰੀਟੇਬਲ ਦੇ ਨਾਂ 'ਤੇ ਫਰਜ਼ੀ ਡਿਗਰੀ 'ਤੇ ਹਸਪਤਾਲ ਚਲਾਉਣ ਦੇ ਦੋਸ਼ 'ਚ ਬਲਾਚੌਰ ਪੁਲਸ ਨੇ ਹਸਪਤਾਲ ਸੰਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਡਿਗਰੀ ਫਰਜ਼ੀ ਹੋਣ ਦਾ ਤੱਥ ਉਦੋਂ ਸਾਹਮਣੇ ਆਇਆ ਜਦੋਂ ਇਕ ਵਿਅਕਤੀ ਦੀ ਪਤਨੀ ਨਾਲ ਗਲਤ ਵਿਵਹਾਰ ਹੋਇਆ ਅਤੇ ਫਿਰ ਉਕਤ ਵਿਅਕਤੀ ਨੇ ਸ਼ਿਕਾਇਤ ਕੀਤੀ। ਸਿਹਤ ਵਿਭਾਗ ਦੀ ਟੀਮ ਵੱਲੋਂ ਗਠਿਤ ਕਮੇਟੀ ਵੱਲੋਂ ਕੀਤੀ ਗਈ ਜਾਂਚ ਵਿੱਚ ਉਕਤ ਅਪਰੇਟਰ ਦੀ ਡਿਗਰੀ ਫਰਜ਼ੀ ਹੋਣ ਦੀ ਪੁਸ਼ਟੀ ਹੋਈ ਹੈ।ਪੁਲਸ ਨੇ ਉਕਤ ਅਪਰੇਟਰ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਲੋਹਟਣ ਵਾਸੀ ਗੁਰਪ੍ਰੀਤ ਸਿੰਘ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੀ ਪਤਨੀ ਗਰਭਵਤੀ ਸੀ ਅਤੇ ਇਸੇ ਦੌਰਾਨ ਉਹ ਸੁਨੀਤਾ ਚੈਰੀਟੇਬਲ ਹਸਪਤਾਲ ਵਿੱਚ ਇਲਾਜ ਲਈ ਗਈ ਸੀ। ਉੱਥੇ ਡਾਕਟਰ ਸੁਨੀਤਾ ਨੇ ਪਤਨੀ ਦਾ ਇਲਾਜ ਸ਼ੁਰੂ ਕਰ ਦਿੱਤਾ, ਪਰ ਸਹੀ ਇਲਾਜ ਨਹੀਂ ਕਰਵਾ ਸਕੀ। ਇਸ ਤੋਂ ਬਾਅਦ ਉਹ ਦੂਜੇ ਹਸਪਤਾਲ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਔਰਤ ਸੁਨੀਤਾ ਦਾ ਇਲਾਜ ਠੀਕ ਤਰ੍ਹਾਂ ਨਾਲ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਸਿਹਤ ਵਿਭਾਗ ਨੂੰ ਕੀਤੀ ਅਤੇ ਜਦੋਂ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਡਾ. ਸੁਨੀਤਾ ਵੱਲੋਂ ਚਲਾਏ ਜਾ ਰਹੇ ਹਸਪਤਾਲ ਨੂੰ ਗਲਤ ਦਸਤਾਵੇਜ਼ਾਂ 'ਤੇ ਚਲਾਇਆ ਜਾ ਰਿਹਾ ਹੈ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਸੁਨੀਤਾ ਵੱਲੋਂ ਦਿਖਾਈ ਗਈ ਡਿਗਰੀ ਵੀ ਫਰਜ਼ੀ ਸੀ। ਪੁਲਸ ਨੇ ਇਸ ਮਾਮਲੇ ਵਿੱਚ ਸੁਨੀਤਾ ਖ਼ਿਲਾਫ਼ ਆਈ ਪੀ ਸੀ ਦੀ ਧਾਰਾ 420, 465, 467, 468, 120ਬੀ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਸੁਨੀਤਾ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰ ਲਿਆ ਹੈ।

## ਚੇਅਰਪਰਸਨ ਨੇ ਵਿਕਾਸ ਕਾਰਜ ਲਈ ਵੰਡੇ 12 ਲੱਖ ਰੁਪਏ ਦੇ ਚੈੱਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪੁਰ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਜ਼ਿਲ੍ਹੇ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਸਬੰਧੀ 12 ਲੱਖ 23 ਹਜ਼ਾਰ ਰੁਪਏ ਦੇ ਚੈਕ ਵੰਡੇ। ਉਨ੍ਹਾਂ ਦੱਸਿਆ ਕਿ ਅੱਜ ਜਾਰੀ ਕੀਤੀ ਗਈ ਰਾਸ਼ੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਹੋਤਾ ਵਿੱਚ ਸਬਮਰਸੀਬਲ ਪੰਪ ਲਗਾਉਣ ਦੇ ਲਈ ਅੱਠ ਲੱਖ ਰੁਪਏ, ਬੀ. ਡੀ. ਪੀ. ਓ ਹਾਜੀਪੁਰ ਨੂੰ ਇਕ ਲੱਖ ਰੁਪਏ, ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਹੁਸ਼ਿਆਰਪੁਰ ਨੂੰ ਦੋ ਲੱਖ ਰੁਪਏ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਧਰਮਪੁਰ ਵਿੱਚ ਸ਼ੈਡ ਦੇ ਲਈ 1 ਲੱਖ ਰੁਪਏ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਰੀਬ 51 ਲੱਖ ਰੁਪਏ ਦੀ ਰਾਸ਼ੀ ਵਿਕਾਸ ਕਾਰਜ ਦੇ ਲਈ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਹੁਣ ਤੱਕ 62 ਲੱਖ ਰੁਪਏ ਦੀ ਵਿਕਾਸ ਰਾਸ਼ੀ ਜ਼ਿਲ੍ਹੇ ਵਿਚ ਵੱਖ-ਵੱਖ ਕਾਰਜਾਂ ਦੇ ਲਈ ਦਿੱਤੀ ਜਾ ਚੁੱਕੀ ਹੈ। ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਨੇ ਦੱਸਿਆ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਮੰਗਾਂ ਨੂੰ ਦੇਖਿਆ ਜਾ ਰਿਹਾ ਹੈ ਅਤੇ ਜਿਥੇ ਜਿੰਨੀ ਲੋੜ ਹੈ, ਉਸੇ ਹਿਸਾਬ ਨਾਲ ਵਿਕਾਸ ਕਾਰਜ ਸਬੰਧੀ ਰਾਸ਼ੀ ਵੰਡੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਯੋਜਨਾ ਕਮੇਟੀ ਵਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਬੁਨਿਆਦੀ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ।

## ਤੇਜ਼ਧਾਰ ਹਥਿਆਰਾਂ ਨਾਲ ਜਿਊਲਰਜ਼ ਦੀ ਦੁਕਾਨ 'ਤੇ ਲੁੱਟ

**ਨਕੋਦਰ (ਰੀਨਾ ਸਰਮਾ)** : ਨਕੋਦਰ ਸ਼ਹਿਰ 'ਚ ਲੁੱਟ ਖੋਹ ਤੇ ਚੋਰੀ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਅੱਜ ਦੱਖਣੀ ਗੇਟ ਲਾਗੇ ਪੈਂਦੇ ਮੁਹੱਲਾ ਗੁਰੂ ਨਾਨਕਪੁਰਾ 'ਚ ਸਥਿਤ ਆਰਤੀ ਜਿਊਲਰਜ਼ ਦੀ ਦੁਕਾਨ ਨੂੰ 10 ਤੋਂ 12 ਨੌਜਵਾਨਾਂ ਨੇ ਲੁੱਟ ਦਾ ਸ਼ਿਕਾਰ ਬਣਾਇਆ। ਦੁਕਾਨ ਦੇ ਮਾਲਕ ਸ਼ੁਭਮ ਨੇ ਦੱਸਿਆ ਕਿ ਸਾਨੂੰ ਰਾਤ ਸਮੇਂ ਸਾਡੀ ਦੁਕਾਨ ਲਾਗੇ ਇਕ ਘਰ ਦੇ ਪਰਵਾਰਕ ਮੈਂਬਰਾਂ ਦਾ ਫੋਨ ਆਇਆ ਕਿ ਤੁਹਾਡੀ ਦੁਕਾਨ ਦੇ ਕੁਝ ਨੌਜਵਾਨ ਸ਼ਟਰ ਤੋੜ ਰਹੇ ਹਨ। ਉਨ੍ਹਾਂ ਦੇ ਹੱਥਾਂ 'ਚ ਤੇਜ਼ਧਾਰ ਹਥਿਆਰ ਹਨ। ਜਦੋਂ ਅਸੀਂ ਸੀ ਸੀ ਟੀ ਵੀ ਕੈਮਰੇ ਚੈਕ ਕੀਤੇ ਤਾਂ ਦੇਖਿਆ ਕਿ 10 ਤੋਂ 12 ਨੌਜਵਾਨ ਜਿਨ੍ਹਾਂ ਦੇ ਮੂੰਹ ਢਕੇ ਹੋਏ ਸਨ ਅਤੇ ਹੱਥਾਂ 'ਚ ਹਥਿਆਰ ਸਨ ਦੁਕਾਨ ਦਾ ਸ਼ਟਰ ਤੋੜ ਰਹੇ ਹਨ। ਜਿੰਨੇ ਸਮੇਂ 'ਚ ਅਸੀਂ ਦੁਕਾਨ 'ਤੇ ਪਹੁੰਚੇ, ਉਹ ਚੋਰੀ ਕਰਕੇ ਫਰਾਰ ਹੋ ਚੁੱਕੇ ਸਨ। ਉਨ੍ਹਾਂ ਦੱਸਿਆ ਕਿ ਤਕਰੀਬਨ 5 ਤੋਂ 6 ਲੱਖ ਰੁਪਏ ਦੇ ਸੋਨੇ ਚਾਂਦੀ ਦੇ ਗਹਿਣੇ ਚੋਰ ਲੈ ਗਏ ਅਤੇ ਸਾਡੀ ਦੁਕਾਨ ਦੇ ਸਾਰੇ ਸ਼ੀਸ਼ੇ ਤੋੜ ਗਏ। ਉਨ੍ਹਾਂ ਨੇ ਲੌਕਰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ । ਚੋਰੀ ਕਰਨ ਆਏ ਨੌਜਵਾਨਾਂ ਨੇ ਦੁਕਾਨ ਦੇ ਆਲੇ ਦੁਆਲੇ ਦੇ ਘਰਾਂ ਨੂੰ ਬਾਹਰੋਂ ਕੁੰਡੇ ਲਗਾ ਦਿੱਤੇ। ਅਸੀਂ ਪੁਲਸ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਇਸ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਨੂੰ ਜਲਦੀ ਕਾਬੂ ਕੀਤਾ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਤੇਜ਼ਧਾਰ ਹਥਿਆਰਾਂ ਨਾਲ ਦੁਕਾਨਾਂ ਲੁੱਟ ਹੋ ਰਹੀਆਂ ਹਨ, ਪਰ ਪੁਲਸ ਬੇਵੱਸ ਨਜ਼ਰ ਆ ਰਹੀ ਹੈ।

## ਪੰਜਾਬ ਰਾਜ ਮਹਿਲਾ ਕਮਿਸ਼ਨ 'ਚ ਮੈਂਬਰਾਂ ਦੀ ਭਰਤੀ ਲਈ ਅਰਜੀਆਂ ਦੀ ਮੰਗ

**ਚੰਡੀਗੜ੍ਹ.(ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਰਾਜ ਮਹਿਲਾ ਕਮਿਸ਼ਨ 'ਚ ਮੈਂਬਰਾਂ ਦੀਆਂ ਗੈਰ ਸਰਕਾਰੀ ਖਾਲੀ ਅਸਾਮੀਆਂ ਦੀ ਭਰਤੀ ਲਈ ਯੋਗ ਬਿਨੈਕਾਰ ਪਾਸੋਂ ਅਰਜੀਆਂ ਦੀ ਮੰਗ 5 ਅਕਤੂਬਰ ਤੱਕ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਸਰਕਾਰ ਵਲੋਂ ਅਜਿਹੇ ਵਿਅਕਤੀ, ਤਰਜੀਹੀ ਤੌਰ ਤੇ ਮਹਿਲਾਵਾਂ ਜੋ ਵਧੀਆ ਯੋਗਤਾ, ਇਮਾਨਦਾਰੀ ਰੱਖਦੀਆਂ ਹੋਣ, ਜਿਨ੍ਹਾਂ ਨੇ ਮਹਿਲਾਵਾਂ ਦੀ ਭਲਾਈ ਲਈ ਕੰਮ ਕੀਤਾ ਹੈ, ਕਾਨੂੰਨ ਜਾਂ ਵਿਧਾਨ ਦੀ ਉਚਿਤ ਜਾਣਕਾਰੀ ਅਤੇ ਤਜਰਬਾ ਹੈ, ਮਹਿਲਾਵਾਂ ਦੀ ਪ੍ਰਗਤੀ ਨਾਲ ਸਬੰਧਤ ਮਾਮਲਿਆਂ ਦਾ ਪ੍ਰਬੰਧਨ ਜਾਂ ਮਹਿਲਾਵਾਂ ਦੀ ਸੁਰੱਖਿਆ ਲਈ ਕਿਸੇ ਟਰੇਡ ਯੂਨੀਅਨ ਜਾਂ ਸਵੈ-ਸੇਵੀ ਸੰਗਠਨ ਦੀ ਅਗਵਾਈ, ਮਹਿਲਾਵਾਂ ਦੇ ਸਾਂਝੇ ਹਿੱਤਾਂ ਨੂੰ ਉਠਾਇਆ ਅਤੇ ਪ੍ਰੋਤਸਾਹਿਤ ਕੀਤਾ ਹੈ, ਅਰਜੀ ਦੇਣ ਲਈ ਯੋਗ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਸਕੀਮਾਂ ਨੂੰ ਲਾਗੂ ਕਰਨ ਲਈ ਰਾਜ ਮਹਿਲਾ ਕਮਿਸ਼ਨ 'ਚ ਇੱਕ ਸੀਨੀਅਰ ਉਪ ਚੇਅਰਪਰਸਨ, ਇੱਕ ਉਪ ਚੇਅਰਪਰਸਨ ਅਤੇ ਦਸ ਮੈਂਬਰਾਂ (ਜਨਰਲ 8 ਅਤੇ ਐਸ ਸੀ 2) ਦੀ ਭਰਤੀ ਕੀਤੀ ਜਾਣੀ ਹੈ, ਤਾਂ ਜੋ ਔਰਤਾਂ ਸਬੰਧੀ ਭਲਾਈ ਸਕੀਮਾਂ ਨੂੰ ਲਾਗੂ ਕਰਕੇ ਸਬੰਧਤਾਂ ਨੂੰ ਲਾਭ ਮਿਲ ਸਕੇ। ਮੰਤਰੀ ਨੇ ਅੱਗੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਪਣਾ ਬਿਨੈਪੱਤਰ ਸਮੇਤ ਬਾਇਓ ਡਾਟਾ ਡਾਇਰੈਕਟੋਰੇਟ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਐਸ.ਸੀ.ਓ ਨੰ:102-103, ਸੈਕਟਰ 34-ਏ ਚੰਡੀਗੜ੍ਹ ਵਿਖੇ ਮਿਤੀ 05 ਫਰਵਰੀ 2024 ਤੱਕ ਜਮ੍ਹਾ ਕਰਵਾ ਸਕਦੇ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਨੂੰ ਵਿਚਾਰਿਆ ਨਹੀਂ ਜਾਵੇਗਾ।

## ਚਮਰੌਰ ਵਿਖੇ 3 ਨੂੰ ਪ੍ਰਵਾਸੀ ਭਾਰਤੀ ਮਿਲਣੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 3 ਫਰਵਰੀ ਨੂੰ 'ਮਿੰਨੀ ਗੋਆ' ਦੇ ਨਾਂਅ ਨਾਲ ਜਾਣੇ ਜਾਂਦੇ ਜ਼ਿਲ੍ਹਾ ਪਠਾਨਕੋਟ ਦੇ ਚਮਰੌਰ ਵਿਖੇ ਪ੍ਰਵਾਸੀ ਭਾਰਤੀ ਮਿਲਣੀ ਕਰਵਾਈ ਜਾਵੇਗੀ, ਜਿਸ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਜਾਵੇਗਾ। ਸਥਾਨਕ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਹੋਰਨਾਂ ਅਧਿਕਾਰੀਆਂ ਨਾਲ ਇਸ ਸੰਬੰਧੀ ਕੀਤੀ ਵਿਸ਼ੇਸ਼ ਮੀਟਿੰਗ ਤੋਂ ਬਾਅਦ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿੰਨੀ ਗੋਆ ਵਿਖੇ ਹੋਣ ਵਾਲੀ ਇਸ ਐੱਨ ਆਰ ਆਈ ਮਿਲਣੀ ਦੇ ਪ੍ਰਬੰਧ ਜੰਗੀ ਪੱਧਰ 'ਤੇ ਜਾਰੀ ਹਨ। ਉਨ੍ਹਾਂ ਕਿਹਾ ਕਿ ਰਾਵੀ ਦਰਿਆ ਦੇ ਕੰਢੇ 'ਤੇ ਰਮਣੀਕ ਮਾਹੌਲ ਵਿਚ ਹੋਣ ਵਾਲੀ ਇਸ ਮਿਲਣੀ ਵਿਚ ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦੇ ਮਸਲੇ ਹੱਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਐੱਨ.ਆਰ.ਆਈ ਮਿਲਣੀ ਵਿਚ ਜਿਥੇ ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾਣਗੀਆਂ ਉਥੇ ਨਾਲ ਹੀ ਉਨ੍ਹਾਂ ਨੂੰ ਪੰਜਾਬ ਦੇ ਕੁਦਰਤੀ ਸੁਹੱਪਣ ਦੇ ਦਰਸ਼ਨ ਵੀ ਕਰਵਾਏ ਜਾਣਗੇ। ਕੈਬਨਿਟ ਮੰਤਰੀ ਧਾਲੀਵਾਲ ਨੇ ਸੂਬੇ ਦੇ ਪ੍ਰਵਾਸੀ ਭਾਰਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ 3 ਫਰਵਰੀ ਨੂੰ ਜ਼ਿਲ੍ਹਾ ਪਠਾਨਕੋਟ ਦੇ ਚਮਰੌਰ (ਮਿੰਨੀ ਗੋਆ) ਵਿਖੇ ਪਹੁੰਚ ਕੇ ਪ੍ਰਵਾਸੀ ਭਾਰਤੀ ਮਿਲਣੀ ਵਿਚ ਹੁੰਮ-ਹੁੰਮਾ ਕੇ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਹੀ ਪ੍ਰਵਾਸੀ ਭਾਰਤੀਆਂ ਦੀ ਸੇਵਾ ਵਿਚ ਹਾਜ਼ਰ ਹੈ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਕਰਮਜੀਤ ਕੌਰ, ਹਲਕਾ ਇੰਚਾਰਜ ਮੁਕੇਰੀਆਂ ਪ੍ਰੋ. ਜੀ. ਐਸ ਮੁਲਤਾਨੀ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਲਰਾਜ ਸਿੰਘ, ਐਸ. ਪੀ ਨਵਨੀਤ ਕੌਰ ਗਿੱਲ ਤੋਂ ਇਲਾਵਾ ਹੋਰ ਅਧਿਕਾਰੀ ਹਾਜ਼ਰ ਸਨ।

## ਰਾਜਪੁਰ ਭਾਈਆਂ ਵਿਖੇ ਗੁਰਮਤਿ ਸਮਾਗਮ ਭਲਕੇ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਰਾਜਪੁਰ ਭਾਈਆਂ ਵਿਖੇ ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਪੂਰਨ ਬ੍ਰਹਮ ਗਿਆਨੀ 108 ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੀ ਸਾਲਾਨਾ 66 ਵੀ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ 2 ਫਰਵਰੀ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਜਥੇਦਾਰ ਜਸਵੀਰ ਸਿੰਘ ਸੰਘਾ, ਪ੍ਰੀਤਮ ਸਿੰਘ ਖਾਲਸਾ, ਪ੍ਰਗਟ ਸਿੰਘ ਮੱਲੀ ਨੇ ਦੱਸਿਆ ਕਿ 2 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਪੰਡਾਲ ਵਿੱਚ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ਵਾਲੇ, ਬਾਬਾ ਸੁਰਜੀਤ ਸਿੰਘ ਹਰਖੋਵਾਲ ਵਾਲੇ ਕਥਾ ਵਾਚਕ, ਭਾਈ ਮਨਜਿੰਦਰ ਸਿੰਘ ਹਜ਼ੂਰੀ ਰਾਗੀ ਡੇਰਾ ਸੰਤਗੜ੍ਹ ਹਰਖੋਵਾਲ ਵਾਲੇ, ਭਾਈ ਜਗਦੀਸ਼ ਸਿੰਘ ਵਡਾਲਾ ਇੰਟਰਨੈਸ਼ਨਲ ਢਾਡੀ ਜਥਾ ਆਦਿ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

## ਸਾਈਕਲ ਚੇਤਨਾ ਮਾਰਚ ਦਾ ਬੰਗਾ ਪਹੁੰਚਣ 'ਤੇ ਸ਼ਾਨਦਾਰ ਸਵਾਗਤ



**ਬਹਿਰਾਮ (ਅਵਤਾਰ ਕਲੇਰ)**- ਪੰਜਾਬ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਨੌਜਵਾਨ ਸਭਾ ਪੰਜਾਬ ਅਤੇ ਬੁਲੰਦ ਪ੍ਰੈਸ ਕਲੱਬ ਵੱਲੋਂ ਸ੍ਰੀ ਚਮਕੌਰ ਸਾਹਿਬ ਦੇ ਸਹਿਯੋਗ ਨਾਲ ਸ੍ਰੀ ਅਨੰਦਪੁਰ ਸਾਹਿਬ ਤੋਂ ਅਰੰਭਿਆ ਸਾਈਕਲ ਚੇਤਨਾ ਮਾਰਚ ਬੰਗਾ ਵਿਖੇ ਪਹੁੰਚਣ 'ਤੇ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਪੰਜਾਬੀ ਵਿਭਾਗ ਵੱਲੋਂ ਪ੍ਰਿੰਸੀਪਲ ਡਾ ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਸ਼ਾਨਦਾਰ ਸਵਾਗਤ ਕੀਤਾ ਗਿਆ। ਇਹ ਚੇਤਨਾ ਮਾਰਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ 'ਚੋਂ ਗੁਜ਼ਰਦਾ ਪੰਜਾਬ ਮਾਂ ਬੋਲੀ ਦੇ ਵੱਕਾਰ ਨੂੰ ਕਾਇਮ ਰੱਖਣ ਦਾ ਸੁਨੇਹਾ ਦੇਵੇਗਾ। ਇਸ ਮੌਕੇ ਪ੍ਰਿੰ. ਡਾ ਤਰਸੇਮ ਸਿੰਘ ਭਿੰਡਰ ਨੇ ਕਾਫ਼ਲੇ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਡੇ ਲਈ ਇਹ ਅਫ਼ਸੋਸਜਨਕ ਹੈ ਕਿ ਪੰਜਾਬ ਵਿੱਚ ਪੰਜਾਬੀਆਂ ਨੂੰ ਹੀ ਮਾਂ ਬੋਲੀ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਜਾਣੂੰ ਕਰਵਾਉਣ ਲਈ ਚੇਤਨਾ ਮਾਰਚ ਕੱਢਣੇ ਪੈ ਰਹੇ ਹਨ। ਆਓ ਅਸੀਂ ਸਾਰੇ ਮਿਲ਼ ਕੇ ਮਾਂ ਬੋਲੀ ਪੰਜਾਬੀ ਦੇ ਪਰਚਮ ਨੂੰ ਬੁਲੰਦ ਕਰੀਏ। ਪੰਜਾਬੀ ਵਿਭਾਗ ਦੇ ਮੁਖੀ ਡਾ. ਨਿਰਮਲਜੀਤ ਕੌਰ ਨੇ ਆਖਿਆ ਕਿ ਮਾਤ ਭਾਸ਼ਾ ਪੰਜਾਬੀ ਲਈ ਆ ਰਹੀਆਂ ਚਣੌਤੀਆਂ ਨਾਲ ਨਜਿੱਠਣ ਲਈ ਅਸੀਂ ਹਮੇਸ਼ਾ ਤਤਪਰ ਹਾਂ। ਨਾਲ ਹੀ ਉਨ੍ਹਾਂ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀਆਂ ਨੇ ਬੰਗਾ ਸ਼ਹਿਰ 'ਚ ਕਾਲਜ ਤੋਂ ਦਾਣਾ ਮੰਡੀ ਤੱਕ ਕੱਢੇ ਸਾਇਕਲ ਚੇਤਨਾ ਮਾਰਚ 'ਚ ਸ਼ਮੂਲੀਅਤ ਵੀ ਕੀਤੀ। ਇਸ ਮਾਰਚ ਵਿੱਚ ਵਿਸ਼ੇਸ਼ ਤੌਰ 'ਤੇ ਅਮਰਦੀਪ ਸਿੰਘ ਬੰਗਾ, ਕੁਲਵੀਰ ਸਿੰਘ ਪਾਬਲਾ, ਕਸ਼ਮੀਰ ਸਿੰਘ, ਅਮਿਤ ਮੰਮੀ ਤੇ ਮਨਜੀਤ ਰਾਏ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਪ੍ਰੋ. ਤਜਿੰਦਰ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਪੂਜਾ, ਪ੍ਰੋ. ਹਰਪਾਲ ਕੌਰ, ਪ੍ਰੋ. ਮਨਮੀਤ ਕੌਰ ਡਾ. ਹਰਜੋਤ ਸਿੰਘ,ਡਾ. ਕਮਲਦੀਪ ਕੌਰ, ਡਾ. ਗੁਰਵਿੰਦਰ ਸਿੰਘ, ਡਾ. ਦਵਿੰਦਰ ਕੌਰ, ਪਰਮਜੀਤ ਸਿੰਘ ਸੁਪ੍ਰਿੰਟੈਂਡੈਂਟ, ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

## ਹਰਿਆਣਾ ਵਿਧਾਨ ਸਭਾ ਦਾ ਬਜਟ ਸੈਸ਼ਨ 20 ਤੋਂ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਵਿਧਾਨਸਭਾ ਦਾ ਅਗਾਮੀ ਬਜਟ ਸੈਸ਼ਨ 20 ਫਰਵਰੀ, 2024 ਤੋਂ ਸ਼ੁਰੂ ਹੋਵੇਗਾ। ਇਹ ਜਾਣਕਾਰੀ ਸਕੂਲ ਸਿੱਖਿਆ ਮੰਤਰੀ ਕੰਵਰ ਪਾਲ ਜੋ ਸੰਸਦੀ ਕਾਰਜ ਮੰਤਰੀ ਵੀ ਹਨ ਨੇ ਹਰਿਆਣਾ ਕੈਬਨਿਟ ਦੀ ਮੀਟਿੰਗ ਵਿਚ ਲਏ ਗਏ ਮਹਤੱਵਪੂਰਨ ਫੈਸਲਿਆਂ ਦੇ ਬਾਰੇ ਜਾਣਕਾਰੀ ਦੇਣ ਦੇ ਲਈ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰਦੇ ਹੋਏ ਦਿੱਤੀ। ਉਨ੍ਹਾਂ ਨੇ ਦਸਿਆ ਕਿ ਕੈਬਨਿਟ ਦੀ ਮੀਟਿੰਗ ਤੋਂ ਪਹਿਲਾਂ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਦੇ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਮੀਟਿੰਗ ਵਿਚ ਕੀਤੇ ਗਏ ਮਹਤੱਵਪੂਰਨ ਫੈਸਲਿਆਂ ਦੀ ਜਾਣਕਾਰੀ ਦਿੰਦੇ ਹੋਏ ਸ੍ਰੀ ਕੰਵਰ ਪਾਲ ਨੇ ਦਸਿਆ ਕਿ ਸ਼ਹੀਦਾਂ ਦੇ 18 ਆਸ਼ਰਿਤਾਂ ਨੂੰ ਨੌਕਰੀ ਦੇਣ ਦੀ ਮੰਜੂਰੀ ਪ੍ਰਦਾਨ ਕੀਤੀ ਹੈ, ਜੋ ਕਿੰਨ੍ਹੀ ਕਾਰਨਾਂ ਨਾਲ ਸਮੇਂ 'ਤੇ ਨੌਕਰੀ ਲਈ ਬਿਨੈ ਨਹੀਂ ਕਰ ਸਕੇ। ਉਨ੍ਹਾਂ ਨੇ ਦਸਿਆ ਕਿ ਇਸੀ ਤਰ੍ਹਾ ਕਿਸਾਨ ਨੂੰ ਆਪਣਾ ਖੇਤ ਤੋਂ ਖੁਦ ਦੇ ਵਰਤੋ ਲਈ ਭਰਤ ਤਹਿਤ ਚੁੱਕੀ ਜਾਣ ਵਾਲੀ ਮਿੱਟੀ ਦੀ ਰਾਇਲਟੀ 200 ਰੁਪਏ ਹੁਣ ਨਹੀਂ ਦੇਣੀ ਹੋਵੇਗੀ ਅਤੇ ਨਾ ਹੀ ਸਰਕਾਰੀ ਦਫਤਰ ਵਿਚ ਜਾਣ ਦੀ ਜਰੂਰ ਹੋਵੇਗੀ, ਉਨ੍ਹਾਂ ਨੂੰ ਮੇਰੀ ਫਸਲ ਮੇਰਾ ਬਿਊਰਾ ਪੋਰਟਲ 'ਤੇ ਜਾਣਕਾਰੀ ਅਪਲੋਡ ਕਰਨੀ ਹੋਵੇਗੀ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਨੂੰ 1500 ਕਰੋੜ ਰੁਪਏ ਦੇ ਕਰਜੇ ਦੀ ਮੰਜੂਰੀ ਪ੍ਰਦਾਨ ਕੀਤੀ ਗਈ ਹੈ। ਨਿਗਮ ਦੇ ਕੋਲ ਲਗਭਗ 14 ਹਜਾਰ ਕਰੋੜ ਰੁਪਏ ਦਾ ਕਰਜਾ ਸੀ, ਜੋ ਹੁਣ ਘਟ ਕੇ 4000 ਕਰੋੜ ਰੁਪਏ ਰਹਿ ਗਿਆ ਹੈ, ਜੋ ਕਿ ਆਉਣ ਵਾਲੇ ਸਮੇਂ ਵਿੱਚ ਜੀਰੋ 'ਤੇ ਆ ਜਾਵੇਗਾ।

## ਆਜ਼ਾਦੀ ਘੁਲਾਟੀਆਂ ਦੇ ਸਨਮਾਨ 'ਚ ਦੋ ਮਿੰਟ ਦਾ ਮੌਨ ਧਾਰਿਆ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦੇਣ ਵਾਲੇ ਸ਼ਹੀਦਾਂ ਦੀ ਯਾਦ 'ਚ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਿਵਲ, ਪੁਲਸ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਵਧੀਕ ਡਿਪਟੀ ਕਮਿਸ਼ਨਰਾਂ ਮੇਜਰ ਡਾ. ਅਮਿਤ ਮਹਾਜਨ ਤੇ ਜਸਬੀਰ ਸਿੰਘ, ਐਸ ਡੀ ਐਮ ਬਲਬੀਰ ਰਾਜ ਸਿੰਘ ਸਿੰਘ ਅਤੇ ਹੋਰ ਅਧਿਕਾਰੀਆਂ ਸਮੇਤ ਆਜ਼ਾਦੀ ਘੁਲਾਟੀਆਂ ਅਤੇ ਰਾਸਟਰ ਪਿਤਾ ਮਹਾਤਮਾ ਗਾਂਧੀ ਨੂੰ ਸਰਧਾਂਜਲੀ ਭੇਟ ਕੀਤੀ। ਜ਼ਿਕਰਯੋਗ ਹੈ ਕਿ 30 ਜਨਵਰੀ, 1948 ਉਹ ਦਿਨ ਸੀ, ਜਦੋਂ ਮਹਾਤਮਾ ਗਾਂਧੀ ਜੀ ਦੀ ਹੱਤਿਆ ਕਰ ਦਿੱਤੀ ਗਈ ਸੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਨੂੰ ਆਪਣੇ ਆਜ਼ਾਦੀ ਘੁਲਾਟੀਆਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਹਮੇਸਾ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਵੀ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਹਰੇਕ ਵਿਅਕਤੀ ਨੂੰ ਆਪਣਾ ਫਰਜ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ, ਜੋ ਕਿ ਸਾਡੇ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਉਨ੍ਹਾਂ ਕਿਹਾ ਕਿ ਆਜਾਦੀ ਸੰਗਰਾਮ ਵਿੱਚ ਆਪਣੀਆਂ ਜਾਨਾਂ ਵਾਰ ਦੇਣ ਵਾਲੇ ਸਹੀਦਾਂ ਦੀ ਬਦੌਲਤ ਹੀ ਦੇਸ ਵਾਸੀ ਅੱਜ ਆਜਾਦ ਫਿਜ਼ਾ 'ਚ ਸਾਹ ਲੈ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸਹੀਦਾਂ ਦੀਆਂ ਮਹਾਨ ਕੁਰਬਾਨੀਆਂ ਅਤੇ ਦਲੇਰੀ ਨੂੰ ਸਲਾਮ ਕਰਨ ਦਾ ਸੱਦਾ ਵੀ ਦਿੱਤਾ।

## ਧਾਰਾ 295 ਤੇ 295 ਏ ਤਹਿਤ ਕੀਤੇ ਕੇਸ ਰੱਦ ਕੀਤੇ ਜਾਣ : ਤਰਕਸ਼ੀਲ ਸੁਸਾਇਟੀ

**ਜਲੰਧਰ (ਕੇਸਰ)**-ਕੀ ਭਾਰਤ ਦੇ ਲੋਕਾਂ ਨੂੰ ਸੰਵਿਧਾਨ ਦੇ ਉਪਛੇਦ 51ਏ (ਐਚ) ਅਨੁਸਾਰ ਵਿਗਿਆਨਕ ਸੋਚ ਦਾ ਪ੍ਰਚਾਰ ਪ੍ਰਸਾਰ ਕਰਨ ਦਾ ਹੱਕ ਹੁਣ ਨਹੀਂ ਹੈ ਜਾਂ ਕਿ ਇਸ ਦਾ ਪ੍ਰਚਾਰ ਪ੍ਰਸਾਰ 295 ਦੀਆਂ ਸਾਰੀਆਂ ਉਪਧਰਾਵਾਂ ਦੀ ਉਲੰਘਣਾ ਮੰਨਿਆ ਜਾਵੇਗਾ? ਕੀ ਉਪਛੇਦ 51- ਏ (ਐਚ) ਹੁਣ ਹਟਾ ਦਿੱਤਾ ਹੈ? ਜੇਕਰ ਅਜਿਹਾ ਨਹੀਂ ਹੋਇਆ ਤਾਂ ਵਿਗਿਆਨਕ ਸੋਚ ਦਾ ਪ੍ਰਚਾਰ ਪ੍ਰਸਾਰ ਕਰਨ ਵਾਲਿਆਂ 'ਤੇ ਧਾਰਾ 295 ਅਤੇ 295 ਏ ਤਹਿਤ ਕੇਸ ਕਿਓਂ ਦਰਜ ਕੀਤੇ ਗਏ ਹਨ। ਕੀ ਹੁਣ ਸੰਵਿਧਾਨ ਅਨੁਸਾਰ ਵਿਗਿਆਨਕ ਸੋਚ ਦਾ ਪ੍ਰਚਾਰ ਕਰਨਾ ਧਾਰਮਿਕ ਭਾਵਨਾਵਾਂ 'ਤੇ ਸੱਟ ਮਾਰਨ ਦੇ ਤੁੱਲ ਹੋ ਗਿਆ ਹੈ? ਜੇਕਰ ਅਜਿਹਾ ਨਹੀਂ ਤਾਂ ਧਾਰਾ 19 ਅਨੁਸਾਰ ਬੋਲਣ ਅਤੇ ਲਿਖਣ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਵਿਗਿਆਨਿਕ ਸੋਚ ਦਾ ਪ੍ਰਚਾਰ ਕਰਨ ਵਾਲੇ ਤਰਕਸ਼ੀਲ ਆਗੂ ਭੁਪਿੰਦਰ ਫੌਜੀ ਅਤੇ ਤਰਕਸ਼ੀਲ ਚਿੰਤਨ ਅਤੇ ਲੇਖਕ ਸੁਰਜੀਤ ਦੌਧਰ ਦੇ ਖ਼ਿਲਾਫ਼ ਬਿਨਾਂ ਤੱਥਾਂ ਦੀ ਜਾਂਚ ਪੜਤਾਲ ਕੀਤੇ ਹੀ ਧਾਰਾ 295 ਅਤੇ 295ਏ ਤਹਿਤ ਕੇਸ ਕਿਓਂ ਦਰਜ ਕੀਤੇ ਗਏ ਹਨ। ਇਹ ਵਿਚਾਰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਤਰਕਸ਼ੀਲ ਸੁਸਾਇਟੀ ਜ਼ੋਨ ਜਲੰਧਰ ਦੀ ਹੋਈ ਮੀਟਿੰਗ ਵਿੱਚ ਹਾਜ਼ਰ ਆਗੂਆਂ ਸੁਰਜੀਤ ਟਿੱਬਾ ਜ਼ੋਨ ਪ੍ਰਧਾਨ, ਬਿੱਟੂ ਰੂਪੋਵਾਲੀ, ਸੁਖਵਿੰਦਰ ਬਾਗਪੁਰ, ਵਿਜੈ ਰਾਹੀ ਜ਼ੋਨ ਮੀਡੀਆ ਇੰਚਾਰਜ, ਨਸੀਬ ਚੰਦ ਬੱਬੀ ਪ੍ਰਧਾਨ ਜਲੰਧਰ ਇਕਾਈ, ਵਿਸ਼ਵਾ ਮਿੱਤਰ ਸਾਬਕਾ ਇਕਾਈ ਪ੍ਰਧਾਨ, ਸੁਖਦੇਵ ਫਗਵਾੜਾ ਜ਼ੋਨ ਮੈਂਬਰਾਂ ਨੇ ਉਪਰੋਕਤ ਵਿਚਾਰ ਪ੍ਰੈਸ ਨਾਲ ਸਾਂਝੇ ਕਰਦਿਆਂ ਖ਼ਦਸ਼ਾ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ 22 ਜਨਵਰੀ ਦੇ ਅਯੁੱਧਿਆ ਸਮਾਗਮ ਤੋਂ ਬਾਅਦ ਇੱਕ ਯੋਜਨਾਬੱਧ ਸਾਜਿਸ਼ ਤਹਿਤ ਹਰ ਉਸ ਵਿਅਕਤੀ 'ਤੇ ਕੋਈ ਨਾ ਕੋਈ ਕੇਸ ਕੀਤਾ ਜਾ ਰਿਹਾ ਹੈ ਜਿਹੜਾ ਅੰਧਵਿਸ਼ਵਾਸ ਦੇ ਵਿਰੁੱਧ ਬੋਲਦਾ ਹੈ ਜਾਂ ਲਿਖਦਾ ਹੈ। ਇਸ ਮੌਕੇ ਆਗੂਆਂ ਨੇ ਅਜਿਹੇ ਕਾਰੇ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਅਤੇ ਭੁਪਿੰਦਰ ਫੌਜੀ, ਸੁਰਜੀਤ ਦੌਧਰ ਅਤੇ ਦਵਿੰਦਰ ਰਾਣਾ ਤੇ 295 ਏ ਦਾ ਪਰਚਾ ਦਰਜ ਕਰਨ ਦੀ ਨਿਖੇਧੀ ਕੀਤੀ ਅਤੇ ਕੇਸ ਤੁਰੰਤ ਕੇਸ ਵਾਪਸ ਲੈਣ ਦੀ ਮੰਗ ਕੀਤੀ।

## ਮੁੱਖ ਮੰਤਰੀ ਯਾਤਰਾ ਸਕੀਮ ਤਹਿਤ ਦਸਮੇਸ਼ ਨਗਰ ਟਾਂਡਾ ਤੋਂ ਬੱਸ ਰਵਾਨਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਮੁੱਖ ਮੰਤਰੀ ਯਾਤਰਾ ਸਕੀਮ ਤਹਿਤ ਦਸਮੇਸ਼ ਨਗਰ ਟਾਂਡਾ ਤੋਂ ਅੱਜ ਸਵੇਰੇ ਸੰਗਤਾਂ ਦਾ ਜੱਥਾ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਵਾਸਤੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿੱਚ ਰਵਾਨਾ ਹੋਇਆ। ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੇ ਉਪਰਾਲੇ ਸਦਕਾ ਹਲਕਾ ਟਾਂਡਾ ਤੋਂ ਚੌਥੇ ਪੜਾਅ ਵਿੱਚ ਧਾਰਮਿਕ ਸਥਾਨਾਂ ਦੀ ਯਾਤਰਾ ਵਾਸਤੇ ਰਵਾਨਾ ਹੋਏ ਇਸ ਇਸ ਸੰਗਤਾਂ ਦੇ ਜਥੇ ਦੀ ਬੱਸ ਨੂੰ ਵਿਧਾਇਕ ਜਸਵੀਰ ਸਿੰਘ ਰਾਜਾ ਦੇ ਪਿਤਾ ਸਮਾਜ ਸੇਵੀ ਮਾਸਟਰ ਮਹਿੰਦਰ ਸਿੰਘ ਗਿੱਲ ਨੇ ਸਿਟੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ ਅਤੇ ਬਲਾਕ ਕੇਸ਼ਵ ਸਿੰਘ ਸੈਣੀ ਦੀ ਹਾਜ਼ਰੀ ਵਿੱਚ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਤੇ ਸਿਟੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਧੰਨਵਾਦ ਕਰਦਿਆਂ ਕਿਹਾ ਕਿ ਵਿਧਾਇਕ ਜਸਵੀਰ ਸਿੰਘ ਰਾਜਾ ਦੇ ਉੱਦਮ ਉਪਰਾਲੇ ਸਦਕਾ ਹਲਕਾ ਟਾਂਡਾ ਦੇ ਵਾਸੀਆਂ ਨੂੰ ਇਹ ਚੌਥੇ ਪੜਾਅ ਦੀ ਧਾਰਮਿਕ ਯਾਤਰਾ ਕਰਵਾਈ ਜਾ ਰਹੀ ਹੈ ਜਿਸ ਤਹਿਤ ਸੰਗਤਾਂ ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨਗੀਆਂ। ਉਨ੍ਹਾ ਹੋਰ ਕਿਹਾ ਕਿ ਇਸ ਤੋਂ ਪਹਿਲਾਂ ਹਲਕਾ ਟਾਂਡਾ ਤੋਂ ਗਈ ਯਾਤਰਾ ਦੌਰਾਨ ਸੰਗਤਾਂ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਦੁਰਗਿਆਣਾ ਮੰਦਰ, ਬਾਲਾਸਰ ਤੇ ਹੋਰ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਹੋਰ ਕਿਹਾ ਕਿ ਮੁੱਖ ਮੰਤਰੀ ਯਾਤਰਾ ਸਕੀਮ ਸ਼ਰਧਾਲੂਆਂ ਲਈ ਬਹੁਤ ਹੀ ਲਾਹੇਵੰਦ ਸਾਬਤ ਹੋਈ ਹੈ ਜਿਸ ਦੌਰਾਨ ਸ਼ਰਧਾਲੂਆਂ ਨੂੰ ਮੁਫਤ ਦਰਸ਼ਨ ਕਰਵਾਉਣ ਦੇ ਨਾਲ ਨਾਲ ਉਨਾਂ ਦੀ ਸਹੂਲਤਾਂ ਤੇ ਹੋਰ ਲੋੜਾਂ ਦਾ ਵੀ ਧਿਆਨ ਰੱਖਿਆ ਜਾ ਰਿਹਾ ਹੈ। ਇਸ ਮੌਕੇ ਦਸ਼ਮੇਸ਼ ਨਗਰ ਟਾਂਡਾ ਦੀ ਸਮੂਹ ਸੰਗਤ ਨੇ ਵੀ ਪੰਜਾਬ ਸਰਕਾਰ ਦੇ ਇਸ ਉਦਮ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਭਾਈ ਜਸਵੀਰ ਸਿੰਘ ਸੋਨੂ, ਮਾਸਟਰ ਜਸਵੀਰ ਸਿੰਘ, ਭਾਈ ਮਨਜੀਤ ਸਿੰਘ, ਅਤਵਾਰ ਸਿੰਘ ਪਲਾਚੱਕ, ਅਵਤਾਰ ਸਿੰਘ ਤਾਰੀ, ਗੁਰਦੀਪ ਸਿੰਘ, ਸਵਰਨ ਸਿੰਘ, ਜਗਮੋਹਨ ਸਿੰਘ, ਕਮਲਜੀਤ ਕੌਰ, ,ਅਮਨਿੰਦਰ ਸਿੰਘ, ਦਲਵੀਰ ਕੌਰ, ਹਰਜੋਤ ਸਿੰਘ, ਅਜੇ ਜੱਗੀ, ਵਰਿੰਦਰ ਸਿੰਘ, ਬਲਜੀਤ ਕੌਰ ਵੀ ਹਾਜ਼ਰ ਸਨ।

## ਬਲੀਦਾਨ ਦਿਵਸ ਮੌਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਹੀਦਾਂ ਨੂੰ ਕੀਤਾ ਯਾਦ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ 'ਤੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰਨ ਵਾਲਿਆਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਦਿਵਿਆ ਪੀ. ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਮਹਾਤਮਾ ਗਾਂਧੀ ਦੀ ਤਸਵੀਰ ਨੂੰ ਫੁੱਲ ਭੇਟ ਕੀਤੇ। ਇਸ ਦੌਰਾਨ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਹਥਿਆਰ ਉਲਟੇ ਕਰਕੇ ਸ਼ਰਧਾਂਜ਼ਲੀ ਭੇਟ ਕੀਤੀ ਗਈ। ਇਸ ਉਪਰੰਤ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਹੀਦਾਂ ਦੇ ਬਲੀਦਾਨ ਨੂੰ ਯਾਦ ਕੀਤਾ।

ਇਸ ਦੌਰਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਤੇ ਦੇਸ਼ ਦੇ ਹੋਰ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਭੇਟ ਕਰਦਿਆਂ ਰਾਸ਼ਟਰਪਿਤਾ ਮਹਾਤਮਾ ਗਾਂਧੀ ਵਲੋਂ ਦਰਸਾਏ ਸੱਚ, ਪ੍ਰੇਮ ਅਤੇ ਅਹਿੰਸਾ ਦੇ ਰਸਤੇ 'ਤੇ ਚੱਲਦੇ ਹੋਏ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਨਾਉਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ, ਲਗਨ, ਅਨੁਸ਼ਾਸਨ ਅਤੇ ਸਮਰਪਣ ਦੀ ਭਾਵਨਾ ਨਾਲ ਨਿਭਾਉਣ ਲਈ ਵੀ ਪ੍ਰੇਰਿਤ ਕੀਤਾ।

## ਜ਼ਿਲ੍ਹਾ ਪ੍ਰਸ਼ਾਸਨ ਨੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੀ ਯਾਦ 'ਚ ਮੌਨ ਰੱਖਿਆ

**ਮੋਹਾਲੀ (ਗੁਰਜੀਤ ਬਿੱਲਾ)** ਜਿਲ੍ਹਾ ਪ੍ਰਸ਼ਾਸਨ ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਮਹਾਤਮਾ ਗਾਂਧੀ ਦੀ ਬਰਸੀ ਮੌਕੇ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਨੂੰ ਸਰਧਾਂਜਲੀ ਦੇਣ ਲਈ ਡੀ ਏ ਸੀ ਮੋਹਾਲੀ ਵਿਖੇ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਵਿਰਾਜ ਸ਼ਿਆਮਕਰਨ ਤਿੜਕੇ ਅਤੇ ਐਸ ਪੀ (ਐਚ) ਤੁਸ਼ਾਰ ਗੁਪਤਾ, ਸਹਾਇਕ ਕਮਿਸਨਰ (ਯੂ ਟੀ) ਡੇਵੀ ਗੋਇਲ, ਸਹਾਇਕ ਕਮਿਸ਼ਨਰ (ਜ) ਹਰਜੋਤ ਕੌਰ ਮਾਵੀ, ਮੁੱਖ ਮੰਤਰੀ ਫੀਲਡ ਅਫਸਰ ਇੰਦਰ ਪਾਲ, ਡੀ ਐਸ ਪੀ ਹਰਸਿਮਰਨ ਸਿੰਘ ਬੱਲ ਆਦਿ ਅਧਿਕਾਰੀ ਹਾਜਰ ਸਨ। ਏ ਡੀ ਸੀ ਵਿਰਾਜ ਤਿੜਕੇ ਨੇ ਕਿਹਾ ਕਿ ਇਹ ਦਿਨ ਸਾਨੂੰ ਸਾਡੇ ਮਹਾਨ ਆਜ਼ਾਦੀ ਘੁਲਾਟੀਆਂ ਵੱਲੋਂ ਦੇਸ਼ ਨੂੰ ਅੰਗਰੇਜਾਂ ਤੋਂ ਆਜਾਦ ਕਰਵਾਉਣ ਲਈ ਦਿੱਤੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ ਅਤੇ ਸਾਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਮਹਾਨ ਸੁਤੰਤਰਤਾ ਸੈਨਾਨੀਆਂ ਦੇ ਸਦਾ ਰਿਣੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਦਿਨ 'ਤੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਅਤੇ ਹੋਰ ਆਜ਼ਾਦੀ ਘੁਲਾਟੀਆਂ ਦੇ ਯੋਗਦਾਨ ਨੂੰ ਉਨ੍ਹਾਂ ਦੇ ਸਨਮਾਨ ਵਜੋਂ ਯਾਦ ਕੀਤਾ ਜਾਂਦਾ ਹੈ।



## ਹੇੜੀਆ ਵਿਖੇ ਸੰਤ ਸੰਮੇਲਨ ਅੱਜ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਹੇੜੀਆ ਵਿਖੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਰਵਿਦਾਸੀਆ ਧਰਮ ਪ੍ਰਚਾਰ ਰਜਿ, ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ, ਡਾਕਟਰ ਬੀ ਆਰ ਅੰਬੇਡਕਰ ਕਲੱਬ, ਸਮੂਹ ਸਾਧ ਸੰਗਤ ਪਿੰਡ ਹੇੜੀਆ ਹੁਸ਼ਿਆਰਪੁਰ ਵਿਖੇ ਸਲਾਨਾ 18 ਵਾਂ ਮਹਾਨ ਸੰਤ ਸੰਮੇਲਨ 1 ਫਰਵਰੀ ਨੂੰ ਸੰਤ ਬਾਬਾ ਨਿਰੰਜਣ ਦਾਸ ਜੀ ਸੱਚਖੰਡ ਬੱਲਾਂ ਦੀ ਅਗਵਾਈ ਹੇਠ 11 ਤੋਂ 04 ਵਜੇ ਤੱਕ ਕਰਵਾਏ ਜਾ ਰਹੇ ਹਨ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 01 ਫਰਵਰੀ ਨੂੰ ਸਵੇਰੇ 11ਵਜੇ ਅੰਮ੍ਰਿਤ ਬਾਣੀ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ।

ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸੰਤ ਸਮਾਗਮ ਕਰਵਾਏ ਜਾਣਗੇ। ਜਿਸ ਵਿਚ ਇਲਾਕੇ ਭਰ ਤੋਂ ਸੰਤ ਮਹਾਂਪੁਰਸ਼, ਰਾਗੀ ਜਥੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

## ਅੰਮ੍ਰਿਤਸਰ-ਤਰਨ ਤਾਰਨ ਸੜਕ 69.67 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗੀ ਚਾਰਮਾਰਗੀ : ਈ ਟੀ ਓ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਕਿਹਾ ਹੈ ਕਿ ਮਾਝਾ ਖੇਤਰ ਦੇ ਦੋ ਇਤਿਹਾਸਕ ਜ਼ਿਲ੍ਹਿਆਂ ਅੰਮ੍ਰਿਤਸਰ ਅਤੇ ਤਰਨ ਤਾਰਨ ਨੂੰ ਜੋੜਨ ਵਾਲੀ ਪੁਰਾਣੀ ਐਨ.ਐਚ-15/54 ਸੜਕ ਨੂੰ 69.67 ਕਰੋੜ ਰੁਪਏ ਦੀ ਲਾਗਤ ਨਾਲ ਚਾਰ ਮਾਰਗੀ ਸੜਕ ਵਿੱਚ ਅਪਗ੍ਰੇਡ ਕੀਤਾ ਜਾਵੇਗਾ, ਅਤੇ ਇਸ ਪ੍ਰੋਜੈਕਟ ਦੀ ਸ਼ੁਰੂਆਤ 1 ਫਰਵਰੀ ਨੂੰ ਕੀਤੀ ਜਾਵੇਗੀ।ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਜਾਣਕਾਰੀ ਦਿੰਦਿਆਂ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਸ ਸਮੇਂ ਸੜਕ ਦੇ ਇਸ ਹਿੱਸੇ ਦਾ ਕੈਰੇਜਵੇਅ 9.75 ਮੀਟਰ ਹੈ ਅਤੇ ਲੋਕ ਨਿਰਮਾਣ ਵਿਭਾਗ ਕੋਲ ਲੋੜੀਂਦਾ ਰਸਤਾ ਉਪਲਬਧ ਹੈ, ਇਸ ਲਈ ਪ੍ਰੋਜੈਕਟ ਵਾਸਤੇ ਜ਼ਮੀਨ ਐਕਵਾਇਰ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੀ ਕੁੱਲ ਸਿਵਲ ਲਾਗਤ 61.24 ਕਰੋੜ ਰੁਪਏ ਹੈ ਅਤੇ ਉਪਯੋਗਤਾ ਤਬਦੀਲੀ (ਜੰਗਲਾਤ ਜ਼ਮੀਨ ਨੂੰ ਮੋੜਨਾ, ਰੁੱਖਾਂ ਦੀ ਕਟਾਈ, ਬਿਜਲੀ ਅਤੇ ਹੋਰਾਂ ਸਮੇਤ) ਦੀ ਲਾਗਤ 8.43 ਕਰੋੜ ਰੁਪਏ ਹੈ।ਉਨ੍ਹਾਂ ਕਿਹਾ ਕਿ ਨਵੀਂ ਸੜਕ ਬਣਨ ਤੋਂ ਬਾਅਦ ਵੀ ਇਸ ਮਾਰਗ 'ਤੇ ਆਵਾਜਾਈ ਕਈ ਗੁਣਾ ਵਧ ਗਈ ਹੈ ਅਤੇ ਇਸ ਮਾਰਗ 'ਤੇ ਮੌਜੂਦਾ ਆਵਾਜਾਈ 50,000 ਪੀ.ਸੀ.ਯੂ. ਦੇ ਕਰੀਬ ਹੈ। ਉਨ੍ਹਾਂ ਕਿਹਾ ਕਿ ਇਸ ਮਾਰਗ ਦਾ ਆਪਣਾ ਮਹੱਤਵ ਹੈ ਕਿਉਂਕਿ ਇਸ 'ਤੇ ਕਈ ਇਤਿਹਾਸਕ ਗੁਰਦੁਆਰਾ ਸਾਹਿਬ ਸਥਿਤ ਹਨ।ਮੰਤਰੀ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਹਾਲ ਹੀ ਵਿੱਚ ਲੈਵਲ ਕਰਾਸਿੰਗ ਏ-12 'ਤੇ ਐਮ.ਆਰ.ਟੀ.ਐਂਡ.ਐਚ ਦੇ ਫੰਡਾਂ ਨਾਲ ਇੱਕ ਨਵਾਂ ਰੇਲਵੇ ਓਵਰਬ੍ਰਿਜ (ਆਰ.ਓ.ਬੀ.) ਬਣਾਇਆ ਗਿਆ ਹੈ ਅਤੇ ਇਸ ਮਾਰਗ 'ਤੇ ਲੈਵਲ ਕਰਾਸਿੰਗ ਏ-25 'ਤੇ ਇੱਕ ਹੋਰ ਆਰ.ਓ.ਬੀ ਜਲਦੀ ਹੀ ਇਸ ਪ੍ਰੋਜੈਕਟ ਵਜੋਂ ਸ਼ੁਰੂ ਹੋਣ ਜਾ ਰਿਹਾ ਹੈ, ਜੋ ਟੈਂਡਰ ਪ੍ਰਕਿਰਿਆ ਅਧੀਨ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਨੂੰ ਚਹੁੰ ਮਾਰਗੀ ਕਰਨ ਨਾਲ ਨਾ ਸਿਰਫ਼ ਆਵਾਜਾਈ ਨੂੰ ਸੁਖਾਲਾ ਬਣਾਉਣ ਵਿੱਚ ਮਦਦ ਮਿਲੇਗੀ ਸਗੋਂ ਇਸ ਸੜਕ ਦੇ ਨਾਲ ਲਗਦੇ ਖੇਤਰਾਂ ਦੇ ਵਿਕਾਸ ਵਿੱਚ ਵੀ ਤੇਜ਼ੀ ਆਵੇਗੀ।

## ਸਮਾਜਕ ਕੁਰੀਤੀਆਂ ਖ਼ਿਲਾਫ਼ ਪ੍ਰਚਾਰ ਕਰਦੇ ਹੋਏ ਸੰਨਿਆਸੀ ਸਾਇਕਲਿਸਟ ਲਾਇਲਪੁਰ ਖ਼ਾਲਸਾ ਕਾਲਜ ਪਹੁੰਚੇ



**ਜਲੰਧਰ ( ਸ਼ੈਲੀ ਐਲਬਰਟ)**:- ਬਾਹੂ ਸਾਹਿਬ ਬਾਵਰ, ਸੰਨਿਆਸੀ ਸਾਇਕਲਿਸਟ (ਸਾਈਕਲ ਚਾਲਕ) ਆਪਣੀ ਭਾਰਤ ਯਾਤਰਾ ਦੌਰਾਨ ਅੱਜ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਪਹੁੰਚੇ। ਬਾਹੂ ਸਾਹਿਬ ਮਹਾਰਾਸ਼ਟਰ ਨਾਲ ਸਬੰਧ ਰੱਖਦੇ ਹਨ ਅਤੇ ਸਮਾਜਕ ਕੁਰੀਤੀਆਂ ਖਿਲਾਫ ਸੰਦੇਸ਼ ਦੇਣ ਲਈ ਹੁਣ ਤੱਕ ਪੰਜ ਵਾਰ ਪੂਰੇ ਭਾਰਤ ਦੀ ਸਾਈਕਲ ਯਾਤਰਾ ਕਰ ਚੁੱਕੇ ਹਨ । ਹੁਣ ਉਹ ਛੇਵੀਂ ਵਾਰ ਇਹ ਯਾਤਰਾ ਕਰ ਰਹੇ ਹਨ। ਉਨਾਂ ਦੀ ਯਾਤਰਾ ਦਾ ਉਦੇਸ਼ ਦਹੇਜ ਪ੍ਰਥਾ, ਭਰੂਣ ਹੱਤਿਆ ਅਤੇ ਨਸ਼ਿਆਂ ਦਾ ਖਾਤਮਾ ਕਰਨ ਲਈ ਦੇਸ਼ ਦੇ ਨੌਜਵਾਨਾਂ ਦੇ ਨਾਲ ਸਿੱਧੀ ਗੱਲਬਾਤ ਕਰਨੀ ਹੈ। ਇਸ ਸਬੰਧੀ ਉਹ ਇਸ ਵੇਲੇ ਪੰਜਾਬ ਦੇ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਜਾ ਰਹੇ ਹਨ ਅਤੇ ਵਿਦਿਆਰਥੀਆਂ ਦੇ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਇਹਨਾਂ ਸਮਾਜਿਕ ਕੁਰੀਤੀਆਂ ਖ਼ਿਲਾਫ਼ ਜਾਗਰੂਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲਾਇਲਪੁਰ ਖ਼ਾਲਸਾ ਕਾਲਜ ਪਹੁੰਚਣ 'ਤੇ ਉਹਨਾਂ ਦਾ ਸਵਾਗਤ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕੀਤਾ । ਉਨ੍ਹਾਂ ਦੇ ਨਾਲ 2 ਪੰਜਾਬ ਐਨ.ਸੀ.ਸੀ. ਦੇ ਕਮਾਂਡਿੰਗ ਅਫਸਰ ਕਰਨਲ ਵਿਨੋਦ ਜੋਸ਼ੀ ਵੀ ਸਨ। ਕਾਲਜ ਦੇ ਐਨ.ਸੀ.ਸੀ. ਕੈਡਿਟ (ਆਰਮੀ ਅਤੇ ਏਅਰ ਵਿੰਗ), ਐਨ.ਐਸ.ਐਸ. ਵਾਲੰਟੀਅਰਾਂ ਅਤੇ ਹੋਰ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਹੋਇਆ ਉਹਨਾਂ ਦੱਸਿਆ ਕਿ 1993 ਤੋਂ ਉਹਨਾਂ ਨੇ ਭਾਰਤ ਦੀਆਂ ਯਾਤਰਾਵਾਂ ਸ਼ੁਰੂ ਕੀਤੀਆਂ ਸਨ ਅਤੇ ਹੁਣ ਤੱਕ ਆਪਣੇ ਇਸ ਮਿਸ਼ਨ ਨਾਲ ਤੁਰੇ ਹੋਏ ਹਨ । ਉਹ ਜਿੱਥੇ ਸਮਾਜਕ ਕੁਰੀਤੀਆਂ ਦੇ ਖਿਲਾਫ ਬੋਲਦੇ ਹਨ, ਉਥੇ ਦੇਸ਼ ਦੇ ਵਿੱਚ ਧਰਮ ਨਿਰਪੱਖਤਾ ਅਤੇ ਰਾਸ਼ਟਰੀ ਏਕਤਾ ਦਾ ਪ੍ਰਚਾਰ ਵੀ ਕਰ ਰਹੇ ਹਨ। ਉਹਨਾਂ ਕਿਹਾ ਕਿ ਉਹਨਾਂ ਨੂੰ ਲੱਗਦਾ ਹੈ ਕਿ ਭਰੂਣ ਹੱਤਿਆ ਦਾ ਮੁੱਖ ਕਾਰਨ ਦਹੇਜ ਪ੍ਰਥਾ ਹੈ, ਜੇਕਰ ਇਹ ਪ੍ਰਥਾ ਖਤਮ ਹੋ ਜਾਵੇ ਤਾਂ ਭਰੂਣ ਹੱਤਿਆ ਵੀ ਖਤਮ ਹੋ ਜਾਵੇਗੀ। ਉਹਨਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਹਰ ਰੋਜ਼ 50-60 ਕਿਲੋਮੀਟਰ ਦਾ ਸਫਰ ਤੈਅ ਕਰਦੇ ਹਨ। ਉਹਨਾਂ ਦਾ ਬਸੇਰਾ ਗੁਰਦੁਆਰੇ, ਮੰਦਰ ਜਾਂ ਆਰਮੀ ਦੇ ਕੈਂਟ ਹੁੰਦੇ ਹਨ। ਸਾਇੰਸ ਅਤੇ ਸੂਚਨਾ ਤਕਨਾਲੋਜੀ ਦੇ ਇਸ ਦੌਰ ਵਿੱਚ ਵੀ ਉਹ ਕੋਈ ਮੋਬਾਈਲ ਫ਼ੋਨ ਨਹੀਂ ਰੱਖਦੇ, ਉਹਨਾਂ ਦਾ ਕੋਈ ਬੈਂਕ ਅਕਾਊਂਟ ਵੀ ਨਹੀਂ ਹੈ ਅਤੇ ਇੱਕ ਸੰਨਿਆਸੀ ਵਾਂਗੂੰ ਆਪਣੀ ਯਾਤਰਾ ਕਰਦੇ ਹਨ । ਉਹਨਾਂ ਨੇ ਕੈਡਿਟਾਂ ਨੂੰ ਦੱਸਿਆ ਕਿ ਆਰਮੀ ਨੇ ਇਕ ਸੰਸਥਾ ਦੇ ਤੌਰ 'ਤੇ ਉਨ੍ਹਾਂ ਦੀ ਇਸ ਉਦੇਸ਼ ਵਿੱਚ ਬਹੁਤ ਸਹਾਇਤਾ ਕੀਤੀ ਹੈ। ਇਸ ਮੌਕੇ ਕਮਾਂਡਿੰਗ ਅਫਸਰ ਕਰਨਲ ਵਿਨੋਦ ਜੋਸ਼ੀ ਨੇ ਵੀ ਕੈਡਿਟਾਂ ਸਾਹਮਣੇ ਆਪਣੇ ਵਿਚਾਰ ਰੱਖੇ। ਕੈਡਿਟਾਂ ਦੇ ਵੱਡੇ ਇਕੱਠ ਵਿੱਚ ਇਤਿਹਾਸ ਵਿਭਾਗ ਦੇ ਮੁਖੀ ਡਾ. ਸੁਮਨ ਚੋਪੜਾ, ਐਨ ਸੀ ਸੀ ਦੇ ਇੰਚਾਰਜ ਡਾ. ਕਰਨਬੀਰ ਸਿੰਘ, ਐਨ.ਐਸ.ਐਸ. ਪ੍ਰੋਗਰਾਮ ਅਫਸਰ ਡਾ. ਅਮਨਦੀਪ ਕੌਰ ਅਤੇ ਆਰਮੀ ਦੇ ਜਵਾਨ ਵੀ ਹਾਜ਼ਰ ਸਨ।

## ਕਰਮ ਸਿੰਘ ਧਨੋਆ ਨੇ ਅਹੁਦਾ ਲੈਣ ਤੋਂ ਕੀਤਾ ਇਨਕਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵਿਚ ਸ਼ਾਮਲ ਸਮੂਹ ਜਥੇਬੰਦੀਆਂ ਦੇ ਆਗੂ ਸਾਹਿਬਾਨਾਂ ਨੂੰ ਇਸ ਪ੍ਰੈਸ ਬਿਆਨ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਕੁਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਸੂਬਾ ਪੱਧਰ ਉੱਤੇ ਰਿਟਾਇਰੀ ਵਿੰਗ (ਐਕਸ ਇੰਪਲਾਈਜ ਵਿੰਗ ) ਬਣਾਇਆ ਗਿਆ ਹੈ। ਉਸ ਲਿਸਟ ਵਿਚ ਸੀਰੀਅਲ ਨੰਬਰ 102 ਉਤੇ ਮੇਰਾ ਨਾਂ ਕਰਮ ਸਿੰਘ ਧਨੋਆ ਨੂੰ ਜ਼ਿਲ੍ਹਾ ਮੁਹਾਲੀ ਦਾ ਸਕੱਤਰ ਲਿਖਿਆ ਹੋਇਆ ਹੈ। ਜਦੋਂ ਕਿ ਆਮ ਆਦਮੀ ਪਾਰਟੀ ਵਲੋਂ ਮੇਰੇ ਨਾਲ ਕੋਈ ਸੰਪਰਕ ਨਹੀਂ ਕੀਤਾ ਗਿਆ ਅਤੇ ਨਾ ਹੀ ਮੈਨੂੰ ਇਸ ਸਬੰਧੀ ਕੋਈ ਪਹਿਲਾਂ ਜਾਣਕਾਰੀ ਸੀ। ਆਮ ਆਦਮੀ ਪਾਰਟੀ ਵੱਲੋਂ ਮੈਨੂੰ ਜੋ ਅਹੁਦਾ ਦਿੱਤਾ ਗਿਆ ਹੈ ਮੈਂ ਉਸ ਨੂੰ ਮੁੱਢੋਂ ਰੱਦ ਕਰਦਾ ਹਾਂ। ਮੈਂ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਮੈਂ ਅੱਜ ਤੱਕ ਕਿਸੇ ਵੀ ਸਿਆਸੀ ਪਾਰਟੀ ਦਾ ਮੁਢਲਾ ਮੈਂਬਰ ਤੱਕ ਵੀ ਨਹੀਂ ਬਣਿਆ ਹਾਂ, ਅਹੁਦਾ ਲੈਣਾ ਤਾਂ ਬਹੁਤ ਦੂਰ ਦੀ ਗੱਲ ਹੈ। ਇਸ ਨੂੰ ਸਮੂਹ ਜਥੇਬੰਦੀਆਂ ਦੇ ਆਗੂ ਨੋਟ ਕਰ ਲੈਣ ਅਤੇ ਮੇਰੇ ਉੱਤੇ ਵਿਸ਼ਵਾਸ ਕੀਤਾ ਜਾਵੇ। ਜੇਕਰ ਫਿਰ ਵੀ ਕਿਸੇ ਸਾਥੀ ਨੂੰ ਸ਼ੰਕਾ ਹੋਵੇ ਉਹ ਮੇਰੇ ਨਾਲ ਫੋਨ 'ਤੇ ਸੰਪਰਕ ਕਰ ਸਕਦਾ ਹੈ।

1-Fab-PAGE-9.qxd 1/31/2024 10:40 PM Page 1



# ਕਾਮਰੇਡ ਨਰੰਜਣ ਸਿੰਘ ਸੁੱਜੋਂ ਦੀ ਛੇਵੀਂ ਬਰਸੀ ਮਨਾਉਣ ਲਈ ਮੀਟਿੰਗ



**ਬਹਿਰਾਮ (ਅਵਤਾਰ ਕਲੇਰ)**- ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜ਼ਿਲ੍ਹਾ ਕੌਂਸਲ ਵਲੋਂ ਆਪਣੇ ਮਰਹੂਮ ਆਗੂ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੀ ਛੇਵੀਂ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਸੁੱਜੋਂ ਵਿਖੇ ਮਨਾਉਣ ਲਈ ਉਨ੍ਹਾਂ ਦੇ ਬੇਟੇ ਕਾਮਰੇਡ ਨਰਿੰਦਰ ਸਿੰਘ ਸੁੱਜੋਂ ਦੀ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਕਾਮਰੇਡ ਬਰਾੜ ਨੇ ਮੌਜੂਦਾ ਹਾਲਾਤ ਵਿੱਚ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੇ ਸੱਚੇ ਸੁੱਚੇ, ਸੰਘਰਸ਼ਮਈ ਜੀਵਨ ਸਰਗਰਮੀਆਂ ਤੋਂ ਸੇਧ ਲੈਣ ਦੀ ਲੋੜ ਹੈ। ਅੱਜ ਹਾਲਾਤ ਉਸ ਸਮੇਂ ਤੋਂ ਵੀ ਜ਼ਿਆਦਾ ਖਰਾਬ ਹਨ। ਅੱਜ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਕਾਹਲੀ ਭਾਜਪਾ ਦੀ ਨਰਿੰਦਰ ਮੋਦੀ ਦੀ ਸਰਕਾਰ ਪੱਬਾਂ ਭਾਰ ਹੋਈ ਪਈ ਹੈ। ਇਸ ਨੂੰ ਰੋਕਣ ਲਈ ਕਾਮਰੇਡ ਨਰੰਜਣ ਸਿੰਘ ਦੇ ਪਾਏ ਪੂਰਨਿਆਂ ਤੇ ਚੱਲਣਾ ਪਵੇਗਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਸੰਵਿਧਾਨ ਦੀ ਧਰਮ ਨਿਰਪੱਖਤਾ 'ਤੇ ਹਮਲੇ ਕੀਤੇ ਜਾ ਰਹੇ ਹਨ। ਸਰਕਾਰੀ ਅਦਾਰਿਆਂ ਜਿਵੇਂ ਰੇਲਵੇ, ਏਅਰਪੋਰਟ, ਏਅਰ ਇੰਡੀਆ,ਐਲ ਆਈ ਸੀ ਆਦਿ ਨੂੰ ਅਡਾਨੀਆ, ਅੰਬਾਨੀਆ ਵਰਗੇ ਕਾਰਪੋਰੇਟ ਘਰਾਣਿਆਂ ਨੂੰ ਵੇਚਿਆ ਜਾ ਰਿਹਾ ਹੈ। ਇੱਕ ਧਰਮ ਵਿਸ਼ੇਸ਼ ਨੂੰ ਉਤਸ਼ਾਹਿਤ ਕਰਕੇ ਸੱਤਾ 'ਤੇ ਕਾਬਜ਼ ਹੋਣ ਲਈ ਰਾਜਨੀਤੀ ਵਿਚ ਵਰਤਿਆ ਜਾ ਰਿਹਾ ਹੈ। ਜਦ ਕਿ ਸੰਵਿਧਾਨ ਅਨੁਸਾਰ ਸਟੇਟ ਦਾ ਕੋਈ ਧਰਮ ਨਹੀਂ ਹੋਵੇਗਾ। ਛੋਟੀਆਂ - ਛੋਟੀਆਂ ਬੱਚੀਆਂ ਨਾਲ ਬਲਾਤਕਾਰ ਦੇ ਕੇਸਾਂ ਵਿੱਚ ਇਸ ਦੇ ਕਈ ਅਹੁਦਿਆਂ 'ਤੇ ਬੈਠੇ ਲੋਕ ਸ਼ਾਮਲ ਹਨ। ਫਿਰ ਵੀ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਜੁਮਲੇ ਛੱਡੇ ਜਾ ਰਹੇ ਹਨ। ਮਨੀਪੁਰ ਦੀ ਘਟਨਾ ਅਤੇ ਬਿਲਕਸ ਬਾਨੋ ਕਾਂਡ ਦੇ ਦੋਸ਼ੀਆਂ ਨੂੰ ਰਿਹਾਅ ਕਰਕੇ ਹਾਰਾਂ ਨਾਲ ਸਨਮਾਨਿਤ ਕਰਨ ਦੀ ਘਟਨਾ ਨੇ ਪੂਰੀ ਦੁਨੀਆ ਵਿੱਚ ਭਾਰਤ ਨੂੰ ਸ਼ਰਮਸਾਰ ਕੀਤਾ ਹੈ ਪਰ ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਵੱਲੋਂ ਭਾਜਪਾ ਦੀ ਅਗਵਾਈ ਹੇਠ ਗੁਜਰਾਤ ਸਰਕਾਰ ਨੂੰ ਉਨ੍ਹਾਂ ਦਰਿੰਦਿਆਂ ਨੂੰ ਛੱਡਣ ਲਈ ਲਾਹਣਤ ਪਾਉਂਦਿਆਂ ਮੁੜ ਜੇਲ੍ਹ ਵਿੱਚ ਬੰਦ ਕਰ ਕੇ ਜੁਡੀਸ਼ਰੀ ਦਾ ਸਿਰ ਉੱਚਾ ਕੀਤਾ ਹੈ। ਕਿਸਾਨ ਅੰਦੋਲਨ ਨੂੰ ਮੁਲਤਵੀ ਕਰਾਉਣ ਲਈ ਕਿਸਾਨਾਂ ਨਾਲ ਕੀਤੇ ਵਾਅਦਿਆਂ ਵਿੱਚੋਂ ਇੱਕ ਵੀ ਪੂਰਾ ਨਹੀਂ ਕੀਤਾ। ਕਿਸਾਨ, ਮੁਲਾਜ਼ਮ, ਮਜ਼ਦੂਰ ਸਾਰਿਆਂ ਦਾ ਮਹਿਗਾਈ, ਬੇਰੁਜ਼ਗਾਰੀ ਭ੍ਰਿਸ਼ਟਾਚਾਰ ਨੇ ਜੀਣਾ ਦੁੱਭਰ ਕੀਤਾ ਹੋਇਆ ਹੈ। ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦਾ ਕੋਈ ਯਤਨ ਨਹੀਂ ਕੀਤਾ ਜਾ ਰਿਹਾ ਸਗੋਂ ਇਹ ਮੁੱਦੇ ਦਫ਼ਨਾ ਦਿੱਤੇ ਗਏ ਹਨ। ਸੋ ਆਓ ਅਜੋਕੇ ਹਿਟਲਰ ਦੇ ਰਾਜ ਤੋਂ ਛੁਟਕਾਰਾ ਪਾਉਣ ਲਈ ਕਾਮਰੇਡ ਨਰੰਜਣ ਸਿੰਘ ਜੀ ਦੇ ਪਾਏਂ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕਰੀਏ। ਅਤੇ ਸੰਯੁਕਤ ਕਿਸਾਨ ਮੋਰਚੇ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਦਿੱਤੇ ਸੋਲਾਂ ਫਰਵਰੀ ਦੇ ਭਾਰਤ ਬੰਦ ਦੇ ਪ੍ਰੋਗਰਾਮ ਨੂੰ ਕਾਮਯਾਬ ਕਰੀਏ। ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਨਰੰਜਣ ਦਾਸ ਮੇਹਲੀ, ਨਵਾਂਸ਼ਹਿਰ ਦੇ ਬਲਾਕ ਸਕੱਤਰ ਕਾਮਰੇਡ ਮੁਕੰਦ ਲਾਲ, ਬਲਾਚੌਰ ਦੇ ਸਕੱਤਰ ਕਾਮਰੇਡ ਪਰਵਿੰਦਰ ਕੁਮਾਰ ਮੇਨਕਾ, ਜਸਵਿੰਦਰ ਸਿੰਘ ਭੰਗਲ, ਇਸਤਰੀ ਸਭਾ ਦੀ ਪ੍ਰਧਾਨ ਕਾਮਰੇਡ ਗੁਰਬਖਸ਼ ਕੌਰ ਰਾਹੋਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਾਮਰੇਡ ਨਰਿੰਦਰ ਸਿੰਘ ਸੁੱਜੋਂ ਨੇ ਕਾਮਰੇਡ ਨਰੰਜਣ ਸਿੰਘ ਦੀ ਛੇਵੀਂ ਬਰਸੀ ਮੌਕੇ 11 ਫਰਵਰੀ ਨੂੰ ਪਿੰਡ ਸੁੱਜੋਂ ਵਿਖੇ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਹੁਸਨ ਲਾਲ ਮੇਹਲੀ, ਕਾਮਰੇਡ ਅਮਰਜੀਤ ਮੇਹਲੀ, ਕਾਮਰੇਡ ਸੰਤੋਖ ਪਾਲ, ਦਸੌਂਧਾ ਸਿੰਘ, ਧਰਮ ਪਾਲ ਸਿਆਣਾ, ਹਰਮੇਸ਼ ਲਾਲ ਸੋਧੀ, ਰਮੇਸ਼ ਬਿੱਲਾ, ਜੁਝਾਰ ਸਿੰਘ, ਸਤਨਾਮ ਸਿੰਘ ਚਾਹਲ, ਬੀਨਾ ਰਾਣੀ, ਜੋਗਿੰਦਰ ਸਿੰਘ ਚਣਕੋਈ, ਕਾਮਰੇਡ ਉਪਿੰਦਰ ਸਿੰਘ ਰਾਣਾ, ਜਸਵਿੰਦਰ ਲਾਲ, ਗੁਰਿੰਦਰ ਲਾਲ ਰਾਹੋਂ ਆਦਿ ਹਾਜ਼ਰ ਸ ਨ।

# ਸਰਕਾਰੀ ਆਈ ਟੀ ਆਈ ਆਦਮਪੁਰ ਦੀ ਬਿਹਤਰੀ ਲਈ ਮੈਨੇਜਮੈਂਟ ਕਮੇਟੀ ਵੱਲੋਂ ਪਲੇਠੀ ਮੀਟਿੰਗ



**ਜਲੰਧਰ, (ਸ਼ੈਲੀ ਐਲਬਰਟ)** ਸਰਕਾਰੀ ਆਈ.ਟੀ.ਆਈਂ ਵਿਖੇ ਆਧੁਨਿਕ ਤਕਨੀਕੀ ਦੀ ਮਸ਼ੀਨਰੀ ਮੁਹੱਈਆ ਕਰਵਾਉਣ ਅਤੇ ਉਦਯੋਗਾਂ ਦੀ ਮੰਗ ਅਨੁਸਾਰ ਨਵੇਂ ਕੋਰਸ ਸ਼ੁਰੂ ਕਰਨ ਦੇ ਮੰਤਵ ਤਹਿਤ ਸਰਕਾਰ ਵਲੋਂ ਗਠਿਤ ਸਰਕਾਰੀ ਆਈ.ਟੀ.ਆਈ. ਵਿਖੇ ਇੰਸਟੀਚਿਊਟ ਮੈਨੇਜਮੈਂਟ ਕਮੇਟੀ ਦੀ ਪਲੇਠੀ ਮੀਟਿੰਗ ਚੇਅਰਮੈਨ ਪ੍ਰਿਤਪਾਲ ਸਿੰਘ ਚਾਵਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ।

ਇਸ ਮੌਕੇ ਮੀਟਿੰਗ ਦੌਰਾਨ ਆਈ.ਟੀ.ਆਈ. ਨੂੰ ਗਰੇਡ-1 ਬਣਾਉਣ ਅਤੇ ਨਵੀਂ ਤਕਨੀਕ ਦੀ ਮਸ਼ੀਨਰੀ ਲਗਾਉਣ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਚੈਅਰਮੈਨ ਪ੍ਰਿਤਪਾਲ ਸਿੰਘ ਚਾਵਲਾ ਜੋ ਕਿ ਉੱਘੇ ਉਦਯੋਗਪਤੀ ਅਤੇ ਸਮਾਜ ਸੇਵੀ ਹਨ ਵੱਲੋਂ ਆਈ.ਟੀ.ਆਈ. ਦੀ ਬਿਹਤਰੀ ਲਈ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਗਿਆ ਜਿਸ ਨਾਲ ਇਲਾਕੇ ਦੀ ਨੌਜਵਾਨ ਪੀੜੀ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਹੋ ਸਕਣ।

ਉਨ੍ਹਾਂ ਕਿਹਾ ਕਿ ਆਈ.ਟੀ.ਆਈ. ਵਿਖੇ ਆਧੁਨਿਕ ਮਸ਼ੀਨਰੀ ਲਗਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਉਦਯੋਗਾਂ ਦੀ ਮੰਗ ਅਨੁਸਾਰ ਹੁਨਰ ਸਿਖਲਾਈ ਪ੍ਰਦਾਨ ਕਰਕੇ ਰੋਜ਼ਗਾਰ ਪ੍ਰਾਪਤੀ ਦੇ ਯੋਗ ਬਣਾਇਆ ਜਾ ਸਕੇ।

ਇਸ ਮੌਕੇ ਪ੍ਰਿੰਸੀਪਲ ਸ਼ਕਤੀ ਸਿੰਘ ਵੱਲੋਂ ਆਏ ਮੈਂਬਰਾਂ ਦਾ ਸਵਾਗਤ ਕਰਦਿਆਂ ਆਈ.ਟੀ.ਆਈ. ਦੀ ਸਟੇਟਸ ਰਿਪੋਰਟ ਵੀ ਸਾਂਝੀ ਕੀਤੀ ਗਈ । ਉਨ੍ਹਾਂ ਦੱਸਿਆ ਕਿ ਆਈ.ਟੀ.ਆਈ. ਦੀ ਬਿਹਤਰੀ ਲਈ ਕਮੇਟੀ ਮੈਂਬਰਾਂ ਅਤੇ ਸਮੂਹ ਸਟਾਫ ਵਲੋਂ ਮਿਲ ਕੇ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਤੇ ਕਮੇਟੀ ਦੇ ਬਾਕੀ ਅਹੁਦੇਦਾਰ ਉਦਯੋਗਪਤੀ ਰਮਨਪ੍ਰੀਤ ਸਿੰਘ ਚਾਵਲਾ, ਭੁਪਿੰਦਰ ਸਿੰਘ, ਤਰਨਬੀਰ ਸਿੰਘ, ਮੋਹਿੰਦਰ ਕੌਰ, ਗੁਰਮੇਲ ਸਿੰਘ ਜ਼ਿਲ੍ਹਾ ਰੋਜ਼ਗਾਰ ਅਫਸਰ ਜਲੰਧਰ, ਰਾਮ ਆਸਰਾ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਦਮਪੁਰ, ਮਨਜੀਤ ਸਿੰਘ ਟਰੇਨਿੰਗ ਅਫਸਰ, ਸੁਖਵਿੰਦਰਪਾਲ ਕੌਰ ਸੁਪਰਡੰਟ ਗਰੇਡ-1, ਪਰਮਜੀਤ ਸਿੰਘ ਟੋਕਰ, ਸੋਹਮ ਟੋਕਰ ਅਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ।

ਸਿੰਧੀਆ ਨੇ ਸੇਰਗਿੱਲ ਨੂੰ ਲਿੱਖੀ ਚਿੱਠੀ: ਆਦਮਪੁਰ ਤੋਂ ਦਿੱਲੀ, ਗੋਆ, ਜੈਪੁਰ ਅਤੇ ਕੋਲਕਾਤਾ ਲਈ ਉਡਾਣਾਂ ਜਲਦੀ ਸ਼ੁਰੂ ਹੋਣਗੀਆਂ।

# ਕੋਹੜ ਦਾ ਰੋਗ ਇਲਾਜਯੋਗ : ਸਿਵਲ ਸਰਜਨ



**ਮੋਹਾਲੀ, (ਗੁਰਜੀਤ ਬਿੱਲਾ )** : ਜ਼ਿਲ੍ਹਾ ਸਿਹਤ ਵਿਭਾਗ ਦੁਆਰਾ ਵਿਸ਼ਵ ਲੈਪਰੋਸੀ ਦਿਵਸ ਮੌਕੇ ਜ਼ਿਲ੍ਹਾ ਹਸਪਤਾਲ ਵਿਚ ਜਾਗਰੂਕਤਾ ਰੈਲੀ ਕੱਢੀ ਗਈ। ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਅਤੇ ਮੈਡੀਕਲ ਕਾਲਜ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਨੇ ਰੈਲੀ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਰੈਲੀ ਰਵਾਨਾ ਕਰਨ ਤੋਂ ਪਹਿਲਾਂ ਸਿਵਲ ਸਰਜਨ ਨੇ ਸੰਬੋਧਨ ਵਿਚ ਆਖਿਆ ਕਿ ਕੁਝ ਲੋਕ ਸਮਝਦੇ ਹਨ ਕਿ ਕੋਹੜ ਦਾ ਰੋਗ ਛੂਆ-ਛਾਤ ਵਾਲਾ ਰੋਗ ਹੈ ਅਤੇ ਕੋਹੜ ਪੀੜਤਾਂ ਕੋਲੋਂ ਦੂਰ ਰਹਿਣਾ ਤੇ ਉਨ੍ਹਾਂ ਦੇ ਅੰਗਾਂ ਨੂੰ ਛੂਹਣਾ ਨਹੀਂ ਚਾਹੀਦਾ ਪਰ ਇਹ ਬਿਲਕੁਲ ਗ਼ਲਤ ਧਾਰਨਾ ਹੈ ਕਿਉਂਕਿ ਇਹ ਛੂਤ ਦਾ ਰੋਗ ਨਹੀਂ ਹੈ ਅਤੇ ਇਸ ਬਿਮਾਰੀ ਦਾ ਇਲਾਜ ਪੂਰੀ ਤਰ੍ਹਾਂ ਸੰਭਵ ਹੈ। ਉਨ੍ਹਾਂ ਕਿਹਾ ਕਿ ਕੋਹੜ ਪੀੜਤਾਂ ਦੇ ਨੇੜੇ ਜਾਣ ਜਾਂ ਉਨ੍ਹਾਂ ਨਾਲ ਹੱਥ ਮਿਲਾਉਣ ਨਾਲ ਕੁਝ ਨਹੀਂ ਹੁੰਦਾ। ਕੋਹੜ ਦਾ ਰੋਗ ਵੀ ਹੋਰਨਾਂ ਬਿਮਾਰੀਆਂ ਜਿਹਾ ਹੀ ਹੈ ਅਤੇ ਇਸ ਦਾ ਡਾਕਟਰੀ ਇਲਾਜ ਕੀਤਾ ਜਾ ਸਕਦਾ ਹੈ ਜਿਸ ਨਾਲ ਹੁਣ ਤੱਕ ਲੱਖਾਂ ਮਰੀਜ਼ ਠੀਕ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਰੈਲੀ ਦਾ ਮਕਸਦ ਲੋਕਾਂ ਨੂੰ ਇਹੋ ਸੁਨੇਹਾ ਦੇਣਾ ਹੈ ਕਿ ਕੋਹੜ ਪੀੜਤ ਲੋਕ ਸਾਡੇ ਸਮਾਜ ਦਾ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਰੈਲੀ ਵਿਚ ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਨਾਹਰੇ ਲਾਉਂਦਿਆਂ ਲੋਕਾਂ ਨੂੰ ਕੋਹੜ ਬਾਰੇ ਜਾਣਕਾਰੀ ਦਿਤੀ।ਚਮੜੀ ਰੋਗਾਂ ਦੇ ਮਾਹਰ ਡਾ. ਜੈਅੰਤੀ ਬਤਰਾ ਨੇ ਕੋਹੜ ਰੋਗ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਕਿਹਾ ਕਿ ਕੋਹੜ ਪੀੜਤਾਂ ਨੂੰ ਸਾਵਧਾਨੀ ਜ਼ਰੂਰ ਵਰਤਣੀ ਚਾਹੀਦੀ ਹੈ ਜਿਵੇਂ ਪੀੜਤਾਂ ਨੂੰ ਆਪਣੇ ਹੱਥ ਗਰਮ ਭਾਂਡਿਆਂ ਜਾਂ ਹੋਰ ਗਰਮ ਚੀਜ਼ਾਂ ਤੋਂ ਦੂਰ ਰੱਖਣੇ ਚਾਹੀਦੇ ਹਨ, ਪੈਰਾਂ ਵਿਚ ਜੁੱਤੀ ਪਾਉਣੀ ਚਾਹੀਦੀ ਹੈ, ਪੌਸ਼ਟਿਕ ਖ਼ੁਰਾਕ ਖਾਣੀ ਚਾਹੀਦੀ ਹੈ। ਕੋਹੜ ਦੇ ਰੋਗ ਬਾਰੇ ਛੇਤੀ ਪਤਾ ਲੱਗ ਜਾਣ 'ਤੇ ਇਸ ਦਾ ਇਲਾਜ ਸੌਖਾ ਹੋ ਜਾਂਦਾ ਹੈ। ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਇਸ ਬਿਮਾਰੀ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਭਾਸ਼ ਕੁਮਾਰ, ਐਸ. ਐਮ.ਓ. ਡਾ. ਐਚ. ਐਸ. ਚੀਮਾ , ਡਾ. ਅਨੁਰਾਧਾ ਭਾਟੀਆ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਹਰਚਰਨ ਸਿੰਘ ਬਰਾੜ, ਐਨ.ਐਸ.ਐਸ. ਗੁਰਜਿੰਦਰ ਸਿੰਘ, ਐਸ.ਟੀ.ਆਈ. ਕੌਂਸਲਰ ਹਰਮਿੰਦਰ ਸਿੰਘ ਆਦਿ ਮੌਜੂਦ ਸਨ।

# ਆਰ ਐੱਮ ਪੀ ਆਈ ਨੇ ਮਹਾਤਮਾ ਗਾਂਧੀ ਦੇ ਸ਼ਹੀਦੀ ਦਿਹਾੜੇ ਨੂੰ ਸੰਕਲਪ ਦਿਵਸ ਵਜੋਂ ਮਨਾਇਆ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਮਹਾਤਮਾ ਗਾਂਧੀ ਦਾ ਸ਼ਹਾਦਤ ਦਿਵਸ ਸੰਕਲਪ ਦਿਸ ਵਜੋਂ ਮਨਾਇਆ ਗਿਆ। ਇਥੇ ਮੁਲਾਜਮ ਭਵਨ 'ਚ ਜਿਲ੍ਹਾ ਪ੍ਰਧਾਨ ਗਿਆਨ ਸਿੰਘ ਗੁਪਤਾ ਅਤੇ ਵਿੱਤ ਸਕੱਤਰ ਸਤਪਾਲ ਲੱਠ ਦੀ ਅਗਵਾਈ ਹੇਠ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪਾਰਟੀ ਦੇ ਵੱਡੀ ਗਿਣਤੀ ਸਮਰਥਕ ਅਤੇ ਹਮਦਰਦ ਸਾਮਲ ਹੋਏ, ਪਾਰਟੀ ਦੇ ਕੇਂਦਰੀ ਕਮੇਟੀ ਮੈਬਰ ਸਾਥੀ ਹਰਕੰਵਲ ਸਿੰਘ, ਸੂਬਾ ਕਮੇਟੀ ਮੈਂਬਰ ਸਾਥੀ ਸ਼ਿਵ ਕੁਮਾਰ ਅਮਰੋਹੀ ਅਤੇ ਮਾਸਟਰ (ਰਿਟਾ.) ਜੈ ਰਾਮ ਆਦਿ ਨੇ ਦੇਸ਼ ਦੀ ਮੌਜੂਦਾ ਰਾਜਨੀਤਕ, ਸਮਾਜਿਕ ਅਤੇ ਆਰਥਿਕਕ ਅਵਸਥਾ 'ਤੇ ਚਿੰਤਾ ਪ੍ਰਗਟ ਕੀਤੀ। ਬੁਲਾਰਿਆਂ ਨੇ ਮੌਜੂਦਾ ਫਾਸੀਵਾਦੀ ਅਤੇ ਵੰਡਪਾਊ ਤਾਕਤਾਂ ਖਿਲਾਫ ਇੱਕ ਜੁਟ ਹੋਣ ਦਾ ਸੱਦਾ ਦਿੱਤਾ। ਮਹਾਤਮਾ ਗਾਂਧੀ ਨੂੰ ਚੇਤੇ ਕਰਦਿਆਂ ਦੇਸ ਦੀ ਬਿਹਤਰੀ ਲਈ ਬੁਲਾਰਿਆਂ ਨੇ ਹਾਜਰੀਨ ਨੂੰ ਆਰ ਐਸ ਐਸ/ਭਾਜਪਾ ਦੀਆਂ ਕੇਂਦਰੀਕਰਨ, ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ ਤੋਂ ਚੌਕਸ ਕੀਤਾ। ਅਗਾਮੀ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ। ਅੱਜ ਦੇਸ਼ ਮਹਿੰਗਾਈ, ਬੇਰੁਜਗਾਰੀ ,ਭ੍ਰਿਸਟਾਚਾਰ, ਫਿਰਕਾਪ੍ਰਸਤੀ ਨਾਲ ਜੂਝ ਰਿਹਾ ਹੈ, ਮੋਦੀ ਸਰਕਾਰ ਧਰਮ ਵਿਸੇਸ ਦੇ ਲਬਾਦੇ ਹੇਠ ਆਪਣੀਆਂ ਨਾਕਾਮੀਆਂ 'ਤੇ ਪਰਦਾ ਪੈ ਕੇ ਲੋਕਾਂ ਨੂੰ ਵੰਡਣ ਦਾ ਕੰਮ ਕਰ ਰਹੀ ਹੈ। ਆਰ ਐਮ ਪੀ ਆਈ ਨੇ ਸੰਕਲਪ ਦਿਵਸ 'ਤੇ ਭਾਜਪਾ ਦੀਆਂ ਲੋਕ ਮਾਰੂ ਅਤੇ ਵੰਡ ਪਾਊ ਨੀਤੀਆਂ ਖਿਲਾਫ ਜਿਲ੍ਹੇ ਭਰ 'ਚ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ।

# ਯੂਨੀਅਨ ਦੀ ਅਹਿਮ ਬੈਠਕ 'ਚ ਇੱਕ ਮੈਂਬਰ ਮੁਲਤਵੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** -ਸਫਾਈ ਮਜ਼ਦੂਰ ਫੈਡਰੇਸ਼ਨ ਪੰਜਾਬ, ਨਗਰ ਨਿਗਮ ਹੁਸ਼ਿਆਰਪੁਰ ਦੀ ਯੂਨੀਅਨ ਦੇ ਪ੍ਰਧਾਨ ਰਾਜ ਹੰਸ ਨੇ ਮਿਤੀ 30-01-2024 ਨੂੰ ਆਪਣੇ ਕਰਮਚਾਰੀਆਂ ਨਾਲ ਇੱਕ ਸਰਬ ਸਾਂਝੀ ਮੀਟਿੰਗ ਕੀਤੀ। ਜਿਸ ਵਿੱਚ ਸਭ ਦੀ ਸਹਿਮਤੀ ਨਾਲ, ਯੂਨੀਅਨ ਦੇ ਮੈਂਬਰ ਕਮਲ ਭੱਟੀ ਜੋ ਕਿ ਆਊਟਸੋਰਸ ਟਿਊਬਵੈੱਲ ਆਪਰੇਟਰ ਦਾ ਕੰਮ ਕਰਦਾ ਹੈ, ਉਸ ਨੂੰ ਉਸ ਦੇ ਅਹੁਦੇ ਤੋਂ ਬਰਖਾਸਤ ਕੀਤਾ ਜਾਂਦਾ ਹੈ। ਇਸ ਮੌਕੇ ਯੂਨੀਅਨ ਦੇ ਪ੍ਰਧਾਨ ਰਾਜਾ ਹੰਸ ਨੇ ਕਿਹਾ ਕਿ ਸਫਾਈ ਮਜ਼ਦੂਰ ਫੈਡਰੇਸ਼ਨ ਪੰਜਾਬ, ਨਗਰ ਨਿਗਮ ਹੁਸ਼ਿਆਰਪੁਰ ਦੇ ਨਾਲ ਕਮਲ ਭੱਟੀ ਦਾ ਕੋਈ ਵੀ ਸਬੰਧ ਅਤੇ ਉਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੋਵੇਗਾ। ਇਸ ਮੌਕੇ ਪ੍ਰਧਾਨ ਰਾਜਾ ਹੰਸ, ਵਾਈਸ ਪ੍ਰਧਾਨ ਅਸ਼ਵਨੀ ਕੁਮਾਰ, ਦੀਪਕ ਕੁਮਾਰ ਮੱਟੂ, ਅਮਨ ਸਹੋਤਾ ਅਤੇ ਹੋਰ ਮੈਂਬਰ ਮੌਜੂਦ ਸਨ।

# 1094 ਵਰਗ ਗਜ਼ ਸਰਕਾਰੀ ਜ਼ਮੀਨ ਸੈਨ ਸਮਾਜ ਭਲਾਈ ਸਭਾ ਨੂੰ ਟ੍ਰਾਂਸਫਰ ਕਰਨ ਦੀ ਮੰਜ਼ੂਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ ਕੈਬਨਿਟ ਦੀ ਮੀਟਿੰਗ ਵਿੱਚ ਐਨ ਆਈ ਟੀ ਫਰੀਦਾਬਾਦ ਵਿੱਚ 1094 ਵਰਗ ਗਜ ਸਰਕਾਰੀ ਭੂਮੀ ਨੂੰ ਸੈਨ ਸਮਾਜ ਭਲਾਈ ਸਭਾ ਫਰੀਦਾਬਾਦ ਨੂੰ ਟ੍ਰਾਂਸਫਰ ਕਰਨ ਦੀ ਮੰਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਸਮਾਜਿਕ/ਧਾਰਮਿਕ/ਕੰਮਿਊਨਿਟੀ ਉਦੇਸ਼ਾਂ ਲਈ ਸਰਕਾਰੀ ਭੂਮੀ ਦੇ ਅਲਾਟ ਦੀ ਨੀਤੀ ਦੇ ਤਹਿਤ ਧਰਮਸ਼ਾਲਾ ਅਤੇ ਮੰਦਿਰ ਵਰਗੇ ਧਾਰਮਿਕ ਅਤੇ ਕੰਮਿਊਨਿਟੀ ਉਦੇਸ਼ਾਂ ਦੇ ਲਈ 915 ਵਰਗ ਮੀਟਰ ਭੂਮੀ ਦੇ ਅਲਾਟ ਲਈ ਸੋਸਾਇਟੀ ਦੀ ਅਪੀਲ ਤਹਿਤ ਕੀਤਾ ਗਿਆ ਹੈ। ਪ੍ਰਸਤਾਵਿਤ ਟ੍ਰਾਂਸਫਰ ਵਿੱਚ ਮਾਲ ਵਿਭਾਗ ਦੀ ਸਰਕਾਰੀ ਭੂਮੀ ਸ਼ਾਮਲ ਅਤੇ ਫੈਸਲਾ 12-02-2019 ਦੀ ਨੀਤੀ ਦੇ ਪੈਰਾ 8 ਅਨੁਰੂਪ ਹੈ। 1947 ਵਿਚ ਪੱਛਮੀ ਪੰਜਾਬ ਵਿਚ ਵਿਸਕਾਪਿਤ ਵਿਅਕਤੀਆਂ ਦੇ ਪੁਨਰਵਾਸ ਦੇ ਲਈ ਕੇਂਦਰ ਸਰਕਾਰ ਵੱਲੋਂ ਪੂਰਵਵਰਤੀ ਭੂਮੀ ਰਾਖਵਾਂ ਐਕਟ 1894 ਤਹਿਤ ਰਾਖਵਾਂ ਭੂਮੀ, ਹੁਣ ਸੈਨ ਸਮਾਜ ਭਲਾਈ ਸਭ, ਫਰੀਦਾਬਾਦ ਦੇ ਲਈ ਪੂਜਾ ਸਥਾਨ ਅਤੇ ਕੰਮਿਊਨਿਟੀ ਸਹੂਲਤਾਂ ਸਥਾਪਿਤ ਕਰਨ ਦੇ ਉਦੇਸ਼ ਨਾਲ ਦਿੱਤੀ ਗਈ ਹੈ। ਪ੍ਰਸ਼ਨਾਧੀਨ ਭੂਮੀ ਦਾ ਕਲੈਕਟਰ ਰੇਟ 17,000 ਰੁਪਏ ਪ੍ਰਤੀ ਵਰਗ ਗਜ ਹੈ ਅਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਕਲਸਟਰ ਦਰਾਂ ਦੀ 50% ਦੀ ਰਿਆਇਤੀ ਦਰ 'ਤੇ ਸਮਾਜ ਭਲਾਈ ਸਭਾ ਨੂੰ ਟ੍ਰਾਂਸਫਰ ਕੀਤਾ ਜਾਵੇਗਾ, ਜਿਸ ਦੀ ਕੁੱਲ ਲਾਗਤ 93,01,890 ਰੁਪਏ ਸਮਰੱਥ ਅਧਿਕਾਰੀ ਦੇ ਅਨੁਮੋਦਨ ਦੇ ਅਧੀਨ, ਵਿੱਤ ਵਿਭਾਗ ਨੇ ਪਹਿਲਾਂ ਹੀ ਆਪਣੀ ਸਹਿਮਤੀ ਪ੍ਰਦਾਨ ਕਰ ਦਿੱਤੀ ਹੈ। ਸੈਨ ਸਮਾਜ ਭਲਾਈ ਸਭਾ, ਫਰੀਦਾਬਾਦ, ਜੋ ਹਰਿਆਣਾ ਰਜਿਸਟ੍ਰੇਸ਼ਣ ਅਤੇ ਸੋਸਾਇਟੀ ਰੈਗੂਲੇਟਰੀ ਅਥਾਰਿਟੀ 2012 ਤਹਿਤ ਇਕ ਰਜਿਸਟਰਡ ਸੁਸਾਇਟੀ ਹੈ, ਨੇ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਵੱਲੋਂ ਨੋਟੀਫਾਇਡ ਸਰਕਾਰੀ ਭੂਮੀ ਦੇ ਅਲਾਟ ਲਈ ਨੀਤੀ ਵਿਚ ਵਰਨਣਯੋਗ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਟ੍ਰਾਂਸਫਰ ਦੀ ਮੰਗ ਕੀਤੀ ਹੈ।

# ਕੰਨਿਆ ਸਕੂਲ ਮਹਿਤਪੁਰ ਵਿਖੇ ਬਲਾਕ ਪੱਧਰੀ ਵਿਗਿਆਨ ਪ੍ਰਦਰਸਨੀ



ਮਹਿਤਪੁਰ (ਰਾਜਾ) ਸਿੱਖਿਆ ਵਿਭਾਗ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸਾਂ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਬਲਾਕ ਪੱਧਰੀ ਵਿਗਿਆਨ ਪ੍ਰਦਰਸਨੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਲਾਕ ਨਕੋਦਰ -1 ਦੇ ਸਮੂਹ ਮਿਡਲ, ਹਾਈ ਅਤੇ ਸੀਨਿਅਰ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ। ਇਹਨਾਂ ਮੁਕਾਬਲਿਆਂ ਵਿੱਚ 6ਵੀਂ ਤੋਂ 8ਵੀਂ ਕਲਾਸ ਵਰਗ ਅਤੇ 9ਵੀਂ ਤੋਂ 10ਵੀਂ ਕਲਾਸ ਵਰਗ ਦੇ ਵਿਦਿਆਰਥੀਆਂ ਵੱਲੋਂ ਵਿਗਿਆਨ ਦੇ 5 ਵਿਸ਼ਿ?ਆਂ ਉੱਤੇ ਅਧਾਰਿਤ ਮਾਡਲ ਪੇਸ ਕੀਤੇ ਗਏ। 9ਵੀਂ ਤੋਂ 10ਵੀਂ ਕਲਾਸ ਵਰਗ ਵਿੱਚ ਸ ਸ ਸ ਸ ਸੰਗੋਵਾਲ, ਸ ਹ ਸ ਸਿੰਘਪੁਰ ਬੇਟ, ਸ ਸ ਸ ਸ ਮਹਿਤਪੁਰ, ਸ ਹ ਸ ਹਰੀਪੁਰ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। 6ਵੀਂ ਤੋਂ 8ਵੀਂ ਕਲਾਸ ਵਰਗ ਵਿੱਚ ਸ ਸ ਸ ਸ ਮਹਿਤਪੁਰ, ਸ ਹ ਸ ਹਰੀਪੁਰ, ਸ ਮ ਸ ਮਾਲੋਵਾਲ, ਸ ਮ ਸ ਰਾਇਪੁਰ ਗੁੱਜਰਾਂ, ਸ ਮ ਸ ਨਵਾਂ ਪਿੰਡ ਅਕਾਲੀਆਂ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੇ ਪ੍ਰਿੰਸੀਪਲ ਹਰਜੀਤ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਜ਼ਿ?ਲ੍ਹਾ ਪੱਧਰੀ ਵਿਗਿਆਨ ਪ੍ਰਦਰਸਨੀ ਵਿੱਚ ਹਿੱਸਾ ਲੈਣਗੇ। ਉਹਨਾਂ ਨੇ ਵੱਖ ਵੱਖ ਸਕੂਲਾਂ ਤੋਂ ਆਏ ਹੋਏ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਸਾਰੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਟਾਫ ਮੈਂਬਰਾਂ ਦਾ ਵੀ ਸੁਕਰੀਆ ਅਦਾ ਕੀਤਾ।

# ਕਿਸਾਨ ਆਗੂ ਸਤਨਾਮ ਸਿੰਘ ਸਾਬੀ ਦੇ ਭਰਾ ਦਾ ਦੇਹਾਂਤ, ਵੱਖ-ਵੱਖ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਬਲਾਕ ਪ੍ਰਧਾਨ ਸੁਲਤਾਨਪੁਰ ਲੋਧੀ ਸਤਨਾਮ ਸਿੰਘ ਸਾਬੀ ਤਲਵੰਡੀ ਚੌਧਰੀਆਂ ਜਿਨ੍ਹਾਂ ਦੇ ਭਰਾ ਸੁਖਦੇਵ ਸਿੰਘ 45 ਸਾਲ ਦੀ ਉਮਰ @ਚ ਅਚਾਨਕ ਇਸ ਦੁਨੀਆਂ ਤੋਂ ਚਲੇ ਗਏ ਨੇ ਦੇ ਨਾਲ ਸਮਾਜ ਦੇ ਹਰ ਹਰ ਖਿੱਤੇ ਤੋਂ ਰਾਜਸੀ ਤੇ ਸਮਾਜਿਕ ਆਗੂ ਦੁੱਖ ਸਾਂਝਾ ਕਰ ਰਹੇ ਹਨ।

ਇਸ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਅਤੇ ਨੇਤਾਵਾਂ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਵਿਚ ਸ਼ਾਮਿਲ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਬਲਵਿੰਦਰ ਸਿੰਘ ਭੁੱਲਰ ਕਿਰਤੀ ਕਿਸਾਨ ਯੂਨੀਅਨ, ਰਸ਼ਪਾਲ ਸਿੰਘ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਪੰਜਾਬ , ਰਾਜਿੰਦਰ ਸਿੰਘ ਰਾਣਾ ਐਡਵੋਕੇਟ ਕਨਵੀਨਰ ਸੰਯੁਕਤ ਕਿਸਾਨ ਮੋਰਚਾ , ਨਰਿੰਦਰ ਸਿੰਘ ਸੋਨੀਆਂ ਸਰਪ੍ਰਸਤ ਸਾਹਿਤ ਸਭਾ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਮੁਖਤਿਆਰ ਸਿੰਘ ਚੰਦੀ ਸਕੱਤਰ , ਹਰਜਿੰਦਰ ਸਿੰਘ ਰਾਣਾ ਸੈਦੋਵਾਲ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧੰਨੇਰ, ਧਰਮਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਅਮਰਜੀਤ ਸਿੰਘ ਟਿੱਬਾ ਕਾਰਜਕਾਰੀ ਪ੍ਰਧਾਨ ਆਲ ਇੰਡੀਆ ਕਿਸਾਨ ਸਭਾ , ਗੁਰਦੀਪ ਸਿੰਘ ਭੰਡਾਲ ਕਿਸਾਨ ਮਜ਼ਦੂਰ ਸਘੰਰਸ ਕਮੇਟੀ ਬਾਗੀ , ਨਿਰਮਲ ਸਿੰਘ ਸ਼ੇਰ ਪੁਰ ਸੱਧਾ, ਕਾ? ਬਲਦੇਵ ਸਿੰਘ ਭਾਰਤ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ, ਬਲਵਿਦਰ ਸਿੰਘ ਬਾਜਵਾ ਕਿਰਤੀ ਕਿਸਾਨ ਯੂਨੀਅਨ, ਤਰਸੇਮ ਸਿੰਘ ਬੰਨੇਮਲ ਜਨਰਨਲ ਸਕੱਤਰ ਕਿਰਤੀ ਕਿਸਾਨ ਯੂਨੀਅਨ, ਮੁਕੰਦ ਸਿੰਘ ਕੁੱਲ ਹਿੰਦ ਕਿਸਾਨ ਸਭਾ, ਮਾਸਟਰ ਚਰਨ ਸਿੰਘ ਹੈਬਤਪੁਰ ਕੁੱਲ ਹਿੰਦ ਕਿਸਾਨ ਸਭਾ , ਸੁਰਜੀਤ ਸਿੰਘ ਟਿੱਬਾ ਸਰਵਣ ਸਿੰਘ ਕਰਮਜੀਤਪੁਰ , ਤਰਲੋਕ ਸਿੰਘ ਭਬਿਆਣਾ ਫਗਵਾੜਾ , ਜਨਰਲ ਸਕੱਤਰ ਕੁੱਲ ਹਿੰਦ ਕਿਸਾਨ ਸਭਾ, ਰਘਬੀਰ ਸਿੰਘ ਮਹਿਰਵਾਲਾ ਕੇ ਐਲ ਕੌਸ਼ਲ ਏਟਕ, ਪ੍ਰਤਾਪ ਸਿੰਘ ਮੋਮੀ ਪੈਨਸ਼ਨਰ ਯੂਨੀਅਨ , ਹਰਵੰਤ ਸਿੰਘ ਵੜੈਚ ਨੰਬਰਦਾਰ ਯੂਨੀਅਨ , ਜੁਗਿੰਦਰ ਸਿੰਘ ਬਿੰਦ ਅਤੇ ਹੋਰ ਵੀ ਜਥੇਬੰਦੀਆਂ ਦੇ ਆਗੂ ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਨੇ ਸਤਨਾਮ ਸਿੰਘ ਸਾਬੀ ਤਲਵੰਡੀ ਚੌਧਰੀਆਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

# ਤਰਕਸ਼ੀਲ ਆਗੂਆਂ ਖਿਲਾਫ ਦਰਜ ਮੁਕੱਦਮਿਆਂ ਨੂੰ ਖਾਰਜ ਕਰਨ ਦੀ ਮੰਗ

**ਸ਼ਾਹਕੋਟ(ਗਿਆਨ ਸੈਦਪੁਰੀ)**ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੇ ਆਗੂਆਂ ਸੁਰਜੀਤ ਦੌਧਰ ਅਤੇ ਭੁਪਿੰਦਰ ਫੌਜੀ ਉੱਪਰ ਦਰਜ ਕੀਤੇ ਮੁਕੱਦਮਿਆਂ ਨੂੰ ਕਈ ਜਥੇਬੰਦੀਆਂ ਨੇ ਖਾਰਜ ਕਰਨ ਦੀ ਮੰਗ ਕੀਤੀ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ)ਇਕਾਈ ਸਾਹਕੋਟ ਦੇ ਮੁਖੀ ਮਨਜੀਤ ਸਿੰਘ ਮਲਸੀਆਂ,ਬਿੱਟੂ ਰੁਪੇਵਾਲੀ,ਹਰਜਿੰਦਰ ਤੇ ਸੁਖਵਿੰਦਰ ਬਾਗਪੁਰ,ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਜ਼ਿ?ਲ੍ਹਾ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਕੋਟਲੀ,ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਇਲਾਕਾ ਪ੍ਰਧਾਨ ਹਰਪਾਲ ਬਿੱਟੂ ਤੇ ਸਕੱਤਰ ਸੁਖਜਿੰਦਰ ਲਾਲੀ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿ?ਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ ਨੇ ਜਾਰੀ ਕੀਤੇ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਕਿ ਕੇਂਦਰ ਦੀ ਭਾਜਪਾ ਅਤੇ ਸੂਬੇ ਦੀ ਆਪ ਸਰਕਾਰ 295 ਏ ਦੀ ਧਾਰਾ ਦੀ ਨਜਾਇਜ ਵਰਤੋ ਕਰਕੇ ਸਰਕਾਰਾਂ ਦੀਆਂ ਗਲਤ ਤੇ ਲੋਕ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਨ ਵਾਲਿਆਂ ਦੀ ਜੁਬਾਨਬੰਦੀ ਕਰ ਰਹੀਆਂ ਹਨ। ਉਨ੍ਹਾਂ ਸਰਕਾਰਾਂ ਦੀ ਇਸ ਕਾਰਵਾਈ ਨੂੰ ਤਰਕਸ਼ੀਲ ਕਾਰਕੁੰਨਾਂ,ਜਮਹੂਰੀ ਹੱਕਾਂ ਦੇ ਪਹਿਰੇਦਾਰਾਂ,ਲੇਖਕਾਂ ਅਤੇ ਸੱਚ ਫੈਲਾਉਣ ਵਾਲੇ ਅਗਾਹਵਧੂ ਪੱਤਰਕਾਰਾਂ ਖਿਲਾਫ ਇਕ ਗਿਣੀ ਮਿਥੀ ਸਾਜਿਸ ਕਰਾਰ ਦਿੰਦੇ ਕਿਹਾ ਕਿ ਪੁਲੀਸ ਅਕਸਰ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ ਸਮਾਜ ਨੂੰ ਚੇਤਨ ਕਰਨ ਵਾਲਿਆਂ ਖਿਲਾਫ ਕੇਸ ਦਰਜ ਕਰ ਦਿੰਦੀ ਹੈ। ਉਨ੍ਹਾਂ ਕਿਹਾ ਕਿ ਪੁਲੀਸ ਦੀ ਅਜਿਹੀ ਕਾਰਵਾਈ ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਨਾਗਰਿਕਾਂ ਨੂੰ ਮਿਲੇ ਵਿਚਾਰ ਪ੍ਰਗਟ ਕਰਨ ਦੇ ਅਧਿਕਾਰਾਂ ਉੱਪਰ ਡਾਕਾ ਮਾਰਨ ਬਰਾਬਰ ਹੈ। ਉਨ੍ਹਾਂ ਸਮੂਹ ਇਨਸਾਫ ਪਸੰਦ ਤੇ ਜਮਹੂਰੀ ਹੱਕਾਂ ਦੇ ਪਹਿਰੇਦਾਰਾਂ ਨੂੰ ਸਰਕਾਰਾਂ ਦੀ ਇਸ ਕਾਰਵਾਈ ਵਿਰੁੱਧ ਜੋਰਦਾਰ ਅਵਾਜ ਬੁਲੰਦ ਕਰਨ ਦਾ ਸੱਦਾ ਦਿਤਾ।

# ਲੁੱਟ-ਖੋਹ ਦੇ ਮੁਕੱਦਮੇ 'ਚ ਭਗੌੜਾ ਗ੍ਰਿਫਤਾਰ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** – ਸ੍ਰੀ ਮੁਖਵਿੰਦਰ ਸਿੰਘ ਭੁੱਲਰ ਪੀ.ਪੀ.ਐਸ, ਸੀਨੀਅਰ ਪੁਲਿਸ ਕਪਤਾਨ, ਜਲੰਧਰ (ਦਿਹਾਤੀ) ਵਲੋਂ ਦਿੱਤੇ ਗਏ ਦਿਸਾ ਨਿਰਦੇਸ ਅਨੁਸਾਰ ਭਗੋੜੇ ਦੋਸੀਆ ਖਿਲਾਫ ਚਲਾਈ ਗਈ ਵਿਸੇਸ ਮੁਹਿੰਮ ਤਹਿਤ ਸ੍ਰੀਮਤੀ ਜਸਰੂਪ ਕੋਰ ਬਾਠ ਆਈ. ਪੀ. ਐਸ. ਪੁਲਿਸ ਕਪਤਾਨ (ਇੰਨਵੈਸਟੀਗੇਸਨ) ਅਤੇ ਸ੍ਰੀ ਸੁਮਿਤ ਸੂਦ ਪੀ. ਪੀ. ਐਸ. ਉਪ ਪੁਲਿਸ ਕਪਤਾਨ ਸਬ-ਡਵੀਜਨ ਆਦਮਪੁਰ ਦੀ ਯੋਗ ਅਗਵਾਈ ਹੇਠ ਇੰਸਪੈਕਟਰ ਬਲਜੀਤ ਸਿੰਘ ਹੁੰਦਲ ਮੁੱਖ ਅਫਸਰ ਥਾਣਾ ਭੋਗਪੁਰ ਦੀ ਪੁਲਿਸ ਪਾਰਟੀ ਵਲੋ ਖੋਹ ਦੇ ਮੁਕੱਦਮੇ ਦਾ ਭਗੋੜਾ ਦੋਸੀ ਕੀਤਾ ਗ੍ਰਿਫਤਾਰ

ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸ੍ਰੀ ਸੁਮਿਤ ਸੂਦ ਪੀ. ਪੀ. ਐਸ, ਉੱਪ ਪੁਲਿਸ ਕਪਤਾਨ ਸਬ-ਡਵੀਜਨ ਆਦਮਪੁਰ ਨੇ ਦੱਸਿਆ ਕਿ ਕਾਬਲ ਸਿੰਘ ਥਾਣਾ ਭੋਗਪੁਰ ਵਲੋਂ ਮੁ:ਨੰ 183 ਮਿਤੀ 10.11.2018 ਅ/ਧ 379-ਬੀ, 482 ਭ.ਦ ਥਾਣਾ ਭੋਗਪੁਰ ਜਲੰਧਰ ਵਿੱਚ ਬਾ ਅਦਾਲਤ ਸ੍ਰੀ ਧਰਮਿੰਦਰ ਪਾਲ ਸਿਗੰਲਾ ਜਲੰਧਰ ਵਲੋਂ ਮਿਤੀ 14.11.22 ਨੂੰ ਪੀ. ਉ 299 ਜ:ਫ ਤਹਿਤ ਭਗੌੜਾ ਘੋਸ਼ਿ?ਤ ਦੋਸੀ ਸੁਖਜਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਬੋਪਾਰਾਏ ਥਾਣਾ ਭੁਲੱਥ ਜਿਲਾ ਕਪੂਰਥਲਾ ਨੂੰ ਮਿਤੀ 29.01.24 ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਸ ਨੂੰ ਅੱਜ ਪੇਸ ਅਦਾਲਤ ਕੀਤਾ ਜਾ ਰਿਹਾ ਹੈ।

# ਸੀ ਪੀ ਵੱਲੋਂ ਸ਼ੁਰੂ ਕੀਤੀ ਗਈ ਈ ਆਰ ਐੱਸ ਨੇ ਕੱਸੀ ਅਪਰਾਧੀਆਂ 'ਤੇ ਨਕੇਲ



**ਜਲੰਧਰ,( ਸ਼ੈਲੀ ਐਲਬਰਟ)** :-ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਟ੍ਰੈਫਿਕ ਸਟਾਫ਼ ਅਤੇ ਪੀ.ਸੀ.ਆਰ. ਨੂੰ ਜੋੜ ਕੇ ਗਠਿਤ ਕੀਤੀ ਐਮਰਜੈਂਸੀ ਰਿਸਪਾਂਸ ਸਿਸਟਮ (ਈ.ਆਰ.ਐਸ.) ਅਪਰਾਧੀਆਂ ਤੇ ਨਕੇਲ ਕਸਣ ਵਿਚ ਅਹਿਮ ਸਾਬਿਤ ਹੋ ਰਿਹਾ ਹੈ ।

ਵੇਰਵੇ ਦਿੰਦੇ ਹੋਏ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਈਆਰਐਸ ਦੀ ਸ਼ੁਰੂਆਤ ਨੇ ਇੱਕ ਪਾਸੇ ਸ਼ਹਿਰ ਵਿੱਚ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਦੂਜੇ ਪਾਸੇ ਅਪਰਾਧੀਆਂ ਨੂੰ ਫੜਨ ਵਿੱਚ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਈਆਰਐਸ ਨੇ ਹਾਲ ਹੀ ਵਿੱਚ ਦੋ ਸਨੈਚਰਾਂ ਨੂੰ ਫੜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਜ਼ੈਬਰਾ 24 (ਏ.ਐਸ.ਆਈ. ਧਨੇਸ਼ ਕੁਮਾਰ ਅਤੇ ਜਗਵਿੰਦਰ ਸਿੰਘ ਦੀ ਅਗਵਾਈ ਹੇਠ) ਅਤੇ ਏ.ਐਸ.ਆਈ. ਹਰਬੰਸ ਸਿੰਘ ਦੀ ਅਗਵਾਈ ਹੇਠ ਰੋਮੀਓ 59 ਗੱਡੀਆਂ ਚੌਕਸੀ 'ਤੇ ਸਨ ਤਾਂ ਉਨ੍ਹਾਂ ਨੇ ਸ਼ਹਿਰ ਵਿੱਚ ਦੋ ਨੌਜਵਾਨਾਂ ਨੂੰ ਸ਼ੱਕੀ ਹਾਲਤ ਵਿੱਚ ਘੁੰਮਦੇ ਦੇਖਿਆ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੇ ਨੌਜਵਾਨਾਂ ਦੀ ਪਹਿਚਾਣ ਸੰਜੇ ਪੁੱਤਰ ਸੁਰਿੰਦਰ ਕੁਮਾਰ ਵਾਸੀ ਨੰਬਰ ਡਬਲਯੂਈ 47 ਚੋਟਾਲੀ ਮੁਹੱਲਾ ਨੇੜੇ ਤੇਲਾਂ ਵਾਲੀ ਗਲੀ ਜੋਤੀ ਚੌਂਕ ਜਲੰਧਰ ਅਤੇ ਅਮਨਦੀਪ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਬਸਤੀ ਪੀਰ ਦਾਦ ਗਲੀ ਨੰ 11 ਐਚ ਨੰ 56 ਨੇੜੇ ਸੌਦਾ ਜਲੰਧਰ ਵਜੋਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਤਫ਼ਤੀਸ਼ ਅਤੇ ਤਲਾਸ਼ੀ ਦੌਰਾਨ ਪੁਲਿਸ ਨੇ 7 ਮੋਬਾਈਲ ਫ਼ੋਨ ਅਤੇ ਇਕ honda activa ਬਰਾਮਦ ਕੀਤੇ ਹਨ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਵੇਂ ਨੌਜਵਾਨ ਸ਼ਹਿਰ ਵਿੱਚ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸੀ ਜਿਸ ਉਪਰੰਤ ਉਨ੍ਹਾਂ ਨੂੰ ਥਾਣਾ ਬਸਤੀ ਬਾਵਾ ਖੇਲ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਐਫ.ਆਈ.ਆਰ ਨੰਬਰ 19 ਮਿਤੀ 29.01.2024 ਯੂ. ਥਾਣਾ ਸਦਰ ਵਿਖੇ 411, 34, 379-ਬੀ ਆਈ.ਪੀ.ਸੀ. ਮੁਕਦਮਾ ਦਰਜ ਕੀਤਾ ਗਿਆ ਹੈ।

# ਹਸਪਤਾਲ ਢਾਹਾਂ ਕਲੇਰਾਂ ਵਿਖੇ ਫਰੀ ਕੈਂਸਰ ਚੈੱਕਅੱਪ ਕੈਂਪ 3 ਨੂੰ

**ਬਹਿਰਾਮ (ਅਵਤਾਰ ਕਲੇਰ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਵਿਸ਼ਵ ਕੈਂਸਰ ਦਿਵਸ ਨੂੰ ਸਮਰਪਿਤ ਫਰੀ ਕੈਂਸਰ ਚੈੱਕਅਪ ਕੈਂਪ 3 ਫਰਵਰੀ 2024 ਦਿਨ ਸ਼ਨੀਵਾਰ ਨੂੰ ਸਵੇਰੇ 11 ਵਜੇ ਤੋਂ 2 ਵਜੇ ਦੁਪਿਹਰ ਤੱਕ ਲਗਾਇਆ ਜਾ ਰਿਹਾ ਹੈ । ਇਹ ਜਾਣਕਾਰੀ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਹਸਪਤਾਲ ਦੀ ਓ ਪੀ ਡੀ ਵਿਖੇ 3 ਫਰਵਰੀ ਦਿਨ ਸ਼ਨੀਵਾਰ ਨੂੰ ਵਿਸ਼ਵ ਕੈਂਸਰ ਦਿਵਸ ਨੂੰ ਸਮਰਪਿਤ ਇਹ ਫਰੀ ਕੈਂਸਰ ਚੈੱਕਅਪ ਕੈਂਪ ਲੱਗੇਗਾ । ਜਿਸ ਵਿਚ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਹੋਵੇਗਾ ਅਤੇ ਲੋੜਵੰਦਾਂ ਦੇ ਸ਼ੂਗਰ ਟੈਸਟ ਵੀ ਮੁਫ਼ਤ ਕੀਤੇ ਜਾਣਗੇ। ਮੁਫ਼ਤ ਜਾਂਚ ਕਰਨ ਤੋਂ ਇਲਾਵਾ ਮਰੀਜ਼ਾਂ ਨੂੰ ਕੈਂਸਰ ਸਕਰੀਨਿੰਗ ਦੇ ਵਿਸ਼ੇਸ਼ ਤਿੰਨ ਟੈਸਟ ਸੀ ਏ 125, ਪੀ.ਐਸ.ਏ., ਸੀ.ਈ.ਏ. ਟੈਸਟਾਂ ਨੂੰ ਕਰਵਾਉਣ ਤੇ 50% ਦੀ ਵੱਡੀ ਛੋਟ ਦਿੱਤੀ ਜਾਵੇਗੀ । ਸ. ਢਾਹਾਂ ਨੇ ਦੱਸਿਆ ਕਿ ਕੈਂਸਰ ਦੀ ਬਿਮਾਰੀ ਦਾ ਇਲਾਜ ਕਰਨ ਦੇ ਮਾਹਿਰ ਡਾ. ਨਵਦੀਪ ਸਿੰਘ ਐਮ ਡੀ, ਡੀ ਆਰ ਐਨ ਬੀ ਅਤੇ ਡਾ ਰਾਹੁਲ ਚੌਧਰੀ ਐਮ ਡੀ ਰੇਡੀਏਸ਼ਨ ਇਸ ਕੈਂਪ ਵਿਚ ਮਰੀਜ਼ਾਂ ਦਾ ਫਰੀ ਚੈੱਕਅਪ ਕਰਨਗੇ । ਕੈਂਪ ਦੀ ਜਾਣਕਾਰੀ ਦੇਣ ਮੌਕੇ ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਸ.ਦਰਸ਼ਨ ਸਿੰਘ ਮਾਹਿਲ , ਜਗਜੀਤ ਸਿੰਘ ਸੋਢੀ , ਡਾ. ਰਵਿੰਦਰ ਖਜੂਰੀਆ ਵੀ ਹਾਜ਼ਰ ਸਨ ।

# ਸ੍ਰੀ ਹਨੂੰਮਤ ਇੰਸਟੀਚਿਊਟ ਵਿਖੇ ਐਚ ਆਈ ਵੀ, ਏਡਜ਼ 'ਤੇ ਕਰਵਾਇਆ ਆਨਲਾਈਨ ਲੈਕਚਰ



ਗੁਰਾਇਆ(ਬਿੰਦਰ ਸੁਮਨ)- ਸ਼੍ਰੀ ਹਨੂਮਤ ਇਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਬੀ.ਐਮ.ਐਲ.ਐਸ ਵਿਭਾਗ ਵੱਲੋਂ ਐਚ.ਆਈ.ਵੀ. ਅਤੇ ਏਡਜ਼ ਵਰਗੇ ਵਾਇਰਲ ਮਾਰਕਰਾਂ ਬਾਰੇ ਇੱਕ ਆਨਲਾਈਨ ਗੈਸਟ ਲੈਕਚਰ ਦਾ ਆਯੋਜਨ ਕੀਤਾ ਗਿਆ। ਕਾਲਜ ਡਾਇਰੈਕਟਰ ਡਾ: ਸ਼ੈਲੀ ਰੇਖੀ ਸ਼ਰਮਾ ਦੀ ਦੇਖ-ਰੇਖ ਹੇਠ ਕਰਵਾਏ ਗਏ ਆਨਲਾਈਨ ਲੈਕਚਰ ਦੌਰਾਨ ਡਾ: ਅਨੁਸ਼ਕਾ ਨਾਗ, ਜਨਰਲ ਮੈਡੀਕਲ ਅਫ਼ਸਰ, ਪੀ.ਟੀ.ਜੇ.ਐਲ.ਐਨ.ਜੀ. ਐਮ.ਸੀ. ਐਂਡ ਐਚ. ਚੰਬਾ ਨੇ ਵਿਦਿਆਰਥੀਆਂ ਨੂੰ ਐਚ.ਆਈ.ਵੀ., ਏਡਜ਼ ਅਤੇ ਇਸ ਦੇ ਫੈਲਣ ਦੇ ਕਾਰਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਬਚਾਅ ਲਈ ਵਰਤੋਂ ਵਿਚ ਲਿਆਈਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਵੀ ਚਾਨਣਾ ਪਾਇਆ।

ਡਾ: ਅਨੁਸ਼ਕਾ ਨਾਗ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਏਡਜ਼ ਅਤੇ ਐਚ.ਆਈ.ਵੀ. ਤੋਂ ਬਚਾਅ ਲਈ ਸਾਨੂੰ ਕੁਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਜਿਵੇਂ ਕਿ ਸੁਰੱਖਿਅਤ ਸਰੀਰਿਕ ਸਬੰਧ ਬਨਾਉਣਾ, ਜੀਵਾਣੂ ਮੁਕਤ ਜਾਂ ਡਿਸਪੋਜ਼ੇਬਲ ਇੰਜੈਕਸ਼ਨ ਸਰਿੰਜਾਂ ਦੀ ਵਰਤੋਂ ਕਰਨਾ, ਨਸ਼ੀਲੀਆਂ ਦਵਾਈਆਂ ਦੀ ਵਰਤੋਂ ਤੋਂ ਬਚਣਾ ਅਤੇ ਐਚ.ਆਈ.ਵੀ. ਸੰਕ੍ਰਮਿਤ ਔਰਤਾਂ ਦੇ ਗਰਭ ਧਾਰਨ ਨਾ ਕਰਨ ਨਾਲ ਇਸ ਜਾਨਲੇਵਾ ਇਨਫੈਕਸ਼ਨ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦੇ ਕੇ ਅਤੇ ਉਨ੍ਹਾਂ ਦੇ ਸ਼ੰਕਿਆਂ ਦਾ ਨਿਪਟਾਰਾ ਅਤੇ ਉਤਸੁਕਤਾ ਨੂੰ ਸ਼ਾਂਤ ਕੀਤਾ। ਨਾਲ ਹੀ ਉਹਨਾਂ ਨੇ ਇਹ ਵੀ ਦੱਸਿਆ ਕਿ ਅਜੇ ਤੱਕ ਏਡਜ਼ ਦਾ ਕੋਈ ਇਲਾਜ ਜਾਂ ਟੀਕਾ ਨਹੀਂ ਹੈ। ਕਾਲਜ ਦੀ ਡਾਇਰੈਕਟਰ ਡਾ: ਸ਼ੈਲੀ ਰੇਖੀ ਸ਼ਰਮਾ ਨੇ ਇਸ ਆਨਲਾਈਨ ਲੈਕਚਰ ਨੂੰ ਵਿਦਿਆਰਥੀਆਂ ਲਈ ਜਾਣਕਾਰੀ ਭਰਪੂਰ ਦੱਸਦਿਆਂ ਕਿਹਾ ਕਿ ਸ਼੍ਰੀ ਹਨੂਮਤ ਇੰਸਟੀਚਿਊਟ ਵੱਲੋਂ ਅਜਿਹੇ ਉਪਰਾਲੇ ਜਾਰੀ ਰੱਖੇ ਜਾਣਗੇ।

# ਆਪ ਦੇ ਅਹੁਦੇਦਾਰਾਂ ਤੇ ਵਲੰਟੀਅਰਾਂ ਨੇ ਟਾਂਡਾ ਦੇ ਨਵੇਂ ਡੀ ਐੱਸ ਪੀ ਤੇ ਐੱਸ ਐੱਚ ਓ ਨੂੰ ਸਨਮਾਨਤ ਕੀਤਾ



**ਟਾਂਡਾ ਉੜਮੁੜ( ਜਸਵਿੰਦਰ ਸੰਧੂ ਉਂਕਾਰ ਸਿੰਘ )**-ਸਬ ਡਿਵੀਜਨ ਪੁਲਸ ਸਟੇਸਨ ਟਾਂਡਾ ਦੇ ਨਵੇਂ ਡੀ.ਐਸ.ਪੀ ਹਰਜੀਤ ਸਿੰਘ ਰੰਧਾਵਾ ਤੇ ਨਵੇਂ ਐਸ.ਐਚ.ਓ ਗੁਰਿੰਦਰਜੀਤ ਸਿੰਘ ਨਾਗਰਾ ਨੂੰ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਤੇ ਵਲੰਟੀਅਰਾਂ ਨੇ ਥਾਣਾ ਟਾਂਡਾ ਦਾ ਚਾਰਜ ਸੰਭਾਲਣ ਸਮੇਂ ਵਿਸੇਸ ਤੌਰ ਤੇ ਸਨਮਾਨਿਤ ਕੀਤਾ। ਸਿਟੀ ਪ੍ਰਧਾਨ ਜਗਜੀਵਨ ਜੱਗੀ ਦੀ ਅਗਵਾਈ ਵਿੱਚ ਆਪ ਪਾਰਟੀ ਦੇ ਗੁਰਦੀਪ ਸਿੰਘ ਹੈਪੀ, ਯੂਥ ਆਗੂ ਪ੍ਰੇਮ ਪਡਵਾਲ,ਓਮ ਪ੍ਰਕਾਸ ਭੱਟੀ, ਕੌਂਸਲਰ ਸੋਨੂ ਖੰਨਾ, ਅਮਿਤ ਪਾਸੀ, ਗੋਲਡੀ ਵਰਮਾ, ਵਿਕਾਸ ਮਦਾਨ ,ਕਮਲ ਧੀਰ, ਵਿੱਕੀ ਮਹਿੰਦਰੂ, ਅਨਿਲ ਗੋਰਾ ,ਰਾਜਨ ਸੋਧੀ, ਬਲਜੀਤ ਸਿੰਘ ਸੈਣੀ, ਸੋਮਨਾਥ, ਜਸਵਿੰਦਰ ਸਿੰਘ ਭਾਟੀਆ, ਹਰਵਿੰਦਰ ਸਿੰਘ ਕਲੋਟੀ,ਗੁਰਮੀਤ ਬਿੱਟੂ, ਨੇ ਸਨਮਾਨਤ ਕਰਦੇ ਸਹਿਰ ਦੀ ਬਿਹਤਰੀ ਵਾਸਤੇ ਵੱਖ-ਵੱਖ ਪਹਿਲੂਆਂ ਤੇ ਚਾਨਣਾ ਪਾਇਆ । ਇਸ ਮੌਕੇ ਉਕਤ ਆਗੂਆਂ ਨੇ ਅਫਸਰ ਸਾਹਿਬਾਨ ਨੂੰ ਭਰੋਸਾ ਦਿੱਤਾ ਕਿ ਟਾਂਡਾ ਸਹਿਰ ਦੀ ਬਿਹਤਰੀ ਵਾਸਤੇ ਆਪ ਪਾਰਟੀ ਵੱਲੋਂ ਪੁਲਿਸ ਪ੍ਰਸਾਸਨ ਦਾ ਪੂਰਾ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਸਿਟੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ ਨੇ ਉਕਤ ਅਫਸਰ ਸਾਹਿਬਾਨ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਸਹਿਰ ਦੀਆਂ ਵੱਖ-ਵੱਖ ਮੁਸਕਿਲਾਂ ਨੂੰ ਹੱਲ ਕਰਨ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਵਲੰਟੀਅਰ ਹਮੇਸਾ ਹੀ ਪੁਲਿਸ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਗੇ। ਇਸ ਮੌਕੇ ਡੀ.ਐਸ.ਪੀ ਹਰਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਜਿਲਾ ਪੁਲਿਸ ਸੁਰਿੰਦਰ ਲਾਂਬਾ ਦੇ ਦਿਸਾ ਨਿਰਦੇਸਾਂ ਅਧੀਨ ਟਾਂਡਾ ਇਲਾਕੇ ਚੋ ਅਪਰਾਧਿਕ ਅਨਸਰਾਂ, ਗੈਂਗਸਟਰਾਂ ਅਤੇ ਨਸਾਖੋਰੀ ਦਾ ਗੋਰਖ ਧੰਦਾ ਕਰਨ ਵਾਲਿਆਂ ਤੇ ਕਾਬੂ ਪਾਉਣ ਲਈ ਉਹ ਪੂਰੀ ਤਰ੍ਹਾਂ ਸਰਗਰਮ ਰਹਿਣਗੇ ਅਤੇ ਇਲਾਕੇ ਅੰਦਰ ਸਾਂਤੀ ਵਾਲਾ ਮਾਹੌਲ ਬਣਾਏ ਰੱਖਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਤੋਂ ਇਲਾਵਾ ਪੁਲਿਸ ਪ੍ਰਸਾਸਨ ਵੱਲੋਂ ਸਹਿਰ ਦੀ ਟਰੈਫਿਕ ਵਿਵਸਥਾ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਵਿਸੇਸ ਮਾਸਟਰ ਪਲਾਨ ਤਹਿਤ ਕੰਮ ਕੀਤਾ ਜਾਵੇਗਾ ਤਾਂ ਜੋ ਸਹਿਰ ਵਾਸੀਆਂ ਨੂੰ ਕਿਸੇ ਕਿਸਮ ਦੀ ਮੁਸਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਕਤ ਅਫਸਰ ਸਾਹਿਬਾਨਾਂ ਨੇ ਆਪ ਪਾਰਟੀ ਦੇ ਵਲੰਟੀਅਰ ਅਹੁਦੇਦਾਰਾਂ ਦਾ ਧੰਨਵਾਦ ਕੀਤਾ।

# ਬੀਬੀ ਮਾਨ ਨੇ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸਨਾਂ ਲਈ ਫ੍ਰੀ ਯਾਤਰਾ ਬੱਸ ਨੂੰ ਕੀਤਾ ਰਵਾਨਾ



**ਬਿਲਗਾ (ਵਿਜੇ ਕੁਮਾਰ)** ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ ਵਲੋਂ ਜੋ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਸੇਸ ਉਪਰਾਲਾ ਸਦਕਾ ਫ੍ਰੀ ਬੱਸ ਤੀਰਥ ਯਾਤਰਾ ਅਰੰਭ ਕੀਤੀ ਗਈ ਉਸ ਦੇ ਤਹਿਤ ਨਗਰ ਬਿਲਗਾ ਤੋਂ ਬੀਬੀ ਮਾਨ ਵਲੋਂ ਬੱਸ ਨੂੰ ਹਰੀ ਝੰਡੀ ਦੇ ਕੇ ਮਾਤਾ ਚਿੰਤਪੁਰਨੀ, ਮਾਤਾ ਜਵਾਲਾ ਜੀ, ਮਾਤਾ ਨੈਣਾ ਦੇਵੀ ਅਤੇ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਕੀਤਾ ਗਿਆ ਇਸ ਮੌਕੇ ਤੇ ਬੀਬੀ ਮਾਨ ਨੇ ਦੱਸਿਆ ਕਿ ਇਸ ਮਹੀਨੇ ਫ੍ਰੀ ਯਾਤਰਾ ਸੇਵਾ ਦੀ ਇਹ ਨੌਵੀ ਬੱਸ ਹੈ ਜੋ ਕਿ ਹੋਰ ਵੱਖ ਵੱਖ ਤੀਰਥ ਅਸਥਾਨਾਂ ਤੋ ਹੁੰਦੀ ਹੋਈ ਸ੍ਰੀ ਅਨੰਦਪੁਰ ਸਾਹਿਬ ਰਾਤ ਰੁੱਕੇਗੀ ਉਨ੍ਹਾਂ ਕਿਹਾ ਕਿ ਜੋ ਸੰਗਤ ਨਹੀਂ ਜਾ ਸਕਦੀ ਜਾਂ ਸੀਨੀਅਰ ਸਿਟੀਜਨ ਹਨ ਜਾਂ ਜੋ ਘਰੇਲੂ ਔਰਤਾਂ ਘਰਾਂ ਵਿਚ ਰਹਿ ਜਾਂਦੀਆ ਹਨ ਉਨ੍ਹਾਂ ਲਈ ਪੰਜਾਬ ਸਰਕਾਰ ਨੇ ਇਹ ਉਪਰਾਲਾ ਸੁਰੂ ਕੀਤਾ ਹੈ ਅਤੇ ਮੀਡੀਆ ਨਾਲ ਗੱਲਬਾਤ ਦੌਰਾਨ ਬੀਬੀ ਮਾਨ ਨੇ ਕਿਹਾ ਕਿ ਹੋਰ ਵੱਖ ਵੱਖ ਪਿੰਡਾਂ 'ਚੋ ਵੀ ਇਹ ਫਰੀ ਤੀਰਥ ਯਾਤਰਾ ਬੱਸਾ ਭੇਜੀਆਂ ਜਾਣਗੀਆਂ ਅਤੇ ਉਨ੍ਹਾਂ ਕਿਹਾ ਕਿ ਯਾਤਰੀਆਂ ਦਾ ਰਹਿਣ ਦਾ , ਖਾਣ-ਪੀਣ ਦਾ ਸਾਰੇ ਪ੍ਰਬੰਧ ਦੇ ਨਾਲ ਗਰਮ ਕੰਬਲ ਦੇ ਨਾਲ ਡਾਕਟਰੀ ਕਿੱਟ ਵੀ ਦਿੱਤੀ ਹੋਈ ਹੈ ਤਾਂ ਕਿ ਉਤਸ਼ਾਹ ਨਾਲ ਲੋਕ ਇਸ ਯਾਤਰਾ ਵਿੱਚ ਸਾਮਿਲ ਹੋ ਸਕਣ ਅਤੇ ਉਨ੍ਹਾਂ ਨੂੰ ਕੋਈ ਮੁਸਕਲ ਪੇਸ ਨਾ ਆਵੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਤੀਰਥ ਯਾਤਰਾ ਜਾਣ ਤੋਂ ਪਹਿਲਾਂ ਯਾਤਰੀ ਆਪਣੀ ਰਜਿਸਟ੍ਰੇਸਨ ਜਰੂਰ ਕਰਵਾਉਣ ਇਸ ਮੌਕੇ ਕਾਰਜ ਸਾਧਕ ਅਫਸਰ ਬਲਜੀਤ ਸਿੰਘ, ਆਮ ਆਦਮੀ ਪਾਰਟੀ ਬਿਲਗਾ ਪ੍ਰਧਾਨ ਗੁਰਿੰਦਰ ਸਿੰਘ, ਸੋਢੀ ਸਿੰਘ ਬੱਬੂ, ਸਾਹਿਲ ਅਰੋੜਾ, ਪਿਆਰਾ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਹੋਰ ਅਹੁਦੇਦਾਰ ਅਤੇ ਵਰਕਰ, ਸਮੂਹ ਸਟਾਫ ਨਗਰ ਪੰਚਾਇਤ ਦਫਤਰ ਬਿਲਗਾ, ਸਮੂਹ ਸਫਾਈ ਸੇਵਕ ਅਤੇ ਹੋਰ ਨਗਰ ਵਾਸੀ ਹਾਜਰ ਸਨ।

# ਕੁਸ਼ਟ ਜਾਗਰੂਕਤਾ ਮੁਹਿੰਮ ਦੇ ਤਹਿਤ ਕਰਵਾਇਆ ਸੈਮੀਨਾਰ



ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਡਾ.ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ ਨੂੰ ਸਮਰਪਿਤ ਸਪਰਸ ਕੁਸਟ ਜਾਗਰੂਕਤਾਂ ਮੁਹਿੰਮ 30 ਜਨਵਰੀ ਤੋਂ 13 ਫਰਵਰੀ ਤੱਕ ਚਲਾਈ ਜਾ ਰਹੀ ਹੈ। ਇਸ ਕੰਪੈਨ ਦੇ ਸਬੰਧ ਸੈਮੀਨਾਰ ਕਰਵਾਇਆ ਗਿਆ। ਇਸ ਜਾਗਰੂਕਤਾ ਕੈਂਪ ਵਿੱਚ ਐਲ.ਐਚ.ਵੀ,ਅਤੇ ਏ.ਐਨ.ਐਮ. ਹਿੱਸਾ ਲਿਆ।

ਇਸ ਜਾਣਕਾਰੀ ਡਾ.ਵਿਧਾਨ ਚੰਦਰ ਸੀਨੀਅਰ ਮੈਡੀਕਲ ਅਫਸਰ ਨੇ ਦਿੰਦੇ ਹੋਏ ਦੱਸਿਆ ਕਿ ਕੁਸ਼ਟ ਰੋਗ ਦੂਸਰੀਆਂ ਬਿਮਾਰੀਆਂ ਦੀ ਤਰ੍ਹਾਂ ਹੀ ਇੱਕ ਸਰੀਰਕ ਬਿਮਾਰੀ ਹੈ।

ਉਨ੍ਹਾਂ ਦੱਸਿਆ ਕਿ ਚਮੜੀ ਉੱਤੇ ਹੱਲਕੇ, ਫਿੱਕੇ, ਬਦਰੰਗ, ਤਾਂਬੇ ਰੰਗ ਦਾਗ਼, ਗਰਮ ਠੰਡੇ ਦਾ ਪਤਾ ਨਾ ਲੱਗਣਾ, ਨਸਾਂ ਵਿੱਚ ਦਰਦ ਹੋਣਾ, ਕੰਨਾਂ ਦੇ ਪਿੱਛੇ ਅਤੇ ਮੂੰਹ ਤੇ ਗੱਠਾਂ ਬਣ ਜਾਣੀਆਂ, ਹੱਥਾਂ ਅਤੇ ਪੈਰਾਂ ਦੀਆਂ ਉਂਗਲਾਂ ਟੇਢੀਆਂ ਹੋ ਜਾਣੀਆਂ, ਅੱਖਾਂ ਦਾ ਬੰਦ ਨਾ ਹੋਣਾ ਆਦਿ ਕੁਸ਼ਟ ਰੋਗ ਦੇ ਲੱਛਣ ਹਨ। ਕੁਸ਼ਟ ਰੋਗ ਕੋਈ ਪੁਰਾਣੇ ਪਾਪਾਂ ਦਾ ਫਲ ਜਾਂ ਸਰਾਪ ਨਹੀਂ ਹੈ, ਇਹ ਆਮ ਰੋਗਾਂ ਦੀ ਤਰ੍ਹਾਂ ਇੱਕ ਰੋਗ ਹੈ। ਇਸ ਰੋਗ ਦਾ ਸਮੇਂ ਸਿਰ ਇਲਾਜ ਕਰਵਾਉਣ ਨਾਲ ਰੋਗ ਤੋਂ ਹੋਣ ਵਾਲੀ ਅਪੰਗਤਾ ਤੋਂ ਬਚਿਆ ਜਾ ਸਕਦਾ ਹੈ। ਇਸ ਬਿਮਾਰੀ ਦੀ ਦਵਾਈ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਦਿੱਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਕੁਸ਼ਟ ਰੋਗੀਆਂ ਨੂੰ ਸਰਕਾਰੀ ਸਹਾਇਤਾ ਲੈਣ ਲਈ ਪ੍ਰੇਰਿਤ ਅਤੇ ਸਮਾਜ ਵਿੱਚ ਕੁਸ਼ਟ ਰੋਗ ਨਾਲ ਪੀੜਤ ਮਰੀਜਾ ਨਾਲ ਭੇਦਭਾਵ ਮਿਟਾਉਣ ਲਈ ਲੋਕਾ ਦੇ ਨਜਰੀਏ ਵਿੱਚ ਬਦਲਾਅ ਕਰਨ ਦੀ ਸਰਕਾਰ ਦੀ ਇਹ ਇਕ ਕੋਸ਼ਿਸ਼ ਹੈ।

# ਖੰਡ ਮਿੱਲ ਚਲਾਉਣ ਦੀ ਮੰਗ ਨੂੰ ਲੈ ਕੇ 16 ਨੂੰ ਮੁੱਖ ਮੰਤਰੀ ਦਫਤਰ ਦੇ ਘਿਰਾਓ ਦਾ ਐਲਾਨ


ਮੁੱਖ ਮੰਤਰੀ ਦਫਤਰ ਦਾ ਘਿਰਾਓ ਕਰਨ ਦਾ ਐਲਾਣ ਕਰਨ ਮੌਕੇ ਮੌਜੂਦ ਕਿਸਾਨ ਆਗੂ।

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਇਕ ਅਹਿਮ ਮੀਟਿੰਗ ਬੀਕੇਯੂ (ਰਾਜੇਵਾਲ) ਦੇ ਆਗੂ ਰਛਪਾਲ ਸਿੰਘ ਦੋਹਲਾ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਾਂਤੀ ਨਿਕੇਤਨ ਪਾਰਕ ਵਿਖੇ ਹੋਈ।ਮੀਟਿੰਗ 'ਚ ਮੌਜੂਦ ਕਿਸਾਨ ਆਗੂਆਂ ਵੱਲੋਂ ਸਥਾਨਕ ਖੰਡ ਮਿੱਲ ਨੂੰ ਚਲਾਉਣ ਲਈ 16 ਫਰਵਰੀ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਫਤਰ ਦਾ ਘਿਰਾਓ ਕਰਨ ਦਾ ਐਲਾਣ ਕੀਤਾ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਮੇਜਰ ਸਿੰਘ ਪੁੰਨਾਂਵਾਲ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਬਲਾਕ ਪ੍ਰਧਾਨ ਨਾਜਮ ਸਿੰਘ ਪੁੰਨਾਂਵਾਲ, ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਆਗੂ ਨਿਰਮਲ ਸਿੰਘ ਘਨੌਰ, ਬੀਕੇਯੂ ਧਨੇਰ ਦੇ ਬਲਾਕ ਆਗੂ ਨੈਬ ਸਿੰਘ ਕਲੇਰਾਂ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਸੂਬਾ ਆਗੂ ਹਰਦੇਵ ਸਿੰਘ ਬਖਸ਼ੀਵਾਲਾ ਆਦਿ ਨੇ ਇੱਕ ਸੁਰ ਹੁੰਦਿਆਂ ਕਿਹਾ ਕਿ ਖੇਤੀ ਅਧਾਰਤ ਸਨਅਤਾਂ ਨੂੰ ਪ੍ਰਮੋਟ ਕਰਨ ਲਈ ਇਸ ਇਲਾਕੇ ਵਿੱਚ ਗੰਨਾ ਮਿੱਲ ਲੱਗੀ ਸੀ, ਜਿਸ ਨੇ ਇਲਾਕੇ ਦੇ ਕਿਸਾਨਾਂ ਨੂੰ ਇਕ ਵੱਡਾ ਆਰਥਿਕ ਹੁਲਾਰਾ ਦਿੱਤਾ, ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਨਲਾਇਕੀ ਕਾਰਨ ਇਹ ਮਿੱਲ ਬੰਦ ਪਈ ਹੈ ਅਤੇ ਇਸ ਵਾਰ ਮਿੱਲ ਵਿੱਚ ਗੰਨੇ ਦੀ ਪਿੜਾਈ ਨਹੀਂ ਹੋਈ।

ਉਨ੍ਹਾਂ ਕਿਹਾ ਕਿ ਗੰਨਾ ਕਾਸ਼ਤਕਾਰਾਂ ਦੀ ਮਿੱਲ ਵੱਲ ਰਹਿੰਦੀ ਪਿਛਲੇ ਸਾਲ ਦੀ ਬਕਾਇਆ ਅਦਾਇਗੀ ਕਰਵਾਉਣ ਤੇ ਮਿੱਲ ਨੂੰ ਚਾਲੂ ਕਰਵਾਉਣ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਲਗਾਤਾਰ ਮੁੱਖ ਮੰਤਰੀ ਦਫਤਰ ਧੂਰੀ ਨਾਲ ਸੰਪਰਕ ਕਰਨ ਦੇ ਬਾਵਜੂਦ ਉਨ੍ਹਾਂ ਵੱਲੋਂ ਸੰਯੁਕਤ ਮੋਰਚੇ ਨਾਲ ਕੋਈ ਮੀਟਿੰਗ ਤੱਕ ਨਹੀਂ ਕੀਤੀ ਜਾ ਰਹੀ ਹੈ, ਸਗੋਂ ਇਸ ਦੇ ਉਲਟ ਟਾਲ-ਮਟੋਲ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਜਾਪਦਾ ਹੈ ਕਿ ਪੰਜਾਬ ਦੀ ਆਪ ਸਰਕਾਰ ਉਕਤ ਮਿੱਲ ਨੂੰ ਚਲਵਾਉਣ ਖਾਤਰ ਗੰਭੀਰ ਨਹੀਂ ਹੈ।ਉਨ੍ਹਾਂ ਕਿਹਾ ਕਿ ਇਹ ਮਿੱਲ ਕਿਸੇ ਵੇਲੇ ਇਲਾਕੇ ਦੇ ਕਿਸਾਨਾਂ ਦੀ ਜਿੰਦ-ਜਾਨ ਰਹੀ ਹੈ ਤੇ ਸੰਯੁਕਤ ਕਿਸਾਨ ਮੋਰਚਾ ਕਿਸੇ ਵੀ ਕੀਮਤ 'ਤੇ ਇਸ ਮਿੱਲ ਨੂੰ ਬੰਦ ਨਹੀਂ ਹੋਣ ਦੇਵੇਗਾ।ਉਨ੍ਹਾਂ ਉਕਤ ਮਸਲੇ ਨੂੰ ਲੈ ਕੇ ਸਰਕਾਰ ਦੀ ਬੇਰੁਖੀ 'ਤੇ ਨਰਾਜ਼ਗੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਬੇਰੁੱਖੀ ਦੀ ਕੀਮਤ ਚੁਕਾਉਣੀ ਪਵੇਗੀ।

ਇਸ ਮੌਕੇ ਕਿਸਾਨ ਆਗੂ ਬਲਵਿੰਦਰ ਸਿੰਘ ਜੱਖਲਾਂ, ਭੁਪਿੰਦਰ ਸਿੰਘ ਲੌਂਗੋਵਾਲ, ਨਿਰਮਲ ਸਿੰਘ, ਗੁਰਜੀਤ ਸਿੰਘ ਭੜੀ, ਵਰਿੰਦਰਪਾਲ ਸਿੰਘ ਬਰੜਵਾਲ, ਚਮਕੌਰ ਸਿੰਘ ਹਥਨ, ਹਰਬੰਸ ਸਿੰਘ ਪੁੰਨਾਂਵਾਲ, ਨਿਧਾਨ ਸਿੰਘ ਫੁੰਮਣਵਾਲ ਸਮੇਤ ਹੋਰ ਕਿਸਾਨ ਆਗੂ ਮੌਜੂਦ ਸਨ।

# ਮੁੱਖ ਮੰਤਰੀ ਵੱਲੋਂ ਇਤਿਹਾਸਕ ਫੈਸਲੇ ਲਏ ਜਾ ਰਹੇ : ਸੌਰਵ ਅਹੂਜਾ

## ਮਨਜਿੰਦਰ ਲਾਲਪੁਰਾ ਨੂੰ ਯੂਥ ਵਿੰਗ ਪੰਜਾਬ ਦਾ ਪ੍ਰਧਾਨ ਬਣਨ ਦੀ ਵਧਾਈ



**ਮੱਖੂ (ਰਛਪਾਲ ਸਿੰਘ ਸੰਧੂ) :** ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਪੰਜਾਬ ਪ੍ਰਧਾਨ ਬਣਨ 'ਤੇ ਵਧਾਈ ਦਿੰਦਿਆਂ ਬਲਾਕ ਪ੍ਰਧਾਨ ਸੌਰਵ ਅਹੂਜਾ ਨੇ ਕਿਹਾ ਕਿ ਮਨਜਿੰਦਰ ਸਿੰਘ ਲਾਲਪੁਰਾ ਦਾ ਯੂਥ ਵਿੰਗ ਦੇ ਪ੍ਰਧਾਨ ਬਣਨ ਨਾਲ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਪੈਦਾ ਹੋ ਗਿਆ ਹੈ।ਮਨਜਿੰਦਰ ਸਿੰਘ ਲਾਲਪੁਰਾ ਦੇ ਯੂਥ ਵਿੰਗ ਦੇ ਪ੍ਰਧਾਨ ਨਾਲ ਪੰਜਾਬ 'ਚ ਯੂਥ ਵਿੰਗ ਹੋਰ ਮਜ਼ਬੂਤ ਹੋਵੇਗਾ।ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਪੰਜਾਬ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਯੂਥ ਵਿੰਗ ਵੱਲੋਂ ਅਹਿਮ ਰੋਲ ਨਿਭਾਇਆ ਜਾਵੇਗਾ ਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਘਰ-ਘਰ 'ਚ ਪਹੁੰਚਾਈਆਂ ਜਾਣਗੀਆਂ।ਬਲਾਕ ਪ੍ਰਧਾਨ ਸੌਰਵ ਅਹੂਜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਅਗਸਤ 2022 ਤੋਂ ਬਾਅਦ ਕੱਟੇ ਗਏ 10.77 ਲੱਖ ਰਾਸ਼ਨ ਕਾਰਡ ਬਹਾਲ ਕਰਨ, ਸ਼ਹੀਦ ਵਿਧਵਾਵਾਂ ਦੀਆਂ ਪੈਨਸ਼ਨ 6 ਹਜ਼ਾਰ ਤੋਂ ਵਧਾ ਕੇ 10 ਹਜ਼ਾਰ ਕਰਨ, ਅਧਿਆਪਕਾਂ ਨੂੰ ਆਪਣੀਆਂ ਬਦਲੀਆਂ ਕਰਵਾਉਣ ਲਈ ਖੱਜਲ ਖੁਆਰੀ ਤੋਂ ਬਚਾਉਣ ਤੇ ਹੋਰ ਕਈ ਤਰ੍ਹਾਂ ਦੇ ਇਤਿਹਾਸਕ ਫੈਸਲੇ ਕਰ ਪੰਜਾਬ ਦੀ ਜਨਤਾ ਲਈ ਲਏ ਜਾ ਰਹੇ ਹਨ।ਇਸ ਮੌਕੇ ਸੌਰਵ ਅਹੂਜਾ ਨਾਲ ਪ੍ਰਸ਼ਾਂਤ ਕਟਾਰੀਆ, ਅਜੇ ਕੰਧਾਰੀ, ਸ਼ਮਸ਼ੇਰ ਸਿੰਘ ਸ਼ੇਰਾ, ਜੱਜ ਵਾਰਸ ਵਾਲਾ, ਭੀਮ ਠੁਕਰਾਲ, ਸਾਹਿਲ ਕਟਾਰੀਆ, ਸਾਜਨ ਸਿਕਰੀ, ਥੋਮਸ ਭੱਟੀ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਨੇ ਨਸ਼ਿਆਂ ਖਿਲਾਫ ਲਗਾਈ ਮੈਰਾਥਨ ਦੌੜ

## ਨਸ਼ੇ ਸਾਡੇ ਸਮਾਜ ਤੇ ਦੇਸ਼ ਲਈ ਘਾਤਕ : ਪ੍ਰਿੰਸੀਪਲ ਸੁਖਵਿੰਦਰ ਕੌਰ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਕਲਗੀਧਰ ਟਰਸਟ ਬੜੂ ਸਾਹਿਬ ਵੱਲੋਂ ਸਫਲਤਾ ਪੂਰਵਕ ਚਲਾਏ ਜਾ ਰਹੇ ਵਿੱਦਿਅਕ ਅਦਾਰੇ ਅਕਾਲ ਅਕੈਡਮੀ ਦੌਲਾ ਦੇ ਵਿਦਿਆਰਥੀਆਂ ਵੱਲੋਂ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਦੀ ਅਗਵਾਈ ਵਿੱਚ ਨਸ਼ਿਆਂ ਖਿਲਾਫ ਅਤੇ ਸਿਹਤ ਨੂੰ ਤੰਦਰੁਸਤ ਰੱਖਣ ਲਈ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਮੈਰਾਥਨ ਦੌੜ ਕਰਵਾਈ ਗਈ। ਇਸ ਮੈਰਾਥਨ ਦੌੜ ਵਿੱਚ ਅੱਠਵੀਂ ਤੋਂ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੈਰਾਥਨ ਦੌੜ ਨੂੰ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਨੇ ਝੰਡੀ ਦੇ ਕੇ ਅਕੈਡਮੀ ਦੇ ਕੈਂਪਸ ਵਿੱਚੋਂ ਰਵਾਨਾ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿਸ ਤਰ੍ਹਾਂ ਨਸ਼ੇ ਸਾਡੇ ਸਮਾਜ ਤੇ ਦੇਸ਼ ਲਈ ਘਾਤਕ ਹਨ ਤੇ ਕਿਵੇਂ ਨਸ਼ੇ ਦੀ ਦਲਦਲ ਵਿੱਚ ਫਸੇ ਲੋਕ ਸਮਾਜ ਨਾਲੋਂ ਟੁੱਟ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਸਾਨੂੰ ਸਰੀਰਕ ਪੱਖ ਤੋਂ ਤਾਂ ਕਮਜ਼ੋਰ ਕਰਦਾ ਹੀ ਹੈ, ਨਾਲ ਹੀ ਆਰਥਿਕ, ਮਾਨਸਿਕ ਤੇ ਸਮਾਜਿਕ ਤੌਰ 'ਤੇ ਵੀ ਕਮਜ਼ੋਰ ਕਰ ਦਿੰਦਾ ਹੈ। ਭਿਆਨਕ ਬਿਮਾਰੀਆਂ ਤੋਂ ਬਚਣ ਲਈ, ਤੰਦਰੁਸਤ ਤੇ ਲੰਬੀ ਉਮਰ ਬਿਤਾਉਣ ਲਈ ਸਾਨੂੰ ਹਮੇਸ਼ਾ ਕਸਰਤ ਕਰਨੀ ਚਾਹੀਦੀ ਹੈ। ਹੱਥੀਂ ਕੰਮ ਕਰਨਾ ਚਾਹੀਦਾ ਹੈ ਤੇ ਹਮੇਸ਼ਾ ਹੀ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਤੇ ਦੇਸ਼ ਦੀ ਬਿਹਤਰੀ ਲਈ ਅੱਗੇ ਹੋ ਕੇ ਕੰਮ ਕਰਨੇ ਚਾਹੀਦੇ ਹਨ। ਇਸ ਮੌਕੇ ਅਰਵਿੰਦਰ ਸਿੰਘ ਖਾਲਸਾ, ਹਰਜਿੰਦਰ ਸਿੰਘ ਪੀ ਆਈ, ਅਨਿਲ ਕੁਮਾਰ, ਗੌਤਮ ਕੁਮਾਰ, ਸੁਖਵਿੰਦਰ ਸਿੰਘ ਸੀ ਟੀ ਸੀ, ਅਮਨਦੀਪ ਕੌਰ, ਰਮਨਦੀਪ ਕੌਰ, ਮਨਦੀਪ ਕੌਰ ਸਿੱਧੂ, ਹਰਪ੍ਰੀਤ ਕੌਰ, ਵਿੰਮੀ ਮੋਗਾ, ਸੰਦੀਪ ਕੌਰ ਤੇ ਸ਼ੁਭਦੀਪ ਸਿੰਘ ਤੋਂ ਇਲਾਵਾ ਸਮੂਹ ਸਟਾਫ ਦਾ ਸਹਿਯੋਗ ਰਿਹਾ।

## ਕਾਤਰਾਂ

### ਸਿੱਖ ਕੌਮ ਬਾਦਸ਼ਾਹੀ ਵਾਲੇ ਰਾਜ-ਭਾਗ ਨੂੰ ਕਦੀ ਨਹੀਂ ਭੁੱਲ ਸਕਦੀ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਵੇਂ ਹੁਕਮਰਾਨਾਂ ਨੇ ਸਾਜ਼ਿਸ਼ ਤਹਿਤ ਸਿੱਖਾਂ ਉਤੇ ਜਬਰ ਨੂੰ ਇਸ ਲਈ ਤੇਜ਼ ਕਰ ਦਿੱਤਾ ਤਾਂ ਜੁ ਉਹ ਆਪਣੀ ਆਜ਼ਾਦ ਬਾਦਸ਼ਾਹੀ ਸਿੱਖ ਰਾਜ ਨੂੰ ਕਾਇਮ ਕਰਨ ਦੀ ਗੱਲ ਨੂੰ ਭੁੱਲ ਜਾਣ, ਪਰ ਇਹ ਹੁਕਮਰਾਨ ਭੁੱਲ ਜਾਂਦੇ ਹਨ ਕਿ ਸਿੱਖ ਕੌਮ ਜੋ ਦੂਜੀਆਂ ਕੌਮਾਂ, ਮਜ਼ਲੂਮਾਂ, ਬੇਸਹਾਰਿਆਂ, ਵਿਧਵਾਵਾਂ, ਯਤੀਮਾਂ ਦੇ ਜੀਵਨ ਪੱਧਰ ਨੂੰ ਬਰਾਬਰਤਾ ਦੇ ਆਧਾਰ 'ਤੇ ਸਹੀ ਕਰਨ ਵਿਚ ਵਿਸ਼ਵਾਸ ਵੀ ਰੱਖਦੀ ਹੈ ਅਤੇ ਅਮਲੀ ਰੂਪ ਵਿੱਚ ਉੱਦਮ ਵੀ ਕਰਦੀ ਹੈ, ਉਹ ਕਦੀ ਵੀ ਆਪਣੇ ਉਸ ਖੋਹੇ ਗਏ ਆਜ਼ਾਦ ਬਾਦਸ਼ਾਹੀ ਸਿੱਖ ਰਾਜ ਨੂੰ ਫਿਰ ਤੋਂ ਕਾਇਮ ਕਰਨ ਦੀ ਗੱਲ ਨੂੰ ਕਦਾਚਿਤ ਨਹੀਂ ਭੁਲਾ ਸਕਦੀ ਅਤੇ ਇਸ ਨੂੰ ਕਾਇਮ ਕਰਕੇ ਹੀ ਰਹੇਗੀ।

### ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਵਿਖੇ ਪ੍ਰਤਿਭਾ ਖੋਜ ਪ੍ਰੀਖਿਆ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸ੍ਰੀ ਤਾਰਾ ਚੰਦ ਵਿੱਦਿਆ ਮੰਦਰ, ਭੀਖੀ ਵਿਖੇ ਸਰਵ ਹਿੱਤਕਾਰੀ ਸਿੱਖਿਆ ਸਮਿਤੀ ਜਲੰਧਰ ਵੱਲੋਂ ਨਰਾਇਣ ਪ੍ਰਤਿਭਾ ਖੋਜ ਪ੍ਰੀਖਿਆ ਕਰਵਾਈ ਗਈ। ਇਸ ਵਿੱਚ ਚੌਥੀ ਤੋਂ 10ਵੀਂ ਜਮਾਤ ਦੇ 225 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਸਥਾਨਕ ਸਕੂਲ ਤੋਂ ਇਲਾਵਾ ਸਰਵਹਿੱਤਕਾਰੀ ਵਿੱਦਿਆ ਮੰਦਰ ਬੁਢਲਾਡਾ ਤੇ ਸਰਵਹਿੱਤਕਾਰੀ ਵਿੱਦਿਆ ਮੰਦਰ ਬੋਹਾ ਦੇ ਵਿਦਿਆਰਥੀ ਵੀ ਸ਼ਾਮਲ ਸਨ। ਇਨ੍ਹਾਂ ਪ੍ਰੀਖਿਆ ਵਿੱਚ ਸਕੂਲ ਦੇ ਮੈਨੇਜਰ ਅੰਮ੍ਰਿਤ ਲਾਲ ਨੇ ਨਿਗਰਾਨ ਵਜੋਂ ਕੰਮ ਕੀਤਾ। ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸਤੀਸ਼ ਕੁਮਾਰ ਤੇ ਪ੍ਰਿੰਸੀਪਲ ਸੰਜੀਵ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਵਿੱਚ ਸਫਲਤਾ ਲਈ ਵਧਾਈ ਦਿੱਤੀ।

### ਕੁਸ਼ਟ ਰੋਗ ਸੰਬੰਧੀ ਜਾਗਰੂਕਤਾ ਕੈਂਪ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮੁੱਢਲੇ ਸਿਹਤ ਕੇਂਦਰ ਮਾਛੀਵਾੜਾ ਵਿਖੇ ਸਿਵਲ ਸਰਜਨ ਲੁਧਿਆਣਾ ਡਾ. ਜਸਬੀਰ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਰਹਿਨੁਮਾਈ ਹੇਠ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ 'ਤੇ ਕੁਸ਼ਟ ਮੁਕਤ ਭਾਰਤ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਨੇ ਕੁਸ਼ਟ ਰੋਗ ਲੱਛਣ ਤੇ ਇਲਾਜ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕੁਸ਼ਟ ਰੋਗ ਸਬੰਧੀ ਡਾ. ਹਿਤੇਸ਼ ਸ਼ਰਮਾ ਤੇ ਡਾ. ਰਿਸਭ ਦੱਤ ਵੱਲੋਂ ਵੀ ਜਾਣਕਾਰੀ ਸਾਂਝੀ ਕੀਤੀ ਗਈ।

### ਬੱਲੂਆਣਾ ਵੱਲੋਂ ਸੈਦਾਂ ਵਾਲੀ ਦੇ ਵਿਕਾਸ ਲਈ 56.55 ਲੱਖ ਦੀ ਗ੍ਰਾਂਟ ਜਾਰੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਵਿਧਾਇਕ ਬੱਲੂਆਣਾ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਹਲਕੇ ਦੇ ਪਿੰਡ ਸੈਦਾ ਵਾਲੀ ਦੀ ਪੰਚਾਇਤ ਨੂੰ 56 ਲੱਖ 55 ਹਜ਼ਾਰ ਰੁਪਏ ਦੀ ਗ੍ਰਾਂਟ ਦਿੱਤੀ।ਇਸ ਦੌਰਾਨ ਉਨ੍ਹਾ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਮੁਸ਼ਕਲਾਂ ਦੇ ਹੱਲ ਵੀ ਕੀਤੇ।ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਪਿੰਡ ਦੀ ਪੰਚਾਇਤ ਨੂੰ ਗ੍ਰਾਂਟ ਭੇਟ ਕਰਦਿਆਂ ਕਿਹਾ ਕਿ ਇਸ ਰਾਸ਼ੀ ਨਾਲ ਪਿੰਡ ਦੇ ਸਾਰੇ ਵਿਕਾਸ ਕਾਰਜ ਨੇਪਰੇ ਚਾੜ੍ਹੇ ਜਾਣ ਤੇ ਸਾਰੇ ਕੰਮ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤੇ ਜਾਣ।ਉਨ੍ਹਾ ਕਿਹਾ ਕਿ ਇਹ ਰਾਸ਼ੀ ਪੰਚਾਇਤ ਵੱਲੋਂ ਪਿੰਡਾਂ ਦੀਆਂ ਗਲੀਆਂ-ਨਾਲੀਆਂ, ਸੀਵਰੇਜ, ਸਾਫ ਸਫਾਈ ਤੇ ਹੋਰ ਜ਼ਰੂਰੀ ਸੁਵਿਧਾਵਾਂ 'ਤੇ ਖ਼ਰਚ ਕੀਤੀ ਜਾਵੇ ਤਾਂ ਜੋ ਸਾਡੇ ਸਰਹੱਦੀ ਜ਼ਿਲ੍ਹੇ ਦਾ ਕੋਈ ਵੀ ਪਿੰਡ ਕਿਸੇ ਸਹੂਲਤ ਤੋਂ ਵਾਂਝਾ ਨਾ ਰਹਿ ਸਕੇ।ਇਸ ਮੌਕੇ ਡਾ. ਨੰਦ ਲਾਲ, ਸੁਰਿੰਦਰ, ਜੋਤੀ ਪ੍ਰਕਾਸ਼ ਸਮੇਤ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

### ਅਣਪਛਾਤਾ ਪੈਸਿਆਂ ਵਾਲਾ ਥੈਲਾ ਚੁੱਕ ਕੇ ਫ਼ਰਾਰ

**ਮਲੋਟ (ਗੁਰਮੀਤ ਸਿੰਘ ਮੱਕੜ) :** ਬੁੱਧਵਾਰ ਸਵੇਰ ਦੇ ਸਮੇਂ ਦਾਨੇਵਾਲਾ ਚੌਕ ਵਿੱਚ ਸਥਿਤ ਓਮ ਪ੍ਰਕਾਸ਼ ਕਰਨਦੀਪ ਰੇਤੇ ਬੱਜਰੀ ਦੀ ਦੁਕਾਨ ਦੇ ਜਦੋਂ ਮਾਲਕ ਨੇ ਦੁਕਾਨ ਦਾ ਸ਼ਟਰ ਚੁੱਕ ਕੇ ਆਪਣਾ ਨਕਦੀ ਵਾਲਾ ਥੈਲਾ ਕਾਊਂਟਰ 'ਤੇ ਰੱਖ ਕੇ ਮੱਥਾ ਟੇਕਣ ਲੱਗਿਆ ਤਾਂ ਤੁਰੰਤ ਹੀ ਕੋਈ ਵਿਅਕਤੀ ਮੌਕੇ ਦਾ ਫਾਇਦਾ ਉਠਾ ਕੇ ਥੈਲਾ ਚੁੱਕ ਕੇ ਫਰਾਰ ਹੋ ਗਿਆ, ਜਿਸ ਵਿੱਚ 50 ਹਜ਼ਾਰ ਰੁਪਏ ਦੇ ਕਰੀਬ ਨਗਦੀ ਸੀ। ਜਦੋਂ ਦੁਕਾਨਦਾਰ ਨੇ ਪਲਟ ਕੇ ਦੇਖਿਆ ਤਾਂ ਉਹ ਫਰਾਰ ਹੋ ਚੁੱਕਿਆ ਸੀ। ਇਸ ਬਾਰੇ ਥਾਣਾ ਸਿਟੀ ਪੁਲਸ ਨੂੰ ਸੂਚਿਤ ਕਰਨ 'ਤੇ ਪੁਲਸ ਵੱਲੋਂ ਸੜਕ ਤੇ ਆਲੇ ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਖੰਗਾਲੇ ਜਾ ਰਹੇ ਹਨ।

# ਦਿਲਸ਼ਾਦ ਅਖ਼ਤਰ ਯਾਦਗਾਰੀ ਮੇਲੇ 'ਚ ਕਲਾਕਾਰਾਂ ਨੇ ਰੰਗ ਬੰਨ੍ਹਿਆ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਦੁਸਹਿਰਾ ਮੈਦਾਨ ਵਿੱਚ ਪ੍ਰਸਿੱਧ ਗਾਇਕ ਸਵ. ਦਿਲਸ਼ਾਦ ਅਖਤਰ ਦੀ ਯਾਦ ਵਿੱਚ ਸਾਲਾਨਾ 18ਵਾਂ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਗੁਰਦਿਲ ਆਰਟ ਕਲੱਬ ਮਾਛੀਵਾੜਾ ਦੇ ਪ੍ਰਧਾਨ ਗਾਇਕ ਗੁਰਦੇਵ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੱਭਿਆਚਾਰਕ ਮੇਲੇ ਦਾ ਉਦਘਾਟਨ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਫਿਲਮੀ ਅਦਾਕਾਰ ਹੌਬੀ ਧਾਲੀਵਾਲ ਤੇ ਜੋਰਾ ਪ੍ਰੋਡਕਸ਼ਨ ਦੇ ਮਾਲਕ ਸੈਮੀ ਓਬਰਾਏ ਨੇ ਦਿਲਸ਼ਾਦ ਅਖਤਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰਦੇਵ ਸੰਧੂ ਨੇ ਦੱਸਿਆ ਕਿ ਦਿਲਸ਼ਾਦ ਅਖਤਰ ਯਾਦਗਾਰੀ ਐਵਾਰਡ ਗਾਇਕ ਚਰਨਜੀਤ ਬਿਲਾਸਪੁਰੀ ਤੇ ਸ਼ਮਸ਼ੇਰ ਚੀਨਾ ਨੂੰ ਦਿੱਤਾ ਗਿਆ ਤੇ ਗੀਤਕਾਰ ਐਵਾਰਡ ਸ਼ਫੀ ਜਲਬੇਹੜਾ ਤੇ ਜਿੰਦਰ ਪੰਜਕੋਹਾ ਨੂੰ ਦਿੱਤਾ ਗਿਆ। ਗਾਇਕ ਗੁਰਦੇਵ ਸੰਧੂ ਨੇ ਉਨ੍ਹਾਂ ਦਾ ਪ੍ਰਸਿੱਧ ਗੀਤ 'ਮੇਲਾ ਦੋ ਦਿਨ ਦਾ ਢਾਈ ਦਿਨ ਦੀ ਜਿੰਦਗਾਨੀ' ਗਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸਮੁੱਚਾ ਮੰਚ ਸੰਚਾਲਨ ਗੁਰਦਾਸ ਕੈੜਾ ਨੇ ਬਾਖ਼ੂਬੀ ਨਿਭਾਇਆ। ਸੱਭਿਆਚਾਰਕ ਮੇਲੇ 'ਚ ਦੇਰ ਰਾਤ ਤੱਕ ਹਾਕਮ ਬਖਤੜੀਵਾਲਾ, ਹਰਪ੍ਰੀਤ ਮਾਂਗਟ, ਸੁਖਦੀਪ ਬੱਗਾ, ਆਤਮਾ ਬੁੱਢੇਵਾਲੀਆ, ਦਲਵਿੰਦਰ ਦਿਆਲਪੁਰੀ, ਲਾਡੀ ਧਾਲੀਵਾਲ, ਇੰਦੀ ਬਲਿੰਗ, ਪ੍ਰਵੀਨ ਅਖਤਰ, ਨਜ਼ਮਾਂ ਖਾਨ, ਹੁਸ਼ਿਆਰ ਮਾਹੀ ਤੇ ਰਮਨ ਸੱਗੂ, ਤਨਵੀਰ ਗੋਗੀ, ਵਣਜਾਰਾ, ਵਾਹਿਦ ਅਖ਼ਤਰ, ਬਲਵਿੰਦਰ ਬੱਬੀ ਤੇ ਕੌਰ ਪੂਜਾ, ਰਜਨੀ ਸਾਗਰ, ਮੈਂਡੀ ਕਾਲੜਾ, ਮੁਖਤਿਆਰ ਮਣਕਾ ਤੋਂ ਇਲਾਵਾ ਹੋਰ ਕਲਾਕਾਰਾਂ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ 'ਆਪ' ਆਗੂ ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ, ਜਸਵੀਰ ਸਿੰਘ ਗਿੱਲ, ਵਿਨੀਤ ਕੁਮਾਰ ਝੜੌਦੀ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ ਕਾਹਲੋਂ, ਗੁਰਨਾਮ ਸਿੰਘ ਖਾਲਸਾ, ਬਲਵਿੰਦਰ ਮਾਨ, ਸੁਖਵਿੰਦਰ ਮਾਨ, ਪਰਮਿੰਦਰ ਨੋਨਾ, ਕੁਲਵਿੰਦਰ ਮਾਨ, ਅਮਰਜੀਤ ਸਿੰਘ ਛਾਬੜਾ, ਸੁੱਖਾ ਸਿੰਘ, ਜਗਤਾਰ ਸਿੰਘ ਜੱਸੋਵਾਲ, ਹਰਮੇਸ਼ ਮੇਸ਼ੀ, ਕੁਲਵਿੰਦਰ ਕਿੰਦਾ ਆਦਿ ਮੌਜੂਦ ਸਨ।

# ਮੈਡਮ ਕੁਸਮ ਗਰਗ ਨੂੰ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ ਪਾਰਟੀ



**ਧੂਰੀ (ਬਿੰਨੀ ਗਰਗ)**-ਆਰੀਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਮੈਡਮ ਕੁਸਮ ਗਰਗ ਦੀ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ ਪ੍ਰਿੰਸੀਪਲ ਨਵਿੰਦਰ ਸਿੰਘ ਪੰਧੇਰ ਦੀ ਅਗਵਾਈ ਹੇਠ ਕੀਤੀ ਗਈ। ਇਸ ਸਮੇਂ ਆਰੀਆ ਸਮਾਜ ਦੀਆਂ ਚੱਲ ਰਹੀਆਂ ਚਾਰ ਸੰਸਥਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਨਵਿੰਦਰ ਸਿੰਘ ਪੰਧੇਰ ਪ੍ਰਿੰਸੀਪਲ ਆਰੀਆ ਸਕੂਲ ਤੇ ਸਰਮਿੰਦਰ ਕੌਰ ਪ੍ਰਿੰਸੀਪਲ ਆਰੀਆ ਕਾਲਜ ਨੇ ਦੱਸਿਆ ਕਿ ਮੈਡਮ ਕੁਸਮ ਗਰਗ ਨੇ ਆਰੀਆ ਸਕੂਲ ਵਿੱਚ 23 ਸਾਲ ਕੰਮ ਕੀਤਾ ਹੈ। ਸਾਨੂੰ ਪਤਾ ਹੀ ਨਹੀਂ ਲੱਗਾ ਕਿ 23 ਸਾਲ ਕਿਵੇਂ ਬੀਤ ਗਏ, ਜਦੋਂ ਵੱਡੀ ਭੈਣ ਨੇ ਸਾਨੂੰ ਸਮਝਾਇਆ ਤੇ ਬੱਚਿਆਂ ਨੂੰ ਆਪਣੇ ਬੱਚੇ ਸਮਝ ਕੇ ਪੜ੍ਹਾਇਆ। ਜਦੋਂ ਵੀ ਲੋੜ ਪਈ ਤਾਂ ਉਹ ਆਪ ਹੀ ਕੁਝ ਲੋੜਵੰਦ ਬੱਚਿਆਂ ਦੀਆਂ ਫੀਸਾਂ ਤੇ ਦਵਾਈਆਂ ਦਿੰਦੇ ਸਨ। ਇਸ ਲਈ ਅਸੀਂ ਸਕੂਲ ਦੀਆਂ ਚਾਰੇ ਸੰਸਥਾਵਾਂ ਦੇ ਅਧਿਕਾਰੀਆਂ ਤੇ ਕਮੇਟੀ ਮੈਂਬਰਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਇੰਨੇ ਸਹਿਯੋਗ ਤੇ ਅਧਿਆਪਕਾਂ ਦੀ ਲਗਨ ਨਾਲ ਸਕੂਲ ਅੱਜ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਇਸ ਮੌਕੇ ਵਾਸੂਦੇਵ ਆਰੀਆ ਪ੍ਰਧਾਨ ਆਰੀਆ ਕਾਲਜ ਤੇ ਰਾਮਪਾਲ ਆਰੀਆ ਜਨਰਲ ਸਕੱਤਰ ਆਰੀਆ ਸਮਾਜ ਧੂਰੀ ਤੇ ਸਮੂਹ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਸਕੂਲ ਲਈ ਇਸੇ ਤਰ੍ਹਾਂ ਦੇ ਸਹਿਯੋਗ ਦੀ ਅਪੀਲ ਵੀ ਕੀਤੀ। ਮੈਡਮ ਨੀਲਮ ਪਾਠਕ, ਮੈਡਮ ਨੀਰੂ ਜਿੰਦਲ, ਮੈਡਮ ਰਾਕੇਸ਼, ਪ੍ਰਦੀਪ ਕੁਮਾਰ, ਮੈਡਮ ਕੁਸਮ ਗਰਗ ਨੂੰ ਵਧਾਈ ਦਿੱਤੀ ਤੇ ਗਾਇਤਰੀ ਮੰਤਰ ਦਾ ਜਾਪ ਕਰਕੇ ਉਨ੍ਹਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਮੈਡਮ ਕੁਸਮ ਤੇ ਪਵਨ ਗਰਗ ਮੈਨੇਜਰ ਐੱਮ. ਸੀ. ਆਰ. ਕਾਲਜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਅਮਰੀਕਾ ਤੋਂ ਸਤਵੰਤ ਕੌਰ ਪਰਮਾਰ ਵਿਸ਼ੇਸ਼ ਤੌਰ 'ਤੇ ਆਸ਼ੀਰਵਾਦ ਦੇਣ ਲਈ ਪਹੁੰਚੇ। ਮੈਡਮ ਗੀਨਾ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ। ਇਸ ਮੌਕੇ ਚੇਅਰਮੈਨ ਵਿਕਾਸ ਆਰ. ਪੀ. ਸ਼ਰਮਾ, ਕਾਰਜਕਾਰੀ ਮੈਂਬਰ ਸੁਸ਼ੀਲ ਪਾਠਕ, ਸਤੀਸ਼ ਪਾਲ ਮੈਨੇਜਰ ਯਸ ਚੌਧਰੀ ਸਕੂਲ, ਮਦਨ ਲਾਲ ਵਰਮਾ, ਮੋਹਨ ਲਾਲ, ਅੰਮ੍ਰਿਤਲਾਲ ਰਿੰਕੂ, ਵਿਕਾਸ ਵਰਮਾ, ਨਰੇਸ਼ ਕੁਮਾਰ ਹਾਜ਼ਰ ਸਨ।

# ਜਸਪ੍ਰੀਤ ਸਿੰਘ ਨੇ ਡਿਪਟੀ ਕਮਿਸ਼ਨਰ ਵਜੋਂ ਸੰਭਾਲਿਆ ਚਾਰਜ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਇੱਥੇ ਡਿਪਟੀ ਕਮਿਸ਼ਨਰ ਵਜੋਂ ਸ. ਜਸਪ੍ਰੀਤ ਸਿੰਘ (ਆਈਏਐਸ) ਨੇ ਆਪਣਾ ਚਾਰਜ ਸੰਭਾਲ ਲਿਆ ਹੈ।2014 ਬੈਚ ਦੇ ਆਈਏਐਸ ਅਧਿਕਾਰੀ ਸ. ਜਸਪ੍ਰੀਤ ਸਿੰਘ ਇਸ ਸਮੇਂ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀਆਂ ਵਿਭਾਗ ਤੋਂ ਇਲਾਵਾ ਪੰਜਾਬ ਨਿਵੇਸ਼ ਪ੍ਰਮੋਸ਼ਨ ਬਿਊਰੋ ਦੇ ਵਧੀਕ ਸੀ.ਈ.ਓ. ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ।ਇਸ ਤੋਂ ਪਹਿਲਾਂ ਸ. ਜਸਪ੍ਰੀਤ ਸਿੰਘ ਵੱਖ-ਵੱਖ ਜ਼ਿਲ੍ਹਿਆਂ ਵਿੱਚ ਬਤੌਰ ਡਿਪਟੀ ਕਮਿਸ਼ਨਰ ਵਜੋਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ ਤੇ ਡਿਪਟੀ ਕਮਿਸ਼ਨਰ ਨੂੰ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਸਲਾਮੀ ਵੀ ਦਿੱਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨਕ ਤੇ ਪੁਲਸ ਅਧਿਕਾਰੀਆਂ ਨਾਲ ਬੈਠਕ ਕਰਕੇ ਅਧਿਕਾਰੀਆਂ ਕੋਲੋਂ ਜ਼ਿਲ੍ਹੇ ਨਾਲ ਸਬੰਧਤ ਲੋੜੀਂਦੀ ਜਾਣਕਾਰੀ ਹਾਸਲ ਕੀਤੀ।

ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਦਫ਼ਤਰ ਆਉਣ ਵਾਲੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਯਕੀਨੀ ਬਣਾਇਆ ਜਾਵੇ।ਇਸ ਮੌਕੇ ਕਮਿਸ਼ਨਰ ਨਗਰ ਨਿਗਮ ਸ੍ਰੀ ਰਾਹੁਲ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਮਨਦੀਪ ਕੌਰ, ਐਸਡੀਐਮ ਬਠਿੰਡਾ ਸ਼੍ਰੀਮਤੀ ਇਨਾਯਤ, ਐਸਡੀਐਮ ਮੌੜ ਸ਼੍ਰੀ ਵਰਿੰਦਰ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ਼੍ਰੀਮਤੀ ਨੀਰੂ ਗਰਗ, ਸਹਾਇਕ ਕਮਿਸ਼ਨਰ ਜਨਰਲ ਸ਼੍ਰੀ ਪੰਕਜ ਤੋਂ ਇਲਾਵਾ ਹੋਰ ਅਧਿਕਾਰੀ ਆਦਿ ਹਾਜ਼ਰ ਸਨ।

# ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਸ਼ਰਧਾਂਜਲੀ ਸਮਾਰੋਹ

**ਪਟਿਆਲਾ (ਇਕਬਾਲ ਸਿੰਘ, ਗੁਰਪਿਆਰ ਸਿੰਘ ਬੱਲ)**-ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਆਪਣਾ ਬਲੀਦਾਨ ਦੇਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਇਥੇ ਮਾਲ ਰੋਡ 'ਤੇ ਰਜਿੰਦਰਾ ਲੇਕ ਵਿਖੇ ਸਥਿਤ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਸਹਾਇਕ ਕਮਿਸ਼ਨਰ (ਜ) ਰਵਿੰਦਰ ਸਿੰਘ ਦੀ ਅਗਵਾਈ ਹੇਠ ਸ਼ਰਧਾਂਜਲੀ ਸਮਾਰੋਹ ਹੋਇਆ।ਇਸ ਮੌਕੇ ਪੁਲਸ ਦੀ ਹਥਿਆਰਬੰਦ ਟੁਕੜੀ ਨੇ ਹਥਿਆਰ ਉਲਟੇ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਸਹਾਇਕ ਕਮਿਸ਼ਨਰ ਰਵਿੰਦਰ ਸਿੰਘ ਨੇ ਮਹਾਤਮਾ ਗਾਂਧੀ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਉਨ੍ਹਾਂ ਮਹਾਤਮਾ ਗਾਂਧੀ ਸਮੇਤ ਹੋਰਨਾਂ ਸੁਤੰਤਰਤਾ ਸੰਗਰਾਮੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਅੱਜ ਦਾ ਇਹ ਸ਼ਹੀਦੀ ਦਿਹਾੜਾ ਬਹੁਤ ਅਹਿਮ ਦਿਨ ਹੈ, ਕਿਉਂਕਿ ਇਸ ਦਿਨ ਸਮੁੱਚਾ ਦੇਸ਼ ਆਜ਼ਾਦੀ ਸੰਗਰਾਮ 'ਚ ਆਪਣੀ ਜਾਨ ਦੀ ਆਹੂਤੀ ਪਾਉਣ ਵਾਲਿਆਂ ਨੂੰ ਸਿਜਦਾ ਕਰਦਾ ਹੈ।



ਸਹਾਇਕ ਕਮਿਸ਼ਨਰ (ਜ) ਨੇ ਕਿਹਾ ਕਿ ਮਹਾਤਮਾ ਗਾਂਧੀ ਨੇ ਅਹਿੰਸਾ ਤੇ ਨਾ-ਮਿਲਵਰਤਨ ਲਹਿਰ ਦਾ ਸਹਾਰਾ ਲੈਂਦਿਆਂ ਸੁਤੰਤਰਤਾ ਸੰਗਰਾਮ ਦੀ ਅਗਵਾਈ ਕੀਤੀ ਤੇ ਉਨ੍ਹਾਂ ਨੇ ਦੇਸ਼ ਦੀ ਧਰਮ ਨਿਰਪੱਖਤਾ, ਏਕਤਾ, ਸ਼ਾਂਤੀ, ਅਖੰਡਤਾ ਤੇ ਆਜ਼ਾਦੀ ਕਾਇਮ ਰੱਖਣ ਲਈ ਆਪਣੀ ਕੁਰਬਾਨੀ ਦਿੱਤੀ।ਰਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਉਨ੍ਹਾਂ ਵੱਲੋਂ ਅਹਿੰਸਾ, ਸਵੱਛਤਾ, ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਦੇ ਦਿੱਤੇ ਸੰਕਲਪ ਨੂੰ ਪੂਰਾ ਕਰਨ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਸਮਾਰੋਹ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਹਾਕਮ ਥਾਪਰ, ਬਾਗਬਾਨੀ ਵਿਕਾਸ ਅਫਸਰ ਸਿਮਰਨਜੀਤ ਕੌਰ, ਡਿਪਟੀ ਕਮਿਸ਼ਨਰ ਦਫਤਰ ਦੇ ਅਮਲੇ ਸਮੇਤ ਹੋਰ ਪਤਵੰਤੇ ਮੌਜੂਦ ਸਨ।

# ਪੁੱਤਰ ਦੀ ਜਨਮ ਦਿਨ ਦੀ ਖ਼ੁਸ਼ੀ 'ਚ ਸਕੂਲੀ ਬੱਚਿਆਂ ਨੂੰ ਵੰਡੇ ਬੂਟ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸਰਕਾਰੀ ਪ੍ਰਾਇਮਰੀ ਸਕੂਲ ਬਧਾਈ ਦੇ ਬੱਚਿਆਂ ਨੂੰ ਬੂਟ ਤੇ ਜ਼ੁਰਾਬਾਂ ਦੀ ਸੇਵਾ ਮੋਹਨ ਲਾਲ ਸ਼ਰਮਾ ਦੇ ਸਪੁੱਤਰ ਵਿਜੇਂਦਰ ਕੁਮਾਰ ਸ਼ਰਮਾ (ਆਸਟਰੇਲੀਆ) ਵੱਲੋਂ ਆਪਣੇ ਬੇਟੇ ਸ਼ਿਵਅੰਸ਼ ਸ਼ਰਮਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਕੂਲ ਦੇ ਬੱਚਿਆਂ ਨੂੰ ਤਕਰੀਬਨ 160 ਬੂਟਾਂ ਦੇ ਜੋੜੇ ਪਵਾਏ ਗਏ।ਇਸ ਮੌਕੇ ਸਕੂਲ ਦੇ ਮੁਖੀ ਹਰਸਿਮਰਨ ਸਿੰਘ ਵੱਲੋਂ ਉਨ੍ਹਾਂ ਦੇ ਆਏ ਹੋਏ ਮਿੱਤਰਾਂ ਦਾ ਸਨਮਾਨ ਚਿੰਨ੍ਹ ਦੇ ਕੇ ਧੰਨਵਾਦ ਕੀਤਾ ਗਿਆ ਤੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ।ਇਸ ਮੌਕੇ ਸਕੂਲ ਮੁਖੀ ਹਰਸਿਮਰਨ ਸਿੰਘ ਨੇ ਕਿਹਾ ਕਿ ਸਾਨੂੰ ਆਪਣੀ ਖੁਸ਼ੀਆਂ ਦੇ ਪਲ ਲੋੜਵੰਦ ਵਿਅਕਤੀਆਂ ਨਾਲ ਸਾਂਝੇ ਕਰਕੇ ਬਿਤਾਉਣੇ ਚਾਹੀਦੇ ਹਨ ਤੇ ਆਪਣੇ ਜਨਮ ਦਿਨ, ਵਰ੍ਹੇਗੰਢ ਦੀਆਂ ਖੁਸ਼ੀਆਂ ਮਹਿੰਗੇ ਹੋਟਲਾਂ 'ਚ ਫਾਲਤੂ ਪੈਸੇ ਖਰਚ ਕਰਕੇ ਮਨਾਉਣ ਦੀ ਬਜਾਏ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ।

ਇਸ ਸ਼ੁਭ ਅਵਸਰ 'ਤੇ ਵਿਨੋਦ ਕੁਮਾਰ ਸ਼ਰਮਾ, ਵਿੱਕੀ ਕੁਮਾਰ ਧਵਨ, ਗਗਨਦੀਪ ਕੁਮਾਰ, ਮੋਨੂੰ ਸ਼ਰਮਾ, ਸੰਨੀ ਗਰੋਵਰ, ਸਕੂਲ ਦੇ ਚੇਅਰਮੈਨ ਸਤਵਿੰਦਰ ਸਿੰਘ ਕਮੇਟੀ ਮੈਂਬਰ ਸੰਦੀਪ ਸਿੰਘ ਤੇ ਵੀਰਪਾਲ ਕੌਰ, ਪਰਮਜੀਤ ਕੌਰ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਸੁਨੀਤਾ ਰਾਣੀ ਤੇ ਜਸਵਿੰਦਰ ਸਿੰਘ ਲੱਖੇਵਾਲੀ ਸਟਾਫ ਮੈਂਬਰ ਹਾਜ਼ਰ ਸਨ।ਸਮੂਹ ਸਟਾਫ ਵੱਲੋਂ ਸ਼ਰਮਾ ਪਰਵਾਰ ਦਾ ਧੰਨਵਾਦ ਕੀਤਾ ਗਿਆ।

# ਅਮਰ ਨਾਥ ਮਿੱਤਲ ਨਮਿੱਤ ਪਾਠ ਦਾ ਭੋਗ 4 ਨੂੰ



**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ) :** ਰਾਧਾ ਰਾਣੀ ਮੰਡਲੀ ਦੇ ਸ਼ਰਧਾਲੂ ਤੇ ਅਗਰਵਾਲ ਸਭਾ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਤੇ ਸਮਾਜ ਸੇਵਕ ਕਾਲਾ ਰਾਮ ਮਿੱਤਲ ਅਤੇ ਏ.ਐੱਸ.ਆਈ. (ਸੁਨਾਮ) ਅਜੇ ਕੁਮਾਰ ਮਿੱਤਲ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਅਮਰ ਨਾਥ ਮਿੱਤਲ ਦਾ ਦਿਹਾਂਤ ਹੋ ਗਿਆ। ਇਸ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਅਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿਆਨੀ, ਸੰਜੇ ਸੈਨ, ਰੀਤੂ ਗੋਇਲ ਸਾਬਕਾ ਪ੍ਰਧਾਨ, ਮੇਲਾ ਸਿੰਘ ਸੂਬੇਦਾਰ, ਕਾ. ਬੀਬੀ ਸ਼ਮਿੰਦਰ ਕੌਰ ਗਿੱਲ, ਮਹਿੰਦਰ ਸਿੰਘ ਦੁੱਲਟ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਬਲਵਿੰਦਰ ਸਿੰਘ ਢਿੱਲੋਂ, ਭਾਜਪਾ ਦੇ ਸ਼ਹਿਰੀ ਪ੍ਰਧਾਨ ਰਤਨ ਕੁਮਾਰ ਮੰਗੂ, ਬ੍ਰਾਹਮਣ ਸਭਾ ਦੇ ਰਮੇਸ਼ ਸ਼ਰਮਾ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ ਤੋਂ ਇਲਾਵਾ ਵੱਖ-ਵੱਖ ਪਾਰਟੀਆਂ ਤੇ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਅਮਰ ਨਾਥ ਮਿੱਤਲ ਦੀ ਮੌਤ 'ਤੇ ਵੱਡੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਸਵ. ਅਮਰ ਨਾਥ ਮਿੱਤਲ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ਼੍ਰੀ ਗਰੁੜ ਪੁਰਾਣ ਪਾਠ ਦਾ ਭੋਗ 4 ਫਰਵਰੀ ਨੂੰ 12:30 ਤੋਂ 1:30 ਵਜੇ ਤੱਕ ਸ਼ਾਂਤੀ ਹਾਲ ਲੋਹਾਖੇੜਾ ਰੋਡ ਲੌਂਗੋਵਾਲ ਵਿਖੇ ਪਵੇਗਾ।

# ਸਿਮਰਨਜੀਤ ਸਿੰਘ ਮਾਨ ਵੱਲੋਂ ਪੈਨਸ਼ਨ ਵੰਡ ਸਮਾਗਮ ਦਾ ਉਦਘਾਟਨ



**ਸੰਗਰੂਰ, (ਪ੍ਰਵੀਨ ਸਿੰਘ)**-ਹਲਕੇ ਦੇ ਪਿੰਡ ਖੰਡੇਬਾਦ ਦੇ ਮੁੱਖ ਗੁਰਦੁਆਰਾ ਸਾਹਿਬ ਵਿਖੇ ਮਾਤਾ ਚਤਿੰਨ ਕੌਰ ਚੈਰੀਟੇਬਲ ਟਰੱਸਟ ਵੱਲੋਂ ਇਲਾਕੇ ਦੇ ਲੋੜਵੰਦਾਂ ਨੂੰ ਪੈਨਸ਼ਨ ਦੇਣ ਦੇ ਸ਼ਲਾਘਾਯੋਗ ਕਾਰਜ ਦੀ ਸ਼ੁਰੂਆਤ ਕੀਤੀ ਗਈ, ਜਿਸ ਦਾ ਉਦਘਾਟਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਵੱਲੋਂ ਕੀਤਾ ਗਿਆ। ਟਰੱਸਟ ਵੱਲੋਂ ਕਰਵਾਏ ਗਏ ਪਹਿਲੇ ਪੈਨਸ਼ਨ ਵੰਡ ਸਮਾਗਮ ਦੌਰਾਨ ਇਲਾਕੇ ਦੇ ਕਰੀਬ 24 ਪਿੰਡਾਂ ਵਿੱਚੋਂ 32 ਲੋੜਵੰਦ ਪਰਵਾਰਾਂ ਨੂੰ ਚੁਣ ਕੇ ਪੈਨਸ਼ਨ ਦਿੱਤੀ ਗਈ। ਇਹ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਆਸਟਰੇਲੀਆ ਇਕਾਈ ਦੇ ਬੁਲਾਰੇ ਵਿਕਰਮਜੀਤ ਸਿੰਘ ਖੰਡੇਬਾਦ ਨੇ ਦੱਸਿਆ ਕਿ ਇਹ ਟਰੱਸਟ ਉਨ੍ਹਾਂ ਦੇ ਪਿਤਾ ਸ. ਜਗਦੇਵ ਸਿੰਘ ਖੰਡੇਬਾਦ ਵੱਲੋਂ ਆਪਣੀ ਮਾਤਾ ਚਤਿੰਨ ਕੌਰ ਦੀ ਯਾਦ ਵਿੱਚ ਬਣਾਇਆ ਗਿਆ ਹੈ। ਅੱਜ ਪਹਿਲੇ ਸਮਾਗਮ ਦੌਰਾਨ 32 ਦੇ ਕਰੀਬ ਲੋੜਵੰਦਾਂ ਦੀ ਚੋਣ ਕਰਕੇ ਸਾਲਾਨਾ 6 ਹਜ਼ਾਰ ਰੁਪਏ ਪੈਨਸ਼ਨ ਵੰਡੀ ਗਈ ਹੈ। ਟਰੱਸਟ ਦੀ ਕੋਸ਼ਿਸ਼ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਲੋੜਵੰਦਾਂ ਦੀ ਪੜਤਾਲ ਕਰਕੇ ਕਰੀਬ 100 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾਵੇ ਤੇ ਪੈਨਸ਼ਨ ਰਾਸ਼ੀ ਵੀ ਵਧਾਈ ਜਾਵੇ।

ਸ੍ਰ. ਮਾਨ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ. ਜਗਦੇਵ ਸਿੰਘ ਖੰਡੇਬਾਦ ਵੱਲੋਂ ਆਪਣੀ ਮਾਤਾ ਦੀ ਯਾਦ ਵਿੱਚ ਟਰੱਸਟ ਬਣਾ ਕੇ ਜੋ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ, ਉਹ ਬੇਹੱਦ ਸ਼ਲਾਘਾਯੋਗ ਹੈ। ਸਮਾਗਮ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਲੋਹਾਖੇੜਾ ਵੱਲੋਂ ਮੁੱਖ ਮਹਿਮਾਨ ਸਿਮਰਨਜੀਤ ਸਿੰਘ ਮਾਨ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਪ੍ਰਧਾਨ ਸਮਾਜ ਸੇਵੀ ਜਗਦੇਵ ਸਿੰਘ ਖੰਡੇਬਾਦ, ਸੈਕਟਰੀ ਵਿਕਰਮਜੀਤ ਸਿੰਘ ਖੰਡੇਬਾਦ, ਖਜ਼ਾਨਚੀ ਨਿਰਮਲਜੀਤ ਸਿੰਘ, ਮੀਤ ਪ੍ਰਧਾਨ ਬੀਬੀ ਸੁਰਿੰਦਰ ਕੌਰ, ਐਡਵੋਕੇਟ ਗਗਨਦੀਪ ਸਿੰਘ ਖੰਡੇਬਾਦ, ਹਰਦੀਪ ਸਿੰਘ ਲੋਹਾਖੇੜਾ, ਪੀਏਸੀ ਮੈਂਬਰ ਬਹਾਦਰ ਸਿੰਘ ਭਸੌੜ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਦੇ ਪਤਵੰਤਿਆਂ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਹਾਜ਼ਰ ਸੀ।

# ਡਾ. ਰਜੀਵ ਅਹੂਜਾ ਟੈਲੀਫੋਨ ਸਲਾਹਕਾਰ ਕਮੇਟੀ ਦੇ ਮੈਂਬਰ ਨਿਯੁਕਤ



**ਮੱਖੂ (ਰਛਪਾਲ ਸਿੰਘ ਸੰਧੂ) :** ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਸਕੱਤਰ ਡਾ. ਰਜੀਵ ਅਹੂਜਾ ਨੂੰ ਭਾਰਤ ਸਰਕਾਰ ਦੇ ਸੰਚਾਰ ਮੰਤਰਾਲੇ ਵੱਲੋਂ ਫਿਰੋਜ਼ਪੁਰ ਟੈਲੀਫੋਨ ਸਰਕਲ ਵਿੱਚ ਟੈਲੀਫੋਨ ਸਲਾਹਕਾਰ ਕਮੇਟੀ ਦੇ ਮੈਂਬਰ ਬਣਾਉਣ ਤੇ ਭਾਰਤੀ ਜਨਤਾ ਪਾਰਟੀ ਮੰਡਲ ਮਖੂ ਦੇ ਪ੍ਰਧਾਨ ਜਥੇ. ਕਾਰਜ ਸਿੰਘ ਆਹਲਾਂ, ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਸੋਸ਼ਲ ਮੀਡੀਆ ਦੇ ਇੰਚਾਰਜ ਸੰਦੀਪ ਸਚਦੇਵਾ, ਕੋ ਇੰਚਾਰਜ ਜਤਿਨ ਸ਼ਰਮਾ, ਜ਼ਿਲ੍ਹਾ ਫਿਰੋਜ਼ਪੁਰ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਰਜੀਵ ਕਪੂਰ, ਅਮਿਤ ਅਰੋੜਾ, ਡਾ. ਰਮਨ ਸ਼ਰਮਾ, ਲੱਕੀ ਗਰੋਵਰ, ਰਾਜਪਾਲ ਕੰਧਾਰੀ, ਦੇਸ ਰਾਜ, ਸੁਰਿੰਦਰ ਪਾਲ ਰਾਜੂ ਗਰੋਵਰ, ਰਣਜੀਤ ਸਿੰਘ ਜਨਰਲ ਸਕੱਤਰ, ਹਰਸ਼ਿਤ ਅਹੂਜਾ, ਅਖਿਲ ਅਹੂਜਾ ਆਦਿ ਵੱਲੋਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਡਾ. ਰਜੀਵ ਅਹੂਜਾ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਤੇ ਵਧਾਈਆਂ ਦਿੱਤੀਆਂ।

ਇਸ ਮੌਕੇ ਭਾਰਤ ਸਰਕਾਰ ਦੇ ਟੈਲੀਫੋਨ ਸਲਾਹਕਾਰ ਕਮੇਟੀ ਦੇ ਬਣੇ ਮੈਂਬਰ ਡਾ. ਰਜੀਵ ਅਹੂਜਾ ਨੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ, ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਤਨਦੇਹੀ ਨਾਲ ਨਿਭਾਇਆ ਜਾਵੇਗਾ।

# ਟੋਲ ਪਲਾਜਾ ਢਾਹੁਣ ਦੇ ਦੋਸ਼ 'ਚ ਸੂਬਾ ਪ੍ਰਧਾਨ ਸਮੇਤ 8 ਨਾਮਜ਼ਦ

## 70-80 ਅਣਪਛਾਤਿਆਂ ਵਿਰੁੱਧ ਮਾਮਲਾ ਦਰਜ

**ਭੀਖੀ, (ਧਰਮਵੀਰ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਸੁਨਾਮ ਮਾਨਸਾ ਮੁੱਖ ਮਾਰਗ ਤੇ ਪਿੰਡ ਹਮੀਰਗੜ੍ਹ ਢੈਪਈ ਕੋਲ ਲੱਗੇ ਬੇਅਬਾਦ ਟੋਲ ਪਲਾਜਾ ਨੂੰ ਢਾਹੁਣ ਲਈ ਪਿਛਲੇ ਸਵਾ ਮਹੀਨੇ ਤੋਂ ਵੱਧ ਸਮੇਂ ਤੋਂ ਲਗਾਇਆ ਪੱਕਾ ਮੋਰਚਾ ਜਾਰੀ ਹੈ।

ਇਸ ਦੌਰਾਨ ਮੋਰਚਾ ਲਾਏ ਜਾਣ ਵੇਲੇ ਉਕਤ ਟੋਲ ਪਲਾਜੇ ਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਗਈ ਸੀ, ਪ੍ਰੰਤੂ ਪੁਲਸ ਪ੍ਰਸ਼ਾਸਨ ਨੇ ਪੁੱਜ ਕੇ ਇਸ ਨੂੰ ਨਾਕਾਮ ਕਰ ਦਿੱਤਾ ਸੀ ਅਤੇ ਪਿਛਲੀ 2 ਜਨਵਰੀ ਨੂੰ ਇਸ ਉੱਪਰ ਵੱਡਾ ਇਕੱਠ ਕਰਕੇ ਇਸ ਨੂੰ ਢਾਹੁਣਾ ਸੀ, ਪ੍ਰੰਤੂ ਪ੍ਰਸ਼ਾਸਨ ਵੱਲੋਂ 26 ਜਨਵਰੀ ਤੱਕ ਹਟਾਏ ਜਾਣ ਦੇ ਦਿੱਤੇ ਭਰੋਸੇ ਤੋਂ ਬਾਅਦ ਉਕਤ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਸੀ, ਪ੍ਰੰਤੂ 24-25 ਜਨਵਰੀ ਦੀ ਦਰਮਿਆਨੀ ਰਾਤ ਨੂੰ ਕਿਸਾਨ ਯੂਨੀਅਨ ਦੇ ਵਰਕਰਾਂ ਵੱਲੋਂ ਟੋਲ ਪਲਾਜੇ ਦਾ ਵੱਡਾ ਹਿੱਸਾ ਜੇਸੀਬੀ ਤੇ ਹਾਇਡਰੇ ਦੀ ਮਦਦ ਨਾਲ ਢਾਹ ਦਿੱਤਾ ਸੀ, ਜਿਸ ਦਾ ਮਲਬਾ ਹਾਲੇ ਨਹੀ ਚੁੱਕਿਆ ਗਿਆ ਸੀ। ਇਸ 'ਤੇ ਕਾਰਵਾਈ ਕਰਦਿਆ ਭੀਖੀ ਪੁਲਸ ਨੇ ਟੋਲ ਪਲਾਜਾ ਢਾਹ ਕੇ ਆਵਾਜਾਈ ਵਿੱਚ ਰੁਕਾਵਟ ਪਾਉਣ ਦੇ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ, ਜ਼ਿਲ੍ਹਾ ਪ੍ਰਧਾਨ ਲਛਮਣ ਸਿੰਘ ਚੱਕ ਅਲੀਸ਼ੇਰ, ਜ਼ਿਲ੍ਹਾ ਜਰਨਲ ਸਕੱਤਰ ਮਹਿੰਦਰ ਸਿੰਘ ਭੈਣੀ ਬਾਘਾ, ਜਗਜੀਤ ਸਿੰਘ ਧਲੇਵਾਂ, ਧੰਨਜੀਤ ਸਿੰਘ ਢੈਪਈ, ਦਰਸ਼ਨ ਸਿੰਘ ਢੈਪਈ, ਦੀਪ ਸਿੰਘ ਢੈਪਈ ਤੇ ਰਾਜ ਸਿੰਘ ਅਲੀਸ਼ੇਰ ਕਲਾਂ ਨੂੰ ਨਾਮਜ਼ਦ ਕਰਕੇ 70-80 ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਹਾਲੇ ਤੱਕ ਇਸ ਮਾਮਲੇ ਵਿੱਚ ਕੋਈ ਗ੍ਰਿਫਤਾਰੀ ਨਹੀਂ ਹੋਈ ਬਲਕਿ ਯੂਨੀਅਨ ਦਾ ਪੱਕਾ ਮੋਰਚਾ ਜਾਰੀ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਜਰਨਲ ਸਕੱਤਰ ਮਹਿੰਦਰ ਸਿੰਘ ਭੈਣੀਬਾਘਾ ਨੇ ਕਿਹਾ ਕਿ ਸਰਕਾਰ ਇਸ ਖੂਨੀ ਟੋਲ ਪਲਾਜੇ ਨੂੰ ਹਟਾਉਣ ਦੀ ਬਜਾਏ ਕਿਸਾਨਾਂ 'ਤੇ ਪਰਚੇ ਦਰਜ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਇਹ ਪਰਚੇ ਰੱਦ ਕਰਵਾਉਣ ਤੇ ਟੋਲ ਪਲਾਜੇ ਨੂੰ ਹਟਾਉਣ ਤੱਕ ਸੰਘਰਸ਼ ਜਾਰੀ ਰੱਖਣਗੇ।

# 13 ਫਰਵਰੀ ਨੂੰ ਦਿੱਲੀ ਕੂਚ ਸੰਬੰਧੀ ਕਿਸਾਨ ਜਥੇਬੰਦੀਆਂ ਦੀ ਮੀਟਿੰਗ



**ਸਮਰਾਲਾ (ਸੁਰਜੀਤ ਸਿੰਘ)**-13 ਫਰਵਰੀ ਨੂੰ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨੀ ਮੰਗਾਂ ਦੇ ਸਬੰਧ ਵਿੱਚ ਦਿੱਲੀ ਕੂਚ ਕਰਨ ਲਈ ਸਮਰਾਲਾ ਵਿੱਚ ਭਰਵੀਂ ਮੀਟਿੰਗ ਕੀਤੀ ਗਈ।ਮੀਟਿੰਗ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਸੰਤੋਖ ਸਿੰਘ ਨਾਗਰਾ, ਬੀ. ਕੇ. ਯੂ. (ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਸੁਪਿੰਦਰ ਸਿੰਘ ਬੱਗਾ ਤੇ ਕਿਸਾਨ ਯੂਨੀਅਨ ਸ਼ੇਰੇ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਬੌਂਦਲੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਨਾਗਰਾ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ, ਜਿਨ੍ਹਾਂ ਨੂੰ ਕੇਂਦਰ ਸਰਕਾਰ ਪਿਛਲੇ ਕਾਫੀ ਸਮੇਂ ਤੋਂ ਲੰਬਤ ਅਵਸਥਾ ਵਿੱਚ ਰੱਖ ਰਹੀ ਹੈ, ਨੂੰ ਪੂਰਾ ਕਰਾਉਣ ਲਈ ਹੁਣ 13 ਫਰਵਰੀ ਨੂੰ ਦਿੱਲੀ ਮੁੜ ਘੇਰੀ ਜਾ ਰਹੀ ਹੈ, ਜਿਸ ਸਬੰਧੀ ਵੱਖ ਵੱਖ ਯੂਨੀਅਨਾਂ ਦੇ ਨੁਮਾਇੰਦੇ ਪਿੰਡ ਪਿੰਡ ਜਾ ਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਦਿੱਲੀ ਜਾਣ ਲਈ ਪ੍ਰੇਰਿਤ ਕਰ ਰਹੇ ਹਨ ਅਤੇ ਨਾਲ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕਿਸਾਨਾਂ ਦੀਆਂ ਉਕਤ ਜਥੇਬੰਦੀਆਂ ਨਿਰੋਲ ਗੈਰ-ਰਾਜਨੀਤਕ ਹਨ, ਇਨ੍ਹਾਂ ਵੱਲੋਂ ਸਿਰਫ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਸਬੰਧੀ ਗੱਲਬਾਤ ਕੀਤੀ ਜਾਂਦੀ ਹੈ।ਕੇਂਦਰ ਦੀ ਮੋਦੀ ਸਰਕਾਰ, ਜੋ ਆਪਣੀਆਂ ਰਾਜਨੀਤਕ ਘੁਣਤਰਾਂ ਕਾਰਨ ਕਈ ਕਿਸਾਨ ਜਥੇਬੰਦੀਆਂ ਨਾਲ ਸੌਦੇ ਕਰਕੇ, ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ, ਉਹ ਚਲਾਕੀ ਹੁਣ ਨਹੀਂ ਚੱਲੇਗੀ।ਇਸ ਲਈ ਹੁਣ ਕਿਸਾਨ ਤੇ ਮਜ਼ਦੂਰ ਮੁੜ ਦਿੱਲੀ ਘੇਰ ਕੇ ਇਨਸਾਫ ਲੈ ਕੇ ਹੀ ਵਾਪਸ ਘਰਾਂ ਨੂੰ ਮੁੜਨਗੇ। ਬੀ. ਕੇ. ਯੂ. (ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਸੁਪਿੰਦਰ ਸਿੰਘ ਬੱਗਾ ਨੇ ਕਿਹਾ ਕਿ ਪੰਜਾਬ ਦਾ ਕਿਸਾਨ, ਜੋ ਹਮੇਸ਼ਾ ਆਪ ਅੱਧੀ ਖਾ ਕੇ ਪੂਰੇ ਦੇਸ਼ ਦਾ ਢਿੱਡ ਭਰਦਾ ਰਿਹਾ ਹੈ, ਪ੍ਰੰਤੂ ਕੇਂਦਰ ਦੀਆਂ ਵੱਖ ਵੱਖ ਸਮੇਂ ਦੀਆਂ ਸਰਕਾਰਾਂ ਨੇ ਕਦੇ ਵੀ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦੇ ਹਿੱਤਾਂ ਵਿੱਚ ਨਹੀਂ ਸੋਚਿਆ, ਬਲਕਿ ਹਮੇਸ਼ਾ ਕਿਸਾਨਾਂ ਦਾ ਸ਼ੋਸ਼ਣ ਹੀ ਕੀਤਾ ਹੈ।ਕਦੇ ਵੀ ਕਿਸਾਨੀ ਲਾਗਤ ਦਾ ਵਾਜਬ ਮੁੱਲ ਨਹੀਂ ਮੋੜਿਆ।ਪਹਿਲਾਂ ਚੱਲੇ ਕਿਸਾਨੀ ਸੰਘਰਸ਼ ਵਿੱਚ ਪਾੜ ਪਾ ਕੇ ਕੇਂਦਰ ਸਰਕਾਰ ਨੇ ਆਪਣੀ ਚਾਲ ਨਾਲ ਕਿਸਾਨਾਂ ਨੂੰ ਵਾਪਸ ਘਰਾਂ ਨੂੰ ਮੋੜ ਦਿੱਤਾ ਸੀ, ਪ੍ਰੰਤੂ ਹੁਣ ਕਿਸਾਨ ਆਪਣੇ ਹੱਕ ਲਏ ਬਿਨਾਂ ਵਾਪਸ ਨਹੀਂ ਮੁੜਨਗੇ।ਕਿਸਾਨ ਯੂਨੀਅਨ ਸ਼ੇਰੇ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਬੌਂਦਲੀ ਨੇ ਕਿਹਾ ਕਿ 13 ਫਰਵਰੀ ਦਾ ਦਿਨ ਦੇਸ਼ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ, ਜਦੋਂ ਕਿਸਾਨ ਤੇ ਮਜ਼ਦੂਰ ਆਪਣੇ ਘਰਾਂ ਤੋਂ ਆਪਣੇ ਹੱਕ ਲੈਣ ਲਈ ਆਪਣੇ ਘਰਾਂ ਤੋਂ ਤੁਰਨਗੇ।ਇਸ ਲਈ ਕਿਸਾਨਾਂ ਤੇ ਮਜ਼ਦੂਰਾਂ ਨੂੰ ਲਾਮਬੰਦ ਕਰਨ ਲਈ ਸਾਰੀਆਂ ਯੂਨੀਅਨਾਂ ਦੇ ਨੁਮਾਇੰਦਿਆਂ ਦਾ ਡਿਊਟੀਆਂ ਲਗਾ ਦਿੱਤੀਆਂ ਹਨ, ਜੋ ਕਿਸਾਨਾਂ ਨੂੰ ਦਿੱਲੀ ਕੂਚ ਕਰਨ ਦੇ ਸਬੰਧ ਵਿੱਚ ਜਾਗਰੂਕ ਕਰਨਗੇ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਹਰਮੀਤ ਸਿੰਘ, ਰੁਲਦਾ ਸਿੰਘ, ਪਿਆਰਾ ਸਿੰਘ, ਸਵਰਨਜੀਤ ਸਿੰਘ ਘੁਲਾਲ, ਕੁਲਦੀਪ ਸਿੰਘ ਸੇਖੋਂ, ਹਰਜੀਤ ਸਿੰਘ ਲੋਪੋਂ, ਬਲਰਾਜ ਸਿੰਘ ਰਾਮਪੁਰ, ਮਲਕੀਤ ਸਿੰਘ ਘੁਲਾਲ, ਹਰਦੀਪ ਸਿੰਘ, ਗੁਰਬਿੰਦਰ ਸਿੰਘ ਭਰਥਲਾ, ਕਰਨਬੀਰ ਸਿੰਘ, ਗਗਨਦੀਪ ਸਿੰਘ, ਅਮਰਜੀਤ ਸਿੰਘ ਆਦਿ ਤੋਂ ਇਲਾਵਾ ਬਲਾਕਾਂ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# 45 ਲੱਖ ਦੀ ਲਾਗਤ ਨਾਲ ਬਦਲੇਗੀ ਥਾਣਾ ਟਿੱਬਾ ਦੀ ਨੁਹਾਰ : ਗਰੇਵਾਲ/ਭਿੰਡਰ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਨ ਸਭਾ ਹਲਕਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਤੇ ਨਗਰ ਸੁਧਾਰ ਟਰਸਟ ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ ਵੱਲੋਂ ਥਾਣਾ ਟਿੱਬਾ ਦੀ ਨਵੀਂ ਬਣਨ ਜਾ ਰਹੀ ਇਮਾਰਤ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਗਰੇਵਾਲ ਤੇ ਚੇਅਰਮੈਨ ਤਰਸੇਮ ਸਿੰਘ ਭਿੰਡਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਿੱਥੇ ਸੂਬੇ ਅੰਦਰ ਸਕੂਲਾਂ ਤੇ ਹਸਪਤਾਲਾਂ ਦੀਆਂ ਬਿਲਡਿੰਗਾਂ ਨੂੰ ਨਵੀਂ ਦਿੱਖ ਦਿੱਤੀ ਜਾ ਰਹੀ ਹੈ, ਉਸੇ ਤਰ੍ਹਾਂ ਹੋਰ ਵਿਭਾਗਾਂ ਦੀਆਂ ਬਿਲਡਿੰਗਾਂ ਨੂੰ ਵੀ ਨਵੇਂ ਸਿਰੇ ਤੋਂ ਤਿਆਰ ਕੀਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਥਾਣਾ ਟਿੱਬਾ ਦੀ ਨਵੀਂ ਬਿਲਡਿੰਗ, ਜੋ ਜਲਦ ਹੀ ਬਣ ਕੇ ਤਿਆਰ ਹੋ ਜਾਵੇਗੀ, ਦਾ ਉਦਘਾਟਨ ਕੀਤਾ ਗਿਆ ਹੈ, ਜਿਸ 'ਤੇ ਕਰੀਬ 45 ਲੱਖ ਰੁਪਏ ਦੀ ਲਾਗਤ ਆਵੇਗੀ। ਉਨ੍ਹਾਂ ਪਿਛਲੀਆਂ ਸਰਕਾਰਾਂ 'ਤੇ ਵਰ੍ਹਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਹੋਈਆਂ ਇਹ ਇਮਾਰਤਾਂ ਜੋ ਕਿ ਬਹੁਤ ਹੀ ਖਸਤਾ ਹਾਲਤ ਵਿੱਚ ਸਨ। ਉਨ੍ਹਾਂ ਕਿਹਾ ਕਿ ਥਾਣੇ ਦੀ ਇਹ ਬਿਲਡਿੰਗ ਦੇ ਮੁਕੰਮਲ ਹੋਣ ਨਾਲ ਜਿੱਥੇ ਡਿਊਟੀ ਕਰ ਰਹੇ ਮੁਲਾਜ਼ਮਾਂ ਨੂੰ ਰਹਿਣ ਸਹਿਣ ਤੇ ਜਨਤਾ ਨੂੰ ਸੇਵਾਵਾਂ ਮੁਹੱਈਆ ਕਰਵਾਉਣੀਆਂ ਸੌਖੀਆਂ ਹੋਣਗੀਆਂ, ਉੱਥੇ ਹਲਕਾ ਨਿਵਾਸੀਆਂ ਨੂੰ ਵੀ ਇਸ ਦਾ ਲਾਭ ਮਿਲੇਗਾ। ਵਿਧਾਇਕ ਗਰੇਵਾਲ ਤੇ ਚੇਅਰਮੈਨ ਭਿੰਡਰ ਨੇ ਕਿਹਾ ਕਿ ਨਗਰ ਸੁਧਾਰ ਟਰੱਸਟ ਦੇ ਕੋਟੇ ਵਿੱਚੋਂ ਬਣਨ ਜਾ ਰਹੀ ਇਸ ਬਿਲਡਿੰਗ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਵੀ ਉਪਲਬਧ ਕਰਵਾਈਆਂ ਜਾਣਗੀਆਂ। ਇਸ ਮੌਕੇ ਥਾਣਾ ਟਿੱਬਾ ਦੇ ਐੱਸ ਐੱਚ ਓ ਹਰਜਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਯੂਥ ਆਗੂ ਪਰਮਿੰਦਰ ਸਿੰਘ ਸੰਧੂ, ਯੂਥ ਆਗੂ ਹੈਰੀ ਸੰਧੂ, ਰਵਿੰਦਰ ਸਿੰਘ ਰਾਜੂ, ਮੈਡਮ ਪ੍ਰਿੰਸੀਪਲ ਇੰਦਰਜੀਤ ਕੌਰ, ਸੁਰਜੀਤ ਸਿੰਘ ਠੇਕੇਦਾਰ ਤੇ ਵਿਧਾਇਕ ਪੀ ਏ ਗੁਰਸ਼ਰਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕਾ ਨਿਵਾਸੀ ਹਾਜ਼ਰ ਸਨ।

1-FEBPAGE-11-Majha-24.qxd 1/31/2024 10:55 PM Page 1



# ਦਿੱਲੀ ਮੋਰਚੇ ਦੇ ਮੱਦੇਨਜ਼ਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨ ਹੇਠ ਬਾਬਾ ਕਾਹਨ ਸਿੰਘ ਜੀ ਦੇ ਸਥਾਨਾਂ ਤੇ ਪਿੰਡ ਪਿੱਦੀ ਵਿਖੇ ਹੋਈ ਜਿਸ ਵਿੱਚ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਬਿੰਦਰਜੀਤ ਸਿੰਘ ਕੰਗ, ਜਰਨੈਲ ਸਿੰਘ ਨੂਰਦੀ, ਫਤਿਹ ਸਿੰਘ ਪਿੱਦੀ ਨੇ ਸੋਗ ਮਤਾ ਪਾਉਂਦਿਆਂ ਜ਼ਿਲ੍ਹਾ ਆਗੂ ਰੇਸ਼ਮ ਸਿੰਘ ਘੁਰਕਵਿੰਡ ਦੇ ਪਿਤਾ (ਬਾਪੂ ਜੋਗਿੰਦਰ ਸਿੰਘ) ਦੇ ਅਕਾਲ ਚਲਾਣੇ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ। ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਪ੍ਰਿੰ. ਨਵਤੇਜ ਸਿੰਘ ਏਕਲ ਗੱਡਾ, ਰਣਜੋਧ ਸਿੰਘ ਗੱਗੋਬੂਆ, ਧੰਨਾ ਸਿੰਘ ਲਾਲੂਘੁੰਮਣ ਨੇ ਦੱਸਿਆ ਕਿ ਜੋ ਦੂਜਾ ਦਿੱਲੀ ਵਿਖੇ ਮੋਰਚਾ ਲੱਗ ਰਿਹਾ ਹੈ, ਉਹ ਸਮੇਂ ਦੀ ਜ਼ਰੂਰਤ ਬਣ ਚੁੱਕਾ ਹੈ ਕਿਉਂਕਿ ਸਰਕਾਰ ਵੱਲੋਂ ਛੋਟਾ ਵਪਾਰੀ, ਕਿਸਾਨ, ਮਜ਼ਦੂਰ, ਦੁਕਾਨਦਾਰ, ਛੋਟੇ ਟਰਾਂਸਪੋਰਟਰ ਨੂੰ ਖਤਮ ਕਰਨ ਲਈ ਨਵੇਂ ਨਵੇਂ ਕਾਨੂੰਨ ਬਣਾਏ ਜਾ ਰਹੇ ਹਨ। ਕਿਸਾਨ ਆਗੂਆਂ ਨੇ ਹਰ ਵਰਗ ਨੂੰ ਇਸ ਮੋਰਚੇ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਆਮ ਲੋਕਾਂ ਦੀ ਜ਼ਿੰਦਗੀ ਬੱਦ ਤੋਂ ਬਦਤਰ ਹੁੰਦੀ ਜਾ ਰਹੀ ਹੈ ਤੇ ਹੁਣ ਵਾਰੀ ਸਰਕਾਰੀ ਮੁਲਾਜ਼ਮਾਂ ਦੀ ਹੈ। ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਬੰਦ ਕਰਕੇ ਠੇਕੇਦਾਰੀ ਸਿਸਟਮ ਲਾਗੂ ਕੀਤੀ ਜਾ ਰਿਹਾ ਹੈ, ਕਿਸਾਨਾਂ ਦੀ ਐੱਮਐੱਸਪੀ ਬੰਦ ਕਰਨ ਦੀਆ ਚਾਲਾਂ, ਜ਼ਮੀਨਾਂ ਸਸਤੇ ਭਾਅ ਉਦਯੋਗਿਕ ਘਰਾਣਿਆਂ ਨੂੰ ਵੇਚਣ ਦੀ ਯੋਜਨਾ, ਮਜ਼ਦੂਰਾਂ ਦੇ ਕੰਮ ਦੇ ਘੰਟੇ 12 ਘੰਟੇ ਕਰਨੇ, ਮਜ਼ਦੂਰਾਂ ਨੂੰ ਦਿਹਾੜੀ ਕੰਪਨੀਆਂ ਆਪਣੀ ਮਰਜ਼ੀ ਅਨੁਸਾਰ ਦੇਣਗੀਆਂ। ਡਰਾਈਵਰੀ ਕਨੂੰਨ ਨਾਲ ਇਕੱਲੇ ਟਰੱਕ ਡਰਾਈਵਰ ਨਹੀ ਰਗੜੇ ਜਾਣਗੇ , ਕਾਰਾਂ ਗੱਡੀਆਂ ਵਾਲਿਆਂ ਨੂੰ ਵੀ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਆਗੂਆਂ ਨੇ ਦਿੱਲੀ ਅੰਦੋਲਨ ਦੀ ਅਹਿਮੀਅਤ ਅਤੇ ਮੰਗਾਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਜ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਅੱਜ ਕਿਸਾਨ ਅਤੇ ਮਜ਼ਦੂਰ ਨੂੰ ਮੋਢੇ ਨਾਲ ਮੋਢਾ ਜੋੜ ਕੇ ਇੱਕ ਦੂਜੇ ਦਾ ਸਾਥ ਦੇਣ ਦੀ ਲੋੜ ਹੈ। ਇਸ ਮੌਕੇ ਸਲਵਿੰਦਰ ਸਿੰਘ ਜੀਉਬਾਲਾ, ਪਰਮਜੀਤ ਸਿੰਘ ਛੀਨਾ, ਬਲਜੀਤ ਸਿੰਘ ਝਬਾਲ, ਮਨਜਿੰਦਰ ਸਿੰਘ ਗੋਹਲਵੜ, ਭਗਵਾਨ ਸਿੰਘ ਸੰਘਰ, ਮੁਖਤਾਰ ਸਿੰਘ ਬਿਹਾਰੀਪੁਰ, ਅਜੀਤ ਸਿੰਘ ਚੰਬਾ, ਕੁਲਦੀਪ ਸਿੰਘ ਵੇਈਂਪੂਈਂ, ਗਿਆਨ ਸਿੰਘ ਚੋਹਲਾ ਸਾਹਿਬ, ਸੁਖਵਿੰਦਰ ਸਿੰਘ ਦੁੱਗਲਵਾਲਾ, ਗੁਰਭੇਜ ਸਿੰਘ ਧਾਰੀਵਾਲ, ਮੇਹਰ ਸਿੰਘ ਤਲਵੰਡੀ, ਦਿਲਬਾਗ ਸਿੰਘ ਪਹੂਵਿੰਡ, ਨਿਰੰਜਣ ਸਿੰਘ ਬਰਗਾੜੀ, ਸੁਖਵਿੰਦਰ ਸਿੰਘ ਡਾਲੇਕੇ ਆਦਿ ਆਗੂ ਹਾਜ਼ਰ ਸਨ।

# ਡੇਰਾ ਬਾਬਾ ਨਾਨਕ 'ਦਰਸ਼ਨ ਸਥੱਲ' 'ਤੇ ਦੋ ਨਵੀਆਂ ਦੂਰਬੀਨਾਂ ਸਥਾਪਤ

## * ਸੰਗਤਾਂ ਵੱਲੋਂ ਦਰਸ਼ਨ ਸਥੱਲ ਦੇ ਸੁੰਦਰੀਕਰਨ ਪ੍ਰੋਜੈਕਟ ਲਈ ਪੰਜਾਬ ਸਰਕਾਰ ਦਾ ਧੰਨਵਾਦ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਲੈਂਡ ਪੋਰਟ ਅਥਾਰਟੀ ਅਤੇ ਬੀਐੱਸਐੱਫ਼ ਦੇ ਸਹਿਯੋਗ ਨਾਲ ਸੰਗਤਾਂ ਦੀ ਸਹੂਲਤ ਲਈ ਡੇਰਾ ਬਾਬਾ ਨਾਨਕ ਸਰਹੱਦ ਉੱਪਰ ਬਣੇ ਦਰਸ਼ਨ ਸਥੱਲ ਨੂੰ ਖ਼ੂਬਸੂਰਤ ਦਿੱਖ ਦਿੱਤੀ ਗਈ ਹੈ ਅਤੇ ਨਾਲ ਹੀ ਇਥੇ ਦੋ ਨਵੀਆਂ ਦੂਰਬੀਨਾਂ ਸਥਾਪਤ ਕੀਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਬੀਤੀ ਸ਼ਾਮ ਅਧਿਕਾਰੀਆਂ ਸਮੇਤ ਦਰਸ਼ਨ ਸਥੱਲ ਦੇ ਇਸ ਸੁੰਦਰੀਕਰਨ ਪ੍ਰੋਜੈਕਟ ਦਾ ਨਿਰੀਖਣ ਕੀਤਾ ਗਿਆ। ਦਰਸ਼ਨ ਸਥੱਲ ਦੇ ਸੁੰਦਰੀਕਰਨ ਪ੍ਰੋਜੈਕਟ ਦਾ ਜਾਇਜ਼ਾ ਲੈਣ ਤੋਂ ਬਾਅਦ ਡਿਪਟੀ ਕਮਿਸਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਡੇਰਾ ਬਾਬਾ ਨਾਨਕ ਸਰਹੱਦ ਵਿਖੇ ਜ਼ੀਰੋ ਲਾਈਨ 'ਤੇ ਬਣੇ 'ਦਰਸ਼ਨ ਸਥੱਲ' ਨੂੰ ਨਵੀਂ ਤੇ ਖ਼ੂਬਸੂਰਤ ਦਿੱਖ ਦਿੱਤੀ ਗਈ ਹੈ ਅਤੇ ਨਾਲ ਹੀ ਦਰਸ਼ਨ ਸਥੱਲ ਉੱਪਰ ਦੋ ਹਾਈ ਲੈਵਲ ਦੂਰਬੀਨਾਂ ਅਤੇ ਇੱਕ ਸਕਰੀਨ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ



ਦਰਸ਼ਨ ਸਥੱਲ ਉੱਪਰ ਸ਼ੈੱਡ ਪਾਇਆ ਗਿਆ ਹੈ ਅਤੇ ਗਰਿੱਲਾਂ, ਰੇਲਿੰਗ ਲਗਾਉਣ ਦੇ ਨਾਲ ਖ਼ੂਬਸੂਰਤ ਲੈਂਡ ਸਕੇਪਿੰਗ ਕਰਕੇ ਆਸ-ਪਾਸ ਦੇ ਸਾਰੇ ਖੇਤਰ ਵਿੱਚ ਇੰਟਰਲਾਕ ਟਾਇਲਾਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦਰਸ਼ਨ ਸਥੱਲ ਦੇ ਨਾਲ ਹੀ ਪੁਲ ਉੱਪਰ ਖ਼ੂਬਸੂਰਤ ਪੇਂਟਿੰਗਜ਼ ਕਰਵਾਈਆਂ ਗਈਆਂ ਹਨ ਜੋ ਦਰਸ਼ਨ ਸਥੱਲ ਦੀ ਖ਼ੂਬਸੂਰਤੀ ਵਿੱਚ ਹੋਰ ਵੀ ਵਾਧਾ ਕਰ ਰਹੀਆਂ ਹਨ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪਹਿਲਾਂ ਏਥੇ ਇੱਕ ਹੀ ਹੈਂਡੀ ਦੂਰਬੀਨ ਹੁੰਦੀ ਸੀ ਜਿਸ ਨਾਲ ਸਰਹੱਦ ਪਾਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਵਿਊ ਸਾਫ਼ ਨਹੀਂ ਸੀ ਦਿਖਾਈ ਦਿੰਦਾ। ਉਨ੍ਹਾਂ ਕਿਹਾ ਕਿ ਹੁਣ ਏਥੇ ਹਾਈ ਰੇਂਜ ਦੀਆਂ ਦੋ ਨਵੀਆਂ ਦੂਰਬੀਨਾਂ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਸ਼ਰਧਾਲੂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਆਸਾਨੀ ਨਾਲ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਸ਼ਨ ਸਥੱਲ ਉੱਪਰ ਇੱਕ ਐੱਲਈਡੀ ਸਕਰੀਨ ਵੀ ਲਗਾਈ ਗਈ ਹੈ ਜਿਸ ਉੱਪਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਵੀਡੀਓ ਚੱਲਦੀ ਰਹਿੰਦੀ ਹੈ। ਇਸਦੇ ਨਾਲ ਹੀ ਇਥੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਇਤਿਹਾਸ ਦੀ ਜਾਣਕਾਰੀ ਦਿੰਦਾ ਬੋਰਡ ਵੀ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਦਰਸ਼ਨ ਸਥੱਲ ਵਿੱਚ ਵਾਹਨਾਂ ਦੀ ਪਾਰਕਿੰਗ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਹੁਤ ਸਾਰੇ ਅਜਿਹੇ ਸ਼ਰਧਾਲੂ ਹਨ ਜੋ ਕਿ ਪਾਸਪੋਰਟ ਨਾ ਹੋਣ ਕਾਰਨ ਜਾਂ ਪਾਕਿਸਤਾਨ ਸਰਕਾਰ ਵੱਲੋਂ ਲਈ ਜਾਂਦੀ 20 ਡਾਲਰ ਦੀ ਫੀਸ ਕਰਕੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਨਹੀਂ ਜਾ ਪਾਉਂਦੇ। ਅਜਿਹੇ ਵਿੱਚ ਇਹ ਸ਼ਰਧਾਲੂ ਡੇਰਾ ਬਾਬਾ ਨਾਨਕ ਧੁੱਸੀ ਬੰਨ੍ਹ ਉੱਪਰ ਖਲੋ ਕੇ ਦੂਰੋਂ ਹੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੂੰ ਸਿਜਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸ਼ਰਧਾਲੂਆਂ ਦੀ ਸ਼ਰਧਾ ਤੇ ਸਹੂਲਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਨੇ ਡੇਰਾ ਬਾਬਾ ਨਾਨਕ ਸਰਹੱਦ ਉੱਪਰ ਦਰਸ਼ਨ ਸਥੱਲ ਬਣਾ ਕੇ ਏਥੇ ਦੋ ਦੂਰਬੀਨਾਂ ਸਥਾਪਤ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਸ਼ਰਧਾਲੂਆਂ ਦੀ ਸਹੂਲਤ ਤੇ ਸੇਵਾ ਵਿੱਚ ਹਰ ਸਮੇਂ ਹਾਜ਼ਰ ਹੈ ਅਤੇ ਸ਼ਰਧਾਲੂਆਂ ਨੂੰ ਏਥੇ ਦਰਸ਼ਨ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਪਹੁੰਚੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਉਨ੍ਹਾਂ ਨੂੰ ਨਵੀਆਂ ਦੂਰਬੀਨਾਂ ਰਾਹੀਂ ਆਸਾਨੀ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਦਰਸ਼ਨ ਸਥੱਲ ਦਿੱਖ ਵੀ ਬਹੁਤ ਖ਼ੂਬਸੂਰਤ ਬਣ ਗਈ ਹੈ ਜਿਸ ਲਈ ਸਰਕਾਰ ਵਧਾਈ ਦੀ ਹੱਕਦਾਰ ਹੈ।

ਇਸ ਮੌਕੇ ਡੇਰਾ ਬਾਬਾ ਨਾਨਕ ਲੈਂਡ ਪੋਰਟ ਅਥਾਰਟੀ ਦੇ ਜੀਐੱਮ ਟੀ. ਆਰ. ਸ਼ਰਮਾ, ਬੀ. ਐੱਸ. ਐੱਫ. ਦੇ ਕਮਾਂਡੈਂਟ ਐੱਸ. ਐੱਸ. ਗਰਚਾ, ਐੱਸ. ਡੀ. ਐੱਮ. ਡੇਰਾ ਬਾਬਾ ਨਾਨਕ ਅਸ਼ਵਨੀ ਅਰੋੜਾ, ਤਹਿਸੀਲਦਾਰ ਹਰਸਿਮਰਨ ਸਿੰਘ, ਬੀਡੀਪੀਓ ਦਿਲਬਾਗ ਸਿੰਘ, ਸੁਪਰਡੈਂਟ ਰਛਪਾਲ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸੜਕ ਹਾਦਸੇ 'ਚ ਨਵ-ਵਿਆਹੇ ਜੋੜੇ ਦੀ ਮੌਤ, ਇੱਕ ਗੰਭੀਰ ਰੂਪ 'ਚ ਜ਼ਖਮੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਨ/ਰਣਬੀਰ ਸਿੰਘ ਗੋਲਣ)-ਬੀਐੱਸਐੱਫ ਛਾਉਣੀ ਸਿੰਘਪੁਰਾ ਨਜ਼ਦੀਕ ਵਾਪਰੇ ਭਿਆਨਕ ਸੜਕ ਹਾਦਸੇ ਵਿੱਚ ਨਵ-ਵਿਆਹੇ ਜੋੜੇ ਦੀ ਮੌਕੇ 'ਤੇ ਹੀ ਮੌਤ ਅਤੇ ਇੱਕ ਹੋਰ ਵਿਅਕਤੀ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ ।ਮ੍ਰਿਤਕਾਂ ਦੀ ਪਛਾਣ ਅਰਸ਼ਪ੍ਰੀਤ ਸਿੰਘ ਅਤੇ ਕਾਜਲ ਵਜੋਂ ਹੋਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਅਰਸ਼ਦੀਪ ਸਿੰਘ ਦੇ ਪਿਤਾ ਹਰਦੇਵ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਦਾ ਵਿਆਹ ਚਾਰ ਮਹੀਨੇ ਪਹਿਲਾਂ ਹੋਇਆ ਸੀ ਅਤੇ ਅੱਜ ਉਸ ਦਾ ਪੁੱਤਰ ਤੇ ਨੂੰਹ ਭਿੱਖੀਵਿੰਡ ਵਿਖੇ ਦਵਾਈ ਲੈਣ ਆਏ ਸਨ।ਹਰਦੇਵ ਸਿੰਘ ਨੇ ਦੱਸਿਆ ਕਿ ਦਵਾਈ ਲੈ ਕੇ ਉਸ ਦਾ ਪੁੱਤਰ ਤੇ ਨੂੰਹ ਘਰ ਵਾਪਸ ਆ ਰਹੇ ਸਨ।ਜਦੋਂ ਉਹ ਬੀਐੱਸਐੱਫ਼ ਛਾਉਣੀ ਸਿੰਘਪੁਰਾ ਨਜ਼ਦੀਕ ਪੁੱਜੇ ਤਾਂ ਉਨ੍ਹਾਂ ਦਾ ਮੋਟਰਸਾਈਕਲ ਇੱਕ ਬਜ਼ੁਰਗ ਵਿਅਕਤੀ ਦੇ ਮੋਟਰਸਾਈਕਲ ਨਾਲ ਟਕਰਾ ਗਿਆ ਅਤੇ ਭਿੱਖੀਵਿੰਡ ਵਾਲੇ ਪਾਸਿਓਂ ਤੇਜ਼ ਰਫ਼ਤਾਰ ਨਾਲ ਆ ਰਹੀ ਕਾਰ ਦੀ ਲਪੇਟ ਵਿੱਚ ਆਉਣ ਨਾਲ ਉਸ ਦੇ ਪੁੱਤਰ ਤੇ ਨੂੰਹ ਦੀ ਮੌਕੇ 'ਤੇ ਹੀ ਮੌਤ ਹੋ ਗਈ।ਦੱਸਣਯੋਗ ਹੈ ਕਿ ਐਕਸੀਡੈਂਟ ਵਿੱਚ ਇੱਕ ਹੋਰ ਮੋਟਰਸਾਈਕਲ ਸਵਾਰ ਜਿਸ ਦਾ ਨਾਂਅ ਜਸਪਾਲ ਸਿੰਘ ਹੈ, ਗੰਭੀਰ ਰੂਪ ਵਿੱਚ ਜ਼ਖਮੀ ਦੱਸਿਆ ਜਾ ਰਿਹਾ ਹੈ। ਉਧਰ ਮੌਕੇ 'ਤੇ ਪੁੱਜੇ ਚੌਕੀ ਸੁਰਸਿੰਘ ਤੋਂ ਏਐੱਸਆਈ ਗੁਰਮੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ ।



# ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲੇ ਯੋਧਿਆਂ ਨੂੰ ਨਿੱਘੀ ਸ਼ਰਧਾਂਜਲੀ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਦੇਸ਼ ਦੇ ਸੁਤੰਤਰਤਾ ਸੰਗਰਾਮ ਦੌਰਾਨ ਆਪਣੀਆਂ ਜਾਨਾਂ ਦੇਸ਼ ਕੌਮ ਲਈ ਵਾਰਨ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਅੱਜ ਸਵੇਰੇ 11:00 ਵਜੇ ਜ਼ਿਲ੍ਹਾ ਸਦਰ ਮੁਕਾਮ ਗੁਰਦਾਸਪੁਰ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ, ਪੁਲਸ ਜਵਾਨਾਂ ਅਤੇ ਆਮ ਜਨਤਾ ਨੇ 2 ਮਿੰਟ ਦਾ ਮੌਨ ਧਾਰਨ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪੁਲਸ ਜਵਾਨਾਂ ਵੱਲੋਂ ਹਥਿਆਰ ਉਲਟੇ ਕਰਕੇ ਸ਼ਹੀਦਾਂ ਨੂੰ ਗਾਰਡ ਆਫ ਆਨਰ ਦਿੱਤਾ ਗਿਆ। ਇਸ ਦੌਰਾਨ ਪੁਲਸ ਜਵਾਨਾਂ ਵੱਲੋਂ ਬਿਗਲ ਵਜਾਇਆ ਗਿਆ ਅਤੇ ਠੀਕ 11:00 ਵਜੇ 2 ਮਿੰਟ ਲਈ ਮੌਨ ਧਾਰਿਆ ਗਿਆ। ਇਸ ਮੌਕੇ ਹਾਜ਼ਰ ਸਮੂਹ ਅਧਿਕਾਰੀਆਂ, ਕਰਮਚਾਰੀਆਂ ਅਤੇ ਦਫਤਰਾਂ ਵਿੱਚ ਕੰਮ ਕਰਵਾਉਣ ਆਏ ਲੋਕਾਂ ਵੱਲੋਂ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਰਾਸ਼ਟਰ ਪਿਤਾ ਮਹਾਤਮਾਂ ਗਾਂਧੀ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਅਰਪਿਤ ਕਰਨ ਉਪਰੰਤ ਡੀਸੀ ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਦੌਰਾਨ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਸਮੂਹ ਸ਼ਹੀਦਾਂ ਦੀ ਕੁਰਬਾਨੀ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਅੱਜ ਵੀ ਸਾਡੀਆਂ ਸੁਰੱਖਿਆ ਬਲਾਂ ਦੇ ਜਵਾਨ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਆਪਣੀ ਕੁਰਬਾਨੀ ਕਰ ਰਹੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸਾਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਮੁਲਕ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਨਿਸ਼ਠਾ ਨਾਲ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਐੱਸਐੱਸਪੀ ਹਰੀਸ਼ ਦਾਯਮਾ, ਐੱਸਡੀਐੱਮ ਅਮਨਦੀਪ ਕੌਰ ਘੁੰਮਣ, ਸਹਾਇਕ ਕਮਿਸ਼ਨਰ (ਜ) ਇਰਵਿਨ ਕੌਰ, ਡਿਪਟੀ ਡੀਈਓ ਲਖਵਿੰਦਰ ਸਿੰਘ, ਹਰਚਰਨ ਸਿੰਘ ਕੰਗ ਜ਼ਿਲ੍ਹਾ ਭੂਮੀ ਰੱਖਿਆ ਅਫਸਰ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਨੰਬਰਦਾਰ ਰੁਪਿੰਦਰ ਕੌਰ ਦੀ ਨੰਬਰਦਾਰੀ ਰੱਦ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪਿਛਲੇ ਦਿਨੀਂ ਨਕਲੀ ਆਈਐੱਫਐੱਸ ਅਧਿਕਾਰੀ ਬਣ ਕੇ ਪਲਾਟ ਦੀ ਜਾਅਲੀ ਰਜਿਸਟਰੀ ਤਸਦੀਕ ਕਰਨ ਅਤੇ ਗਲਤ ਵਸੀਕਾ ਨੰਬਰ ਤਸਦੀਕ ਕਰਨ ਵਿੱਚ ਐੱਸਡੀਐੱਮ ਅੰਮ੍ਰਿਤਸਰ-2 ਦੀ ਪੜਤਾਲ ਮੁਤਾਬਿਕ ਨੰਬਰਦਾਰ ਰੁਪਿੰਦਰ ਕੌਰ ਦੀ ਸ਼ਮੂਲੀਅਤ ਪਾਈ ਗਈ ਸੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਦੱਸਿਆ ਕਿ ਐੱਸਡੀਐੱਮ ਅੰਮ੍ਰਿਤਸਰ-2 ਦੀ ਪੜਤਾਲ ਨੂੰ ਮੁੱਖ ਰੱਖਦੇ ਹੋਏ ਨੰਬਰਦਾਰੀ ਭੌਂ ਮਾਲੀਆ ਰੂਲ 20 ਤਹਿਤ ਨੰਬਰਦਾਰ ਰੁਪਿੰਦਰ ਕੌਰ ਪਿੰਡ ਬਾਸਰਕੇ ਗਿੱਲਾਂ, ਤਹਿਸੀਲ ਅੰਮ੍ਰਿਤਸਰ-2 ਦੀ ਨੰਬਰਦਾਰੀ ਨੂੰ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਸਬੰਧਤ ਨੰਬਰਦਾਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਤੁਰੰਤ ਆਪਣੀ ਨੰਬਰਦਾਰੀ ਸੰਨਦ ਤਹਿਸੀਲਦਾਰ ਅੰਮ੍ਰਿਤਸਰ-2 ਨੂੰ ਜਮ੍ਹਾ ਕਰਵਾਏ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਾਅਲੀ ਰਜਿਸਟਰੀ ਕਰਵਾਉਣ ਵਾਲੇ ਨਾਮਜ਼ਦ ਵਿਅਕਤੀਆਂ ਖਿਲਾਫ਼ ਪਰਚਾ ਦਰਜ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਜੀਵਨ ਦਾ ਅਸਲ ਰਾਹ ਦਸੇਰਾ ਕਿਤਾਬਾਂ ਹੁੰਦੀਆਂ ਹਨ: ਮਾੜੀਮੇਘਾ



**ਪਟਿਆਲਾ (ਨਜ਼ਸ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੁਸਤਕਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਯੂਨੀਵਰਸਿਟੀ ਵੱਲੋਂ 30 ਜਨਵਰੀ ਤੋਂ 03 ਫ਼ਰਵਰੀ ਤੱਕ ਪੁਸਤਕ ਮੇਲਾ ਲਗਾਇਆ ਗਿਆ ਹੈ ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਤਾਬਾਂ ਦੇ ਸਟਾਲ ਲੱਗੇ ਹਨ।ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਬੈਨਰ ਹੇਠ ਏਆਈਐੱਸ ਦੇ ਕਾਰਕੁਨਾਂ ਵੱਲੋਂ ਸਟਾਲ ਲਗਾਇਆ ਗਿਆ।ਇਸ ਸਟਾਲ ਵਿੱਚ ਗ਼ਦਰੀ ਬਾਬਿਆਂ ਦੀਆਂ ਜੀਵਨੀਆਂ, ਗ਼ਦਰ ਪਾਰਟੀ ਦੇ ਇਤਿਹਾਸ ਦੀਆਂ ਪੁਸਤਕਾਂ, ਮਾਰਕਸ, ਏਂਗਲਜ਼ ਤੇ ਲੈਨਿਨ ਦੇ ਫ਼ਲਸਫ਼ੇ ਦਾ ਮੁੱਢਲਾ ਗਿਆਨ ਤੇ ਹੋਰ ਇਨਕਲਾਬੀ ਯੋਧਿਆਂ ਦੀਆਂ ਕਿਤਾਬਾਂ ਲੱਗੀਆਂ ਹਨ।ਇਸੇ ਤਰ੍ਹਾਂ ਏਆਈਐੱਸਐੱਫ ਦਾ ਵੱਖਰਾ ਸਟਾਲ ਏਆਈਐੱਸਐੱਫ ਦੇ ਸੂਬਾ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਲੱਗਾ ਹੈ।ਦੇਸ਼ ਭਗਤਾਂ ਵਾਲੇ ਸਟਾਲ ਦੀ ਅਗਵਾਈ ਏਆਈਐੱਸਐੱਫ ਦੇ ਨੈਸ਼ਨਲ ਕੌਂਸਲ ਮੈਂਬਰ ਲਵਪ੍ਰੀਤ ਮਾੜੀਮੇਘਾ, ਪੰਜਾਬ ਯੂਨਿਵਰਸਿਟੀ ਤੋਂ ਗੁਰਭਿੰਦਰ ਸਿੰਘ, ਪਟਿਆਲ਼ਾ ਯੂਨੀਵਰਸਿਟੀ ਤੋਂ ਨਿੰਤੂ ਕੰਬੋਜ, ਰਮਨ ਰੰਘੜਿਆਲ, ਸੁੱਖਣ ਸਿੱਧੂ ਸਿਰਸਾ, ਹਰਮਨ ਅੰਟਾਲ ਤੇ ਭੁਪਿੰਦਰ ਲਮੋਚੜ ਆਦਿ ਵਿਦਿਆਰਥੀ ਕਰ ਰਹੇ ਹਨ ।ਇਸ ਪੰਜ ਦਿਨਾ ਕਿਤਾਬਾਂ ਦੇ ਮੇਲੇ ਵਿਚ ਵਿਦਿਆਰਥੀਆਂ ਤੋਂ ਲੈ ਕੇ ਬੁੱਧੀਜੀਵੀਆਂ ਨੇ ਕਿਤਾਬਾਂ ਦੇ ਸਟਾਲਾਂ ਤੋਂ ਖ਼ੂਬ ਕਿਤਾਬਾਂ ਖਰੀਦੀਆਂ ਹਨ।ਸਾਥੀਆਂ ਨੇ ਕਿਹਾ ਕਿ ਇਹ ਪੁਸਤਕ ਮੇਲਾ 3 ਫ਼ਰਵਰੀ ਤੱਕ ਜਾਰੀ ਰਹੇਗਾ ਅਤੇ ਪੁਸਤਕ ਪ੍ਰੇਮੀਆਂ ਨੂੰ ਇਸ ਮੇਲੇ ਵਿਚ ਪਹੁੰਚ ਕੇ ਕਿਤਾਬਾਂ ਨਾਲ ਗਲਵੱਕੜੀ ਪਾ ਕੇ ਸਮਾਜ ਨੂੰ ਚੰਗੇ ਰਾਹ 'ਤੇ ਲੈ ਕੇ ਜਾਣਾ ਚਾਹਿਦਾ ਹੈ ।

## ਤਰਨਤਾਰਨੋਂ ਅੰਮ੍ਰਿਤਸਰ ਜਾਣ ਲਈ ਮਿਲੇਗੀ ਚਾਰ ਲੇਨ ਵਾਲੀ ਸੜਕ ਦੀ ਸਹੂਲਤ



ਸਰਾਏ ਅਮਾਨਤ ਖਾਂ (ਮੱਖਣ ਮਨੋਜ )-ਤਰਨਤਾਰਨ ਦੇ ਲੋਕਾਂ ਨੂੰ ਅੰਮ੍ਰਿਤਸਰ ਜਾਣ ਲਈ ਬਹੁਤ ਜਲਦੀ ਚਾਰ ਲੇਨ ਵਾਲੀ ਸੜਕ ਤੇ ਸਫਰ ਕਰਨ ਦੀ ਸਹੂਲਤ ਮਿਲੇਗੀ।ਤਰਨ ਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਕੁਝ ਸਮੇਂ ਤੋਂ ਤਰਨ ਤਾਰਨ-ਅੰਮ੍ਰਿਤਸਰ ਵਾਇਆ ਗੋਹਲਵਾੜ, ਚੱਬਾ ਹਾਈਵੇ ਤੇ ਸੜਕ ਦੀ ਆਵਾਜਾਈ ਬਹੁਤ ਵੱਧ ਗਈ ਸੀ ਅਤੇ ਕਈ ਵਾਰੀ ਰਸਤੇ ਵਿੱਚ ਜਾਮ ਵੀ ਲੱਗ ਜਾਂਦੇ ਹਨ।ਇਸ ਕਾਰਨ ਲੋਕਾਂ ਨੂੰ ਸਫਰ ਕਰਨ ਲਈ ਵਧੇਰੇ ਸਮਾਂ ਲੱਗਦਾ ਸੀ ਅਤੇ ਪਰੇਸ਼ਾਨੀ ਵੀ ਆਉਂਦੀ ਸੀ।ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ ਇਸ ਸੜਕ ਨੂੰ ਚੌੜੀ ਕਰਕੇ ਚਾਰ ਮਾਰਗੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਅਤੇ ਲੋਕ ਨਿਰਮਾਣ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਸੀ। ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਹੋਣ ਇਹ ਸੜਕ ਚਾਰ ਲੇਨ ਵਾਲੀ ਬਣਨ ਜਾ ਰਹੀ ਹੈ ਜਿਸ ਦਾ ਰਸਮੀ ਉਦਘਾਟਨ ਲੋਕ ਨਿਰਮਾਣ ਮੰਤਰੀ ਪੰਜਾਬ ਹਰਭਜਨ ਸਿੰਘ ਈ ਟੀ ਓ ਵੱਲੋਂ 1 ਫਰਵਰੀ ਨੂੰ ਕੀਤਾ ਜਾਵੇਗਾ।ਡਾਕਟਰ ਸੋਹਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਸੜਕ ਸਹੂਲਤਾਂ ਦੇਣ ਲਈ ਮਿਆਰੀ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਬੀਤੇ ਦਿਨੀ ਸੜਕੀ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਸੜਕ ਸੁਰੱਖਿਆ ਫੋਰਸ ਦੀਆਂ ਹਾਈ ਟੈਕ ਗੱਡੀਆਂ ਦੀ ਤਾਇਨਾਤੀ ਵੀ ਮੁੱਖ ਮੰਤਰੀ ਭਗਵੰਤ ਮਾਨ ਦਾ ਸ਼ਲਾਘਾਯੋਗ ਕਦਮ ਹੈ ਜਿਸ ਦੀ ਲੋਕਾਂ ਵੱਲੋਂ ਭਰਪੂਰ ਪ੍ਰਸੰਸਾ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਪੰਜਾਬ ਦੇ ਵਿਕਾਸ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ।

## ਕ੍ਰੋਮਾ ਵੱਲੋਂ ਪੰਜਾਬ 'ਚ ਪ੍ਰਚੂਨ ਨੈੱਟਵਰਕ 'ਚ ਨੌਂ ਤੋਂ ਵੱਧ ਸਟੋਰ ਲਾਂਚ

ਬਠਿੰਡਾ : ਭਾਰਤ ਦੇ ਪਹਿਲੇ ਅਤੇ ਭਰੋਸੇਮੰਦ ਓਮਨੀ-ਚੈਨਲ ਇਲੈਕਟ੍ਰੌਨਿਕਸ ਰਿਟੇਲਰ ਅਤੇ ਟਾਟਾ ਗਰੁੱਪ ਦੇ ਮੈਂਬਰ, ਕ੍ਰੋਮਾ ਨੇ ਆਪਣੇ ਰਣਨੀਤਕ ਪ੍ਰਚੂਨ ਵਿਸਤਾਰ ਕਦਮ ਦੇ ਹਿੱਸੇ ਵਜੋਂ ਪੰਜਾਬ ਵਿੱਚ ਨੌਂ ਨਵੇਂ ਸਟੋਰ ਲਾਂਚ ਕੀਤੇ ਹਨ। ਹੁਣ ਪੰਜਾਬ ਵਿੱਚ ਕੁੱਲ 19 ਕ੍ਰੋਮਾ ਸਟੋਰ ਹਨ।ਖੇਤਰ ਦੇ ਸਾਰੇ ਸ਼ਹਿਰਾਂ ਦੇ ਵਸਨੀਕਾਂ ਨੂੰ ਗੈਜੇਟਸ ਦੀ ਵਿਭਿੰਨ ਸ਼੍ਰੇਣੀ ਦੀ ਪੇਸ਼ਕਸ਼ ਕਰਦੇ ਹੋਏ ਨਵੀਨਤਮ ਤਕਨਾਲੋਜੀ ਦੇ ਨਾਲ ਇੱਕ ਵਿਸਤ੍ਰਿਤ ਖਰੀਦਦਾਰੀ ਅਨੁਭਵ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਪ੍ਰਚੂਨ ਵਿਸਤਾਰ ਕੀਤਾ ਜਾ ਰਿਹਾ ਹੈ।ਕ੍ਰੋਮਾ ਇੱਕ ਰਾਸ਼ਟਰੀ ਵਿਸ਼ਾਲ ਫਾਰਮੈਟ ਮਾਹਰ ਓਮਨੀ-ਚੈਨਲ ਇਲੈਕਟ੍ਰੌਨਿਕਸ ਰਿਟੇਲਰ, ਆਪਣੇ ਸਟੋਰਾਂ ਵਿੱਚ 550 ਤੋਂ ਵੱਧ ਬ੍ਰਾਂਡਾਂ ਦੇ 16000 ਤੋਂ ਵੱਧ ਉਤਪਾਦ ਪੇਸ਼ ਕਰਦਾ ਹੈ।ਕ੍ਰੋਮਾ ਇਨਫਿਨਿਟੀ-ਰਿਟੇਲ ਲਿਮਟਿਡ ਦੇ ਐਮਡੀ ਅਤੇ ਸੀਈਓ ਅਵਿਜੀਤ ਮਿੱਤਰਾ ਨੇ ਕਿਹਾ ਕਿ ਪੰਜਾਬ ਦੇ ਇਨ੍ਹਾਂ ਵਧਦੇ ਸ਼ਹਿਰਾਂ ਵਿੱਚ ਰਿਟੇਲ ਦਾ ਵਿਸਤਾਰ ਕਰਕੇ ਅਸੀਂ ਆਪਣੇ ਖਪਤਕਾਰਾਂ ਨੂੰ ਖਰੀਦਦਾਰੀ ਤੋਂ ਬਾਅਦ ਸਭ ਤੋਂ ਵਧੀਆ ਖਰੀਦਦਾਰੀ ਅਨੁਭਵ ਪ੍ਰਦਾਨ ਕਰਨ ਦਾ ਟੀਚਾ ਰੱਖਿਆ ਹੈ।ਪੰਜਾਬ ਵਿੱਚ ਸਾਰੇ ਨਵੇਂ ਕ੍ਰੋਮਾ ਸਟੋਰ ਹਫ਼ਤੇ ਦੇ 7 ਦਿਨ ਸਵੇਰੇ 11 ਵਜੇ ਤੋਂ ਰਾਤ 9 ਵਜੇ ਤੱਕ ਖੁੱਲ੍ਹੇ ਰਹਿਣਗੇ।

### ਨਸ਼ੇ ਦੇ ਸੌਦਾਗਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ : ਥਾਣਾ ਮੁਖੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਨ/ਰਣਬੀਰ ਸਿੰਘ ਗੋਲਣ)-ਤਰਨਤਾਰਨ ਜ਼ਿਲ੍ਹੇ ਦੇ ਐੱਸਐੱਸਪੀ ਅਸ਼ਵਨੀ ਕਪੂਰ ਤੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਭਿੱਖੀਵਿੰਡ ਦੀਆਂ ਹਦਾਇਤਾਂ ਅਨੁਸਾਰ ਐੱਸਐੱਚਓ ਥਾਣਾ ਮੁਖੀ ਮੋਹਿਤ ਕੁਮਾਰ ਭਿੱਖੀਵਿੰਡ ਨੇ ਨਸ਼ੇ ਦੇ ਸੌਦਾਗਰਾਂ ਅਤੇ ਸ਼ਰਾਰਤੀ ਅਨਸਰਾਂ 'ਤੇ ਲਗਾਮ ਕੱਸ ਦਿੱਤੀ ਹੈ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਕਨੂੰਨੀ ਸ਼ਿਕੰਜੇ 'ਚ ਲਿਆਉਣ ਲਈ ਦਿਨ ਰਾਤ ਇੱਕ ਕਰ ਦਿੱਤਾ ਹੈ।ਇਸ ਮੌਕੇ ਥਾਣਾ ਮੁਖੀ ਮੋਹਿਤ ਕੁਮਾਰ ਭਿੱਖੀਵਿੰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਵੀ ਨਸ਼ੇ ਦਾ ਕਾਰੋਬਾਰ ਕਰਦੇ ਹਨ ਉਨ੍ਹਾਂ ਨੂੰ ਅਪੀਲ ਹੈ ਕਿ ਨਸ਼ੇ ਦਾ ਕਾਰੋਬਾਰ ਛੱਡ ਦੇਣ ਨਹੀਂ ਤਾਂ ਉਨ੍ਹਾਂ 'ਤੇ ਬਣਦੀ ਕਰਵਾਈ ਕੀਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀ ਜਾਵੇਗਾ ਅਤੇ ਜੋ ਵੀ ਸ਼ਰਾਰਤੀ ਅਨਸਰ ਹਨ ਜਿਨ੍ਹਾਂ ਦੇ ਵਹੀਕਲਾਂ ਦੇ ਕਾਗਜ਼ ਅਧੂਰੇ ਹਨ ਉਨ੍ਹਾਂ 'ਤੇ ਵੀ ਨਕੇਲ ਕੱਸੀ ਜਾਵੇਗੀ।ਅਖੀਰ ਵਿੱਚ ਇੰਸਪੈਕਟਰ ਮੋਹਿਤ ਕੁਮਾਰ ਨੇ ਸਮਾਜ ਵਿੱਚੋਂ ਗੰਦਗੀ ਦੂਰ ਕਰਨ ਲਈ ਮੀਡੀਆ ਅਤੇ ਆਮ ਜਨਤਾ ਦਾ ਸਹਿਯੋਗ ਮੰਗਿਆ ਅਤੇ ਆਪਣੇ ਵਿਚਾਰਾਂ ਰਾਹੀ ਪੰਚਾਇਤਾਂ ਅਤੇ ਆਮ ਮੋਹਤਬਾਰ ਵਿਅਕਤੀਆਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਨਸ਼ੇ ਦੇ ਸੌਦਾਗਰ ਦੀ ਹੈਲਪ ਕਰਨ ਲਈ ਉਨ੍ਹਾਂ ਨੂੰ ਨਾ ਆਖਿਆ ਜਾਵੇ ।ਇਸ ਮੌਕੇ ਉਨ੍ਹਾਂ ਨਾਲ ਮੁੱਖ ਮੁਨਸ਼ੀ ਅਰਸ਼ਦੀਪ ਸਿੰਘ, ਏ. ਐੱਸ. ਆਈ. ਰੇਸ਼ਮ ਸਿੰਘ, ਏ. ਐੱਸ. ਆਈ. ਕੁਲਦੀਪ ਸਿੰਘ ਤੇ ਹੈੱਡ ਕਾਂਸਟੇਬਲ ਪ੍ਰਦੀਪ ਕੁਮਾਰ ਆਦਿ ਪੁਲਸ ਕਰਮਚਾਰੀ ਹਾਜ਼ਰ ਸਨ ।

# ਕੋਹੜ ਤੋਂ ਜਾਗਰੂਕ ਰਹਿਣ ਦੀ ਲੋੜ: ਡਾ. ਮਾਂਡੀ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਐਂਟੀ ਲੈਪਰੋਸੀ ਡੇ ਦੇ ਸਬੰਧ ਵਿਚ ਵੱਖ-ਵੱਖ ਸਿਹਤ ਸੰਸਥਾਵਾਂ ਵਿਚ ਸਮਾਗਮ ਕੀਤੇ ਗਏ।ਸਮੂਹ ਮੁਲਾਜ਼ਮਾਂ ਨੂੰ ਕੋਹੜ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਪ੍ਰੇਰਿਤ ਕੀਤਾ ਗਿਆ।ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਨੇ ਕਿਹਾ ਕਿ ਸਰੀਰ ਤੇ ਬਾਕੀ ਚਮੜੀ ਨਾਲੋਂ ਹਲਕੇ ਰੰਗ ਦਾ ਦਾਗ ਜਿਸ 'ਚ ਖਾਜ ਜਾਂ ਦਰਦ ਮਹਿਸੂਸ ਨਹੀਂ ਹੁੰਦਾ ਅਜਿਹਾ ਦਾਗ ਕੁਸ਼ਟ ਰੋਗ ਹੋ ਸਕਦਾ ਹੈ ।ਕੁਸ਼ਟ ਰੋਗ ਦਾ ਸਮੇਂ ਸਿਰ ਇਲਾਜ ਨਾ ਕਰਵਾਉਣ ਕਾਰਨ ਵਿਅਕਤੀ ਅਪਾਹਜ ਬਣ ਸਕਦਾ ਹੈ।ਅਜਿਹਾ ਦਾਗ ਦਿਖਣ 'ਤੇ ਤੁਰੰਤ ਸਰਕਾਰੀ ਹਸਪਤਾਲ ਜਾ ਕੇ ਜਾਂਚ ਕਰਵਾਉਣੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕੁਸ਼ਟ ਰੋਗ ਦਾ ਇਲਾਜ ਬਿਲਕੁੱਲ ਮੁਫ਼ਤ ਕੀਤਾ ਜਾਂਦਾ ਹੈ।ਐਮਡੀਟੀ ਦੀ ਖੁਰਾਕ ਨਾਲ ਕੁਸ਼ਟ ਰੋਗ ਪੂਰੀ ਤਰਾਂ ਠੀਕ ਹੋ ਸਕਦਾ ਹੈ।

ਸਿਵਲ ਹਸਪਤਾਲ ਬਬਰੀ ਵਿਖੇ ਐੱਸਐੱਮਓ ਡਾ. ਰਾਜ ਮਸੀਹ ਦੀ ਅਗਵਾਈ ਹੇਠ ਸਮਾਗਮ ਕੀਤਾ ਗਿਆ।ਕੋਹੜ ਰੋਗ ਦੇ ਲੱਛਣ ਦੱਸੇ ਗਏ ਅਤੇ ਇਸ ਦੇ ਇਲਾਜ ਬਾਰੇ ਦੱਸਿਆ ਗਿਆ।ਇਸ ਮੌਕੇ ਡਾ. ਭੁਪਿੰਦਰ ਸਿੰਘ, ਮਿੰਨੀ ਕੌਰ, ਸਤੀਸ਼ ਕੁਮਾਰ ਆਦਿ ਹਾਜ਼ਰ ਸਨ।ਪੀਐੱਚਸੀ ਰਣਜੀਤ ਬਾਗ ਵਿਖੇ ਐੱਸਐੱਮਓ ਡਾ. ਅਨੀਤਾ ਮਹਾਜਨ ਦੀ ਅਗਵਾਈ ਹੇਠ ਸਮਾਗਮ ਕੀਤਾ ਗਿਆ।ਇਸ ਮੌਕੇ ਡਾ. ਲੋਹਿਤ, ਸੰਦੀਪ ਕੌਰ ਬੀਈਈ ਆਦਿ ਹਾਜ਼ਰ ਸਨ।

# ਸਰਪੰਚ ਅਮਨ ਕੁਮਾਰ ਸੋਨੂੰ ਚੀਮਾ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਪਿਛਲੇ ਪਿਛਲੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਅੱਡਾ ਝਬਾਲ ਦੇ ਸਰਪੰਚ ਅਮਨ ਕੁਮਾਰ ਸੋਨੂ ਚੀਮਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਚੀਮਾ ਕਲਾਂ ਵਿਖੇ ਪੈਣ ਉਪਰੰਤ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਵਿਰਾਗਮਈ ਸ਼ਬਦ ਕੀਰਤਨ ਕੀਤਾ ਗਿਆ। ਸ਼ਰਧਾਂਜਲੀ ਸਮਾਗਮ ਵਿੱਚ ਸਾਬਕਾ ਕੈਬਨਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਵਿਧਾਇਕ ਸਰਵਨ ਸਿੰਘ ਧੁੰਨ, ਐਡਵੋਕੇਟ ਜੇ. ਐੱਸ. ਢਿੱਲੋਂ, ਸਾਬਕਾ ਏਡੀਸੀ ਰਣਬੀਰ ਸਿੰਘ ਮੂਧਲ, ਦਵਿੰਦਰ ਸਿੰਘ ਲਾਲੀ ਢਾਲਾ, ਇੰਸਪੈਕਟਰ ਗੁਰਿੰਦਰ ਸਿੰਘ ਔਲਖ, ਚਰਨਜੀਤ ਸਿੰਘ ਭੁੱਚਰ,ਪਹਿਲਵਾਨ ਮਲਕੀਅਤ ਸਿੰਘ ਚੀਮਾ, ਸਰਪੰਚ ਤੇਜਿੰਦਰ ਪਾਲ ਸਿੰਘ ਕਾਲਾ ਰਸੂਲਪੁਰ, ਰਵੀ ਬਾਠ ਰਸੂਲਪੁਰ (ਹਾਂਗਕਾਂਗ), ਸਰਪੰਚ ਸਰਵਨ ਸਿੰਘ ਸੋਹਲ, ਗੁਰਬੀਰ ਸਿੰਘ ਸੰਧੂ ਢਾਲਾ, ਮਾਸਟਰ ਮਨਜੀਤ ਸਿੰਘ ਲਾਡੀ ਪੰਜਵੜ, ਮਾਸਟਰ ਪਿੰਕਪਾਲ ਸਿੰਘ ਚਾਹਲ, ਰਿੰਟਾ ਚਾਹਲ ਕੈਨੇਡਾ, ਜਸਕਰਨ ਪਾਲ ਸਿੰਘ ਸੋਨੀ ਹਾਂਗਕਾਂਗ , ਸਰਪੰਚ ਬਲਦੇਵ ਸਿੰਘ ਪੱਟੂ ਝਬਾਲ ਪੁਖਤਾ, ਖਾਲੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ, ਸੀਪੀਆਈ ਜ਼ਿਲਾ ਸਕੱਤਰ ਦਵਿੰਦਰ ਸੋਹਲ, ਚੇਅਰਮੈਨ ਕਸ਼ਮੀਰ ਸਿੰਘ ਮੰਨਣ, ਸਮਾਜ ਸੇਵੀ ਸੁਖਰਾਜ ਸਿੰਘ ਕਾਲਾ ਗੰਡੀਵਿੰਡ, ਮਨਜਿੰਦਰ ਸਿੰਘ ਲਹਿਰੀ, ਅਸੀਸ ਖੁੱਲਰ, ਮੁਨੀਸ਼ ਖੁੱਲਰ, ਕਾਮਰੇਡ ਯਸ਼ਪਾਲ ਝਬਾਲ, ਕੰਵਰ ਵਿਕਰਮ ਝਬਾਲ ਕੇਬੀਸੀ ਸੈਂਟਰ, ਕਾਮਰੇਡ ਅਸ਼ੋਕ ਸੋਹਲ, ਡੀਐੱਸਪੀ ਦਵਿੰਦਰ ਸਿੰਘ,ਬਹਾਲ ਸਿੰਘ ਰਾਮਰੌਣੀ, ਮਨਜੀਤ ਸਿੰਘ ਮੰਨਾ ਅੰਮ੍ਰਿਤਸਰ, ਜ਼ਿਲਾ ਯੂਥ ਪ੍ਰਧਾਨ ਆਮ ਆਦਮੀ ਪਾਰਟੀ ਅੰਗਦਦੀਪ ਸਿੰਘ ਸੋਹਲ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਰਜੀਵ ਲੁਧਿਆਣਾ, ਸੈਸ਼ਨ ਜੱਜ ਅਸ਼ੋਕ ਕੁਮਾਰ, ਪ੍ਰਧਾਨ ਪ੍ਰਦੇਸ਼ ਕਾਂਗਰਸ ਰਾਜਾ ਵੜਿੰਗ, ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਐਮਪੀ ਜਸਬੀਰ ਸਿੰਘ ਡਿੰਪਾ, ਭਾਗ ਸਿੰਘ ਸੋਹਲ, ਵਿਧਾਇਕ ਲਾਡੀ ਢੋਸ, ਬਲਦੇਵ ਸਿੰਘ ਛਾਪਾ, ਗੁਰਮੁੱਖ ਸਿੰਘ ਘੁੱਲਾਂ ਬਲੇਰ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਸਵਿੰਦਰ ਸਿੰਘ ਦੋਬਲੀਆ, ਜ਼ਿਲਾ ਪ੍ਰੀਸ਼ਦ ਮੈਂਬਰ ਮੈਨੂੰ ਚੀਮਾ, ਵਿਕਰਮ ਖੁੱਲਰ, ਗੁਰਬੀਰ ਸਿੰਘ ਚੇਅਰਮੈਨ ਝਬਾਲ, ਚੇਅਰਮੈਨ ਰਮਨ ਕੁਮਾਰ, ਹਰਸ਼ਰਨ ਸਿੰਘ ਮੱਲਾ, ਚੇਅਰਮੈਨ ਲਖਬੀਰ ਸਿੰਘ ਬੁਰਜ, ਮਨਿੰਦਰਪਾਲ ਸਿੰਘ ਪਲਾਸੌਰ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਸਾਬਕਾ ਵਿਧਾਇਕ ਮਨਜੀਤ ਸਿੰਘ, ਸਾਬਕਾ ਪ੍ਰਧਾਨ ਹਰਜੀਤ ਸਿੰਘ ਬੀਜੇਪੀ, ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਆਦਿ ਹਾਜ਼ਰ ਸਨ।

## ਖਾਲਸਾ ਕਾਲਜ ਸਰਹਾਲੀ 'ਚ ਕਰਵਾਇਆ ਸਾਇੰਸ ਐਂਡ ਕਾਮਰਸ ਫੇਅਰ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿਖੇ ਸਾਇੰਸ ਅਤੇ ਕਾਮਰਸ ਫੇਅਰ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਕਰੀਬ 95 ਵਿਦਿਆਰਥੀਆਂ ਨੇ ਭਾਗ ਲਿਆ।ਇਸ ਫੇਅਰ ਦੌਰਾਨ ਪੋਸਟਰ ਮੇਕਿੰਗ, ਮਾਡਲ ਡਿਸਪਲੇਅ, ਕੁਇਜ਼ ਅਤੇ ਭਾਸ਼ਨ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂਆਂ ਨੂੰ ਕਾਲਜ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਹਰਜਿੰਦਰ ਸਿੰਘਬਿੱਲਿਆਂਵਾਲਾ, ਕਮੇਟੀ ਮੈਂਬਰ ਜਸਵਿੰਦਰ ਸਿੰਘ ਮੋਹਨਪੁਰਾ, ਮਨਜੀਤ ਸਿੰਘ ਅਤੇ ਪ੍ਰਿੰ. ਡਾ. ਜਸਬੀਰ ਸਿੰਘ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਐੱਸਓਐੱਫ ਉਲੰਪੀਆਡ 'ਚ ਰਿਆੜਕੀ ਪਬਲਿਕ ਸਕੂਲ ਨੇ ਜਿੱਤੇ 15 ਮੈਡਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰਦਾਸਪੁਰ ਜ਼ਿਲ੍ਹੇ ਦੀ ਮਾਣਮੱਤੀ ਸੰਸਥਾ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਜੋ ਕਿ ਆਪਣੇ ਵਿਦਿਆਰਥੀਆਂ ਦੀ ਵਿੱਦਿਅਕ, ਧਾਰਮਿਕ ਅਤੇ ਖੇਡਾਂ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਦੇ ਨਾਲ-ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਹੋਣ ਵਾਲੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਵੀ ਮੋਹਰੀ ਬਣਾਉਣ ਦਾ ਹਰ ਹੁੰਦਾ ਯਤਨ ਕਰ ਰਹੀ ਹੈ। ਇਸੇ ਆਸ਼ੇ ਤਹਿਤ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਸਾਇੰਸ ਓਲੰਪੀਅਡ ਫਾਊਂਡੇਸ਼ਨ ਵੱਲੋਂ ਕਰਵਾਈ ਜਨਰਲ ਨੌਲੇਜ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚੋਂ ਸੰਸਥਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਮੁਕਾਮ ਹਾਸਲ ਕਰਕੇ ਆਪਣੀ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਸੰਸਥਾ ਦੇ ਛੇ ਵਿਦਿਆਰਥੀਆਂ ਨੇ ਮੈਡਲ ਆਫ ਡਿਸਟਿੰਕਸ਼ਨ, ਸਰਟੀਫਿਕੇਟ ਆਫ ਡਿਸਟਿੰਕਸ਼ਨ ਅਤੇ ਜਨਰਲ ਐਕਸੀਲੈਂਸ ਸਰਟੀਫਿਕੇਟ ਪ੍ਰਾਪਤ ਕੀਤੇ। ਚਾਰ ਵਿਦਿਆਰਥੀਆਂ ਨੇ ਗੋਲਡ ਮੈਡਲ ਆਫ ਐਕਸੀਲੈਂਸ, ਦੋ ਵਿਦਿਆਰਥੀ ਸਿਲਵਰ ਮੈਡਲ, ਸਰਟੀਫਿਕੇਟ ਆਫ ਐਕਸੀਲੈਂਸ, ਮੈਡਲ ਆਫ ਡਿਸਟਿੰਕਸ਼ਨ ਪ੍ਰਾਪਤ ਕੀਤੀ। ਇਨ੍ਹਾਂ ਪ੍ਰੀਖਿਆਵਾਂ ਵਿੱਚੋਂ ਮੋਹਿਤਬੀਰ ਸਿੰਘ, ਪਰਮਪ੍ਰੀਤ ਸਿੰਘ, ਸੁਖਮਨਪ੍ਰੀਤ ਕੌਰ, ਸੁਖਨਾਜ਼ਪ੍ਰੀਤ ਕੌਰ, ਗੁਰਕੀਰਤ ਸਿੰਘ, ਜੰਨਤਪ੍ਰੀਤ ਕੌਰ, ਐਸ਼ਪ੍ਰੀਤ ਕੌਰ, ਸੁਖਨੀਤ ਪ੍ਰੀਤ ਕੌਰ, ਹਰਲੀਨ ਕੌਰ, ਗੁਰਲੀਨ ਕੌਰ, ਨਵਤੇਜ ਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਮਨਜਿੰਦਰ ਸਿੰਘ ਨੇ ਗੋਲਡ ਮੈਡਲ ਆਫ ਡਿਸਟਿੰਕਸ਼ਨ ਅਤੇ ਸੁਖਨਾਜ਼ ਕੌਰ, ਮੁਸਕਾਨ ਪ੍ਰੀਤ ਕੌਰ, ਗੁਰਲੀਨ ਕੌਰ, ਪਲਵੀ ਕਾਲੀਆ ਅਤੇ ਅਨਾਹਦ ਸਿੰਘ ਨੇ ਵੀ ਪੁਜ਼ੀਸ਼ਨਾਂ ਹਾਸਿਲ ਕਰਕੇ ਆਪਣੇ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੰਸਥਾ ਵਿੱਚ ਪ੍ਰਤੀਯੋਗਿਤਾਵਾਂ ਕਰਵਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਅਜੋਕੇ ਕੰਪੀਟੀਸ਼ਨ ਦੇ ਯੁਗ ਵਿੱਚ ਸਮੇਂ ਦੇ ਹਾਣੀ ਬਣਾਉਣਾ ਹੈ ਤਾਂ ਜੋ ਉਹ ਔਖੇ ਤੋਂ ਔਖੇ ਇਮਤਿਹਾਨਾਂ ਵਿੱਚ ਹਿੱਸਾ ਲੈ ਕੇ, ਸਖਤ ਮਿਹਨਤ ਕਰਦੇ ਹੋਏ ਆਪਣੇ ਮਿੱਥੇ ਹੋਏ ਟੀਚੇ ਨੂੰ ਪ੍ਰਾਪਤ ਕਰ ਸਕਣ। ਮੈਡਮ ਮਨਪ੍ਰੀਤ ਕੌਰ ਵਿਰਕ ਨੇ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਕੰਪੀਟੀਸ਼ਨ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਅਤੇ ਹੌਸਲਾ ਭਰਨ ਲਈ ਪ੍ਰੇਰਨਾਦਾਇਕ ਸਾਬਿਤ ਹੋਇਆ ਹੈ। ਇਸ ਮੌਕੇ ਪ੍ਰਿੰ. ਮੈਡਮ ਇੰਦਰਜੀਤ ਕੌਰ ਸੈਣੀ, ਕੋਆਰਡੀਨੇਟਰ ਹਰਕਿੰਦਰਬੀਰ ਸਿੰਘ ਬੋਪਾਰਾਏ, ਕੋਆਰਡੀਨੇਟਰ ਸੁਖਦੀਪ ਕੌਰ ਅਤੇ ਕੋਆਰਡੀਨੇਟਰ ਸੁਮਨਦੀਪ ਕੌਰ ਵੀ ਹਾਜ਼ਰ ਸਨ।

# ਸੜਕ ਹਾਦਸੇ ਦੇ ਜ਼ਖ਼ਮੀ ਨੂੰ ਹਸਪਤਾਲ ਪਹੁੰਚਾਉਣ ਵਾਲੇ ਵਿਅਕਤੀ ਦਾ ਕੀਤਾ ਜਾਵੇਗਾ ਸਨਮਾਨ : ਬਹਿਲ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਰੋਜ਼ਾਨਾਂ ਸੜਕਾਂ ਤੇ ਹੋਣ ਵਾਲੇ ਹਾਦਸਿਆਂ ਵਿੱਚ ਅਜਾਈਂ ਜਾਂਦੀਆਂ ਅਨਮੋਲ ਮਨੁੱਖੀ ਜਾਨਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਫਰਿਸ਼ਤੇ ਸਕੀਮ ਸ਼ੁਰੂ ਕੀਤੀ ਗਈ ਹੈ ਤਾਂ ਜੋ ਸੜਕੀ ਹਾਦਸੇ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਮੌਕੇ ਤੇ ਮੁਢਲੀ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਸੁਰੱਖਿਅਤ ਹਸਪਤਾਲਾਂ ਅੰਦਰ ਪਹੁੰਚਾਇਆ ਜਾ ਸਕੇ।ਸਰਕਾਰ ਵੱਲੋਂ ਮਨੁੱਖੀ ਜਾਨਾਂ ਬਚਾਉਣ ਲਈ ਕੀਤਾ ਗਿਆ ਇਹ ਉਪਰਾਲਾ ਕਈ ਅਨਮੋਲ ਜਾਨਾਂ ਬਚਾਉਣ ਵਿੱਚ ਸਹਾਈ ਹੋਵੇਗਾ ਤੇ ਸੜਕ ਹਾਦਸਿਆਂ ਨੂੰ ਵੀ ਠੱਲ ਪਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਪਹਿਲਾਂ ਸੜਕ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਦੀ ਮੌਤ ਮੌਕੇ 'ਤੇ ਮੁਢਲੀ ਸਹਾਇਤਾ ਨਾ ਮਿਲਣ ਕਾਰਨ ਹੋ ਜਾਂਦੀ ਸੀ, ਪ੍ਰੰਤੂ ਸੜਕ ਸੁਰੱਖਿਆ ਫੋਰਸ ਉਨ੍ਹਾਂ ਵਿਅਕਤੀਆਂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਹਸਪਤਾਲਾਂ ਅੰਦਰ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਅਦਾ ਕਰੇਗੀ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਫਰਿਸ਼ਤੇ ਸਕੀਮ ਅਧੀਨ ਸੂਬੇ ਦੇ 354 ਹਸਪਤਾਲਾਂ ਨੂੰ ਇਮਪੈਨਲਡ ਕੀਤਾ ਗਿਆ ਹੈ ਅਤੇ ਜਖਮੀ ਹੋਏ ਲੋਕਾਂ ਦੀ ਜਾਨ ਬਚਾਉਣ ਵਾਲੇ ਵਿਅਕਤੀਆਂ ਨੂੰ ਸਰਕਾਰ ਵੱਲੋਂ 2000 ਰੁਪਏ ਦਾ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ।ਚੇਅਰਮੈਨ ਬਹਿਲ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਮਨੁੱਖਤਾ ਦੀ ਸੇਵਾ ਸਭ ਤੋਂ ਉਤਮ ਕਾਰਜ ਹੈ। ਇਸ ਲਈ ਜੇਕਰ ਕਿਸੇ ਨਾਗਰਿਕ ਦੇ ਸਾਹਮਣੇ ਕੋਈ ਦੁਰਘਟਨਾ ਹੁੰਦੀ ਹੈ ਤਾਂ ਉਹ ਬਿਨਾਂ ਕਿਸੇ ਡਰ ਜਾਂ ਝਿਜਕ ਤੋਂ ਜ਼ਖ਼ਮੀਆਂ ਦੀ ਮਦਦ ਕਰਨ ਲਈ ਅੱਗੇ ਆਉਣ।ਅਜਿਹਾ ਵਿਅਕਤੀਆਂ ਨੂੰ ਕਿਸੇ ਵੀ ਤਰ੍ਹਾਂ ਨਾਲ ਤੰਗ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਧਾਰਮਿਕ ਗ੍ਰੰਥਾਂ ਵਿੱਚ ਵੀ ਲਿਖਿਆ ਗਿਆ ਹੈ ਕਿ ਸਾਨੂੰ ਸਾਰਿਆਂ ਨੂੰ ਲੋੜਵੰਦਾਂ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।ਇਸ ਲਈ ਸਮੂਹ ਨਾਗਰਿਕ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝ ਕੇ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਜਾਨ ਬਚਾਉਣ ਲਈ ਅੱਗੇ ਆਉਣ।

## ਆਦਿੱਤਿਆ ਉੱਪਲ ਪਠਾਨਕੋਟ ਦੇ ਨਵੇਂ ਡਿਪਟੀ ਕਮਿਸ਼ਨਰ



ਪਠਾਨਕੋਟ: (ਦਵਿੰਦਰ ਸਿੰਘ)-ਅੱਜ ਬਾਅਦ ਦੁਪਿਹਰ ਆਦਿੱਤਿਆ ਉੱਪਲ (ਆਈਏਐੱਸ) ਨੇ ਬਤੌਰ ਡਿਪਟੀ ਕਮਿਸ਼ਨਰ ਪਠਾਨਕੋਟ ਦਾ ਚਾਰਜ ਸੰਭਾਲ ਲਿਆ। ਉਨ੍ਹਾਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਵਿਖੇ ਪੰਜਾਬ ਪੁਲਸ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ। ਇਸ ਤੋਂ ਬਾਅਦ ਹੋਰ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਨਵ-ਨਿਯੁਕਤ ਡਿਪਟੀ ਕਮਿਸ਼ਨਰ ਪਠਾਨਕੋਟ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਵੱਖ-ਵੱਖ ਅਧਿਕਾਰੀਆਂ ਤੋਂ ਜ਼ਿਲ੍ਹਾ ਪਠਾਨਕੋਟ ਦੀ ਮੌਜੂਦਾ ਸਥਿਤੀ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।

ਜ਼ਿਕਰਯੋਗ ਹੈ ਕਿ ਆਦਿੱਤਿਆ ਉੱਪਲ (ਆਈਏਐੱਸ) ਜੋ ਕਿ 2015 ਆਈਏਐੱਸ ਬੈਚ ਦੇ ਅਧਿਕਾਰੀ ਹਨ ਅਤੇ ਪਠਾਨਕੋਟ ਤੋਂ ਪਹਿਲਾਂ ਉਹ ਜਲੰਧਰ, ਪਟਿਆਲਾ ਅਤੇ ਕਪੂਰਥਲਾ ਵਿਖੇ ਬਤੌਰ ਨਗਰ ਨਿਗਮ ਕਮਿਸ਼ਨਰ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਬਤੌਰ ਐੱਸਡੀਐੱਮ ਮੁਕੇਰੀਆਂ ਵਿਖੇ ਵੀ ਅਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਤੋਂ ਪਹਿਲਾ ਹਰਬੀਰ ਸਿੰਘ ਜ਼ਿਲ੍ਹਾ ਪਠਾਨਕੋਟ ਵਿਖੇ 6 ਅਪ੍ਰੈਲ 2022 ਤੋਂ ਬਤੌਰ ਡਿਪਟੀ ਕਮਿਸ਼ਨਰ ਸੇਵਾਵਾਂ ਨਿਭਾ ਰਹੇ ਸਨ।

## ਬਲੈਕਜ਼ੋਨ ਮੋਬਾਈਲਜ਼ ਨੇ ਮੌਨੀ ਰਾਏ ਨਾਲ ਕੀਤਾ ਗੱਠਜੋੜ

ਲੁਧਿਆਣਾ : ਬਲੈਕਜ਼ੋਨ ਮੋਬਾਈਲਜ਼ ਨੇ ਆਪਣੇ ਫ਼ੀਚਰ ਫੋਨ ਅਤੇ ਸਮਾਰਟਵਾੱਚ ਦੀ ਰੇਂਜ ਲਈ ਬ੍ਰਾਂਡ ਅੰਬੈਸਡਰ ਦੇ ਰੂਪ ਵਿੱਚ ਮਸ਼ਹੂਰ ਭਾਰਤੀ ਅਭਿਨੇਤਰੀ ਮੌਨੀ ਰਾਏ ਦੇ ਨਾਲ ਗੱਠਜੋੜ ਕਰਨ ਦਾ ਐਲਾਨ ਕੀਤਾ ਹੈ।ਇਸ ਭਾਈਵਾਲੀ ਨਾਲ ਆਪਣੇ ਵਿਲੱਖਣ ਡਿਜ਼ਾਈਨਾਂ, ਤਕਨੀਕੀ ਨਵੀਨਤਾਵਾਂ ਅਤੇ ਕਿਫਾਇਤੀ ਕੀਮਤਾਂ ਲਈ ਲੋਕਪ੍ਰਿਯ ਬ੍ਰਾਂਡ ਦੀ ਵਧਦੀ ਪ੍ਰਸਿੱਧੀ ਨੂੰ ਹੋਰ ਗਤੀ ਮਿਲੀ ਹੈ।

ਬਲੈਕਜ਼ੋਨ ਮੇਕ ਇਨ ਇੰਡੀਆ ਨੂੰ ਸਫ਼ਲ ਬਣਾਉਣ ਦੀ ਦਿਸ਼ਾ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ ਅਤੇ ਇਸ ਲਈ ਮੈਟਰੋ ਸ਼ਹਿਰਾਂ ਤੋਂ ਨਿਕਲ ਕੇ ਛੋਟੇ ਭਾਰਤੀ ਕਸਬਿਆਂ ਤੱਕ ਆਪਣੀ ਪਹੁੰਚ ਦਾ ਵਿਸਤਾਰ ਕਰ ਰਿਹਾ ਹੈ।ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਦਿਲਚਸਪ ਰੀਲ ਨੂੰ ਸਾਂਝਾ ਕਰਦੇ ਹੋਏ ਰਾਏ ਨੇ ਆਪਣੇ ਦਰਸ਼ਕਾਂ ਲਈ ਬਲੈਕਜ਼ੋਨ ਬ੍ਰਾਂਡ ਪੇਸ਼ ਕੀਤਾ । ਬਾਲੀਵੁੱਡ ਸਟਾਰ ਦੇ ਨਾਲ ਆਪਣੇ ਗੱਠਜੋੜ ਦੇ ਬਾਰੇ ਵਿੱਚ ਕਰਨ ਠੁਕਰਾਲ ਚੇਅਰਮੈਨ ਬਲੈਕਜ਼ੋਨ ਨੇ ਕਿਹਾ ਕਿ ਮੌਨੀ ਰਾਏ ਨਾਲ ਆਪਣੇ ਗੱਠਜੋੜ 'ਤੇ ਸਾਨੂੰ ਬਹੁਤ ਮਾਣ ਹੈ ਜੋ ਸਾਡੇ ਦੇਸ਼ ਦੀ ਇੱਕ ਦੁਰਲੱਭ ਪ੍ਰਤਿਭਾ ਹਨ।

# ਨਸ਼ਾ ਮੁਕਤ ਵਿਸ਼ੇ 'ਤੇ ਨੁੱਕੜ ਨਾਟਕ ਖੇਡਿਆ




ਬਟਾਲਾ (ਤਰਲੋਕ ਬੱਗਾ)-ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਵਿਖੇ ਨਸ਼ਾ ਮੁਕਤ ਵਿਸ਼ੇ 'ਤੇ ਨੁੱਕੜ ਨਾਟਕ ਦਾ ਮੰਚਨ ਕੀਤਾ ਗਿਆ। ਇਹ ਨਾਟਕ ਪ੍ਰਿੰਸੀਪਲ ਡਾ. ਅਸ਼ਵਨੀ ਕਾਂਸਰਾ ਦੀ ਅਗਵਾਈ ਵਿਚ ਤੇ ਡਾ. ਰਾਜਨ ਚੌਧਰੀ ਮੁੱਖੀ ਬੋਟਨੀ ਵਿਭਾਗ ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਨਾਟਕ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕੋਹੜ ਰੂਪੀ ਬਿਮਾਰੀ ਨਸ਼ੇ ਤੋਂ ਬਚਾਉਣਾ ਅਤੇ ਇਸ ਦੀ ਜਾਣਕਾਰੀ ਦੇਣਾ ਸੀ।

ਇਸ ਮੌਕੇ ਪ੍ਰਿੰ. ਡਾ. ਅਸ਼ਵਨੀ ਕਾਂਸਰਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਇਕ ਕੋਹੜ ਰੂਪੀ ਬਿਮਾਰੀ ਹੈ ਅਤੇ ਇਹ ਇਕ ਮਿੱਠਾ ਜ਼ਹਿਰ ਵੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਇਸ ਦੇ ਖਿਲਾਫ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ ਡਾ. ਰਾਜਨ ਚੌਧਰੀ ਨੇ ਕਿਹਾ ਕਿ ਨਸ਼ਾ ਇਕ ਮਿੱਠਾ ਜ਼ਹਿਰ ਹੈ ਜੋ ਸਰੀਰ ਨੂੰ ਹੌਲੀ ਹੌਲੀ ਖੋਖਲਾ ਕਰ ਦਿੰਦਾ ਹੈ। ਆਖਿਰ ਇਨਸਾਨ ਮੌਤ ਦੇ ਮੂੰਹ ਵਿੱਚ ਚਲਾ ਜਾਂਦਾ ਹੈ। ਨਸ਼ੇ ਨਾਲ ਘਰਾਂ ਦੇ ਘਰ ਖਾਲੀ ਹੋ ਗਏ ਹਨ। ਇਸ ਤੋਂ ਬਚਣ ਲਈ ਸਾਨੂੰ ਸਾਰਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਨਾਟਕ ਦਾ ਆਯੋਜਨ ਰੈੱਡ ਆਰਟਸ ਪੰਜਾਬ ਟੀਮ ਵੱਲੋਂ ਕੀਤਾ ਗਿਆ। ਇਸ ਵਿੱਚ ਮੁੱਖ ਕਲਾਕਾਰ ਹਰਿੰਦਰ ਰਿਬਲ , ਰਾਜੀਵ ਰਾਜ ਅਤੇ ਮਲਕੀਤ ਅਦਿ ਨੇ ਭਾਗ ਲਿਆ।

### ਮੋਦੀ ਨੇ ਕਰੋੜਾਂ ਲੋਕਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਲਈ ਮਜ਼ਬੂਤ ਤੰਤਰ ਬਣਾਇਆ : ਅਮਿਤ ਸ਼ਾਹ

ਲੁਧਿਆਣਾ/ਜਲੰਧਰ : ਹੁਣ ਸਮੁੱਚਾ ਸਹਿਕਾਰੀ ਖੇਤਰ ਡਿਜੀਟਲ ਦੁਨੀਆ ਵਿੱਚ ਦਾਖਲ ਹੋ ਕੇ ਆਪਣੇ ਵਿਸਥਾਰ ਲਈ ਤਿਆਰ ਹੈ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਸਾਰੇ ਰਾਜਾਂ ਅਤੇ ਕੇਂਦਰ ਸਾਸਤ ਪ੍ਰਦੇਸ਼ਾਂ ਦੇ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਦਫਤਰਾਂ ਦੇ ਕੰਪਿਊਟਰੀਕਰਨ ਦੀ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਅਮਿਤ ਸ਼ਾਹ ਨੇ ਸਪੱਸ਼ਟ ਕੀਤਾ ਕਿ ਮੋਦੀ ਨੇ ਸਹਿਕਾਰਤਾ ਰਾਹੀਂ ਕਰੋੜਾਂ ਲੋਕਾਂ ਨੂੰ ਸਵੈ-ਰੁਜ਼ਗਾਰ ਨਾਲ ਜੋੜਨ ਲਈ ਇੱਕ ਮਜ਼ਬੂਤ ਤੰਤਰ ਬਣਾਇਆ ਹੈ। ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਸਹਿਕਾਰਤਾ ਖੇਤਰ ਵਿੱਚ ਕਾਗਜ਼ਾਂ 'ਤੇ ਲੋਕਾਂ ਦੀ ਨਿਰਭਰਤਾ ਘਟੇਗੀ ਅਤੇ ਗਤੀਸ਼ੀਲਤਾ ਵਧੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੀ ਯੋਗ ਅਗਵਾਈ ਹੇਠ ਅੱਜ ਲਗਭਗ 23 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਆ ਚੁੱਕੇ ਹਨ।

# ਪੰਜਾਬ ਦੇ ਮਾਣਮੱਤੇ ਇਤਿਹਾਸ ਨੂੰ ਦਰਸਾਉਂਦੀਆਂ ਝਾਕੀਆਂ ਦਾ ਅੰਮ੍ਰਿਤਸਰ ਪਹੁੰਚਣ 'ਤੇ ਸ਼ਾਨਦਾਰ ਸਵਾਗਤ

## * ਕੇਂਦਰ ਨੇ ਗਣਤੰਤਰ ਦਿਵਸ ਮੌਕੇ ਝਾਕੀ ਸ਼ਾਮਲ ਨਾ ਕਰਕੇ ਪੰਜਾਬ ਨਾਲ ਵਿਤਕਰਾ ਕੀਤਾ: ਈ ਟੀ ਓ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਵੱਲੋਂ ਪਾਏ ਗਏ ਬੇਮਿਸਾਲ ਯੋਗਦਾਨ ਅਤੇ ਪੰਜਾਬ ਦੇ ਗੌਰਵਮਈ ਵਿਰਸੇ ਅਤੇ ਇਤਿਹਾਸ ਬਾਰੇ ਜਾਗਰੂਕ ਕਰਨ ਲਈ ਕੱਢੀਆਂ ਗਈਆਂ ਝਾਕੀਆਂ ਦਾ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪਹੁੰਚਣ 'ਤੇ ਲੋਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ।ਬਿਆਸ ਖੇਤਰ ਵਿੱਚ ਝਾਕੀਆਂ ਦੇ ਦਾਖਲ ਹੁੰਦੇ ਹੋਏ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਅਤੇ ਸਕੂਲੀ ਬੱਚਿਆਂ ਵੱਲੋਂ ਸਵਾਗਤ ਕੀਤਾ ਗਿਆ।ਇਹ ਝਾਕੀਆਂ ਬਿਆਸ ਤੋਂ ਰਈਆ, ਟਾਂਗਰਾ, ਜੰਡਿਆਲਾ ਗੁਰੂ ਵਿਖੇ ਪਹੁੰਚਣ 'ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਸਵਾਗਤ ਕੀਤਾ।ਇਸ ਮੌਕੇ ਵੱਡੀ ਗਿਣਤੀ 'ਚ ਲੋਕ ਖਾਸਕਰ ਮਹਿਲਾਵਾਂ ਅਤੇ ਬੱਚੇ ਪੰਜਾਬ ਦੀ ਵਿਰਾਸਤ ਅਤੇ ਆਜ਼ਾਦੀ ਸੰਗਰਾਮ ਵਿੱਚ ਪਾਏ ਯੋਗਦਾਨ ਨੂੰ ਦੇਖਣ ਲਈ ਪਹੁੰਚੇ।ਜੰਡਿਆਲਾ ਵਿਖੇ ਝਾਕੀ ਦੇ ਪੁੱਜਣ 'ਤੇ ਸਰਕਾਰੀ ਸਕੂਲ ਤਾਰਾਗੜ੍ਹ, ਸਰਕਾਰੀ ਸਕੂਲ ਗਹਿਰੀ ਮੰਡੀ, ਸਰਕਾਰੀ ਸਕੂਲ ਲੜਕੇ ਜੰਡਿਆਲਾ ਅਤੇ ਸਰਕਾਰੀ ਕੰਨਿਆ ਸਕੂਲ ਜੰਡਿਆਲਾ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਝਾਕੀ ਦਾ ਸਵਾਗਤ ਕੀਤਾ ਅਤੇ ਪੰਜਾਬ ਦੇ ਅਮੀਰ ਵਿਰਸੇ ਨੂੰ ਜਾਣਿਆ। ਈ.ਟੀ.ਓ. ਨੇ ਦੱਸਿਆ ਕਿ ਇਨ੍ਹਾਂ ਝਾਕੀਆਂ ਵਿੱਚ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਦੇ ਚਿਤਰਣ ਤੋਂ ਇਲਾਵਾ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਲਾਲਾ ਲਾਜਪਤ ਰਾਏ, ਸ਼ਹੀਦ ਸੁਖਦੇਵ, ਲਾਲਾ ਹਰਦਿਆਲ, ਸਰਦਾਰ ਅਜੀਤ ਸਿੰਘ, ਬਾਬਾ ਖੜਕ ਸਿੰਘ, ਮਦਨ ਲਾਲ ਢੀਂਗਰਾ, ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੇ ਚਿੱਤਰ ਸ਼ਾਮਲ ਹਨ ।ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਮੈਡਮ ਜੀਵਨਜੋਤ ਕੌਰ ਨੇ ਕਿਹਾ ਕਿ ਪੰਜਾਬ ਦੇਸ਼ ਨੂੰ ਖਾਦ ਸੁਰੱਖਿਆ ਵਿੱਚ ਆਤਮ ਨਿਰਭਰ ਬਣਾਉਣ ਦੇ ਨਾਲ-ਨਾਲ ਆਜ਼ਾਦੀ ਸੰਗਰਾਮ ਵਿੱਚ ਸਭ ਤੋਂ ਵੱਧ ਸ਼ਹਾਦਤਾਂ ਦੇਣ ਵਾਲੇ ਲੋਕਾਂ ਦੀ ਧਰਤੀ ਹੈ ਅਤੇ ਇਸ ਦੀ ਝਾਕੀ ਨੂੰ ਪਰੇਡ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਕੇਂਦਰ ਨੇ ਹਮੇਸ਼ਾ ਹੀ ਪੰਜਾਬ ਨਾਲ ਵਿਤਕਰਾ ਕੀਤਾ ਹੈ

।ਇਸ ਮੌਕੇ ਐੱਸਡੀਐੱਮ ਬਾਬਾ ਬਕਾਲਾ ਅਮਨਦੀਪ ਸਿੰਘ, ਬੀਡੀਪੀਓ ਰਈਆ ਅਮਨਦੀਪ ਸਿੰਘ ਮੰਨਣ, ਚੇਅਰਮੈਨ ਛਨਾਖ ਸਿੰਘ, ਚੇਅਰਮੈਨ ਡਾ. ਗੁਰਵਿੰਦਰ ਸਿੰਘ, ਚੇਅਰਮੈਨ ਅਸ਼ੋਕ ਤਲਵਾਰ, ਚੇਅਰਮੈਨ ਜਸਪ੍ਰੀਤ ਸਿੰਘ, ਮੈਡਮ ਸੁਰਿੰਦਰ ਕੌਰ, ਸਤਿੰਦਰ ਸਿੰਘ, ਸਮੂਹ ਬਲਾਕ ਪ੍ਰਧਾਨ ਜੰਡਿਆਲਾ ਗੁਰੂ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਮਨੀਸ਼ ਅਗਰਵਾਲ, ਸਤਪਾਲ ਸੋਖੀ, ਰਵਿੰਦਰ ਹੰਸ, ਐਡਵੋਕੇਟ ਰਮਨ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

1-Fab-PAGE-12.qxd 1/31/2024 10:53 PM Page 1



# ਸਰਕਾਰੀ ਸਕੂਲ ਬਸੀ ਜਲਾਲ 'ਚ ਬਲਾਕ ਪੱਧਰੀ ਕਰਾਟੇ ਮੁਕਾਬਲੇ



ਅੱਡਾ ਸਰਾਂ (ਕਾਜਲ )- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਸੀ ਜਲਾਲ ਵਿਖੇ ਅੱਜ ਬਲਾਕ ਪੱਧਰੀ ਕਰਾਟੇ ਮੁਕਾਬਲੇ ਕਰਵਾਏ ਗਏ । ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ ) ਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਾਣੀ ਲਕਸ਼ਮੀਬਾਈ ਆਤਮ ਸੁਰੱਖਿਆ ਟ੍ਰੇਨਿੰਗ ਅਨੁਸਾਰ ਬੀ.ਐਨ. ਓ. ਰਜੇਸ਼ ਕੁਮਾਰ ਟਾਂਡਾ -1 ਅਤੇ ਸਕੂਲ ਇੰਚਾਰਜ ਸਰਬਜੀਤ ਕੌਰ ਦੀ ਅਗਵਾਈ ਵਿਚ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿਚ ਬਲਾਕ ਟਾਂਡਾ ਦੇ ਸਮੂਹ ਸਕੂਲਾਂ ਦੀਆਂ ਲੜਕੀਆਂ ਨੇ ਭਾਗ ਲਿਆ। ਇਸ ਮੌਕੇ ਜਤਿੰਦਰ ਸਿੰਘ ਹੈੱਡ ਮਾਸਟਰ ਸਰਕਾਰੀ ਹਾਈ ਸਕੂਲ ਦੇਹਰੀਵਾਲ ਬਤੌਰ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਏ। 40 ਕਿਲੋ ਭਾਰ ਵਰਗ ਵਿਚ ਛੇਵੀਂ ਤੋਂ ਅੱਠਵੀਂ ਕਲਾਸ ਵਰਗ ਵਿਚ ਸਰਕਾਰੀ ਮਿਡਲ ਸਕੂਲ ਦਾਤਾ ਦੀ ਜੈਸਮੀਨ ਕੌਰ ਪਹਿਲੇ ਸਥਾਨ 'ਤੇ, ਖਰਲ ਖੁਰਦ ਸਕੂਲ ਦੀ ਜੈਸਮੀਨ ਦੂਜੇ, ਕੰਧਾਲਾ ਜੱਟਾ ਸਕੂਲ ਦੀ ਰਾਸਮੀਤ ਤੀਜੇ ਅਤੇ ਘੁੱਲ ਸਕੂਲ ਦੀ ਜੈਸਮੀਨ ਚੌਥੇ ਸਥਾਨ 'ਤੇ ਰਹੀ। 35 ਕਿਲੋ ਭਾਰ ਵਰਗ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਹੂਰਾ ਦੀ ਜਸਕੀਰਤ ਕੌਰ ਪਹਿਲੇ, ਖਰਲ ਖੁਰਦ ਦੀ ਜਸਦੀਪ ਦੂਜੇ, ਜੌੜਾ ਬਗਿਆੜੀ ਦੀ ਜਸਮੀਤ ਤੀਜੇ ਅਤੇ ਕਲੋਆ ਸਕੂਲ ਦੀ ਸਿਮਰਨ ਚੌਥੇ ਸਥਾਨ 'ਤੇ ਰਹੀ। 45 ਕਿਲੋ ਭਾਰ ਵਰਗ ਵਿਚ ਸਰਕਾਰੀ ਹਾਈ ਸਕੂਲ ਦੇਹਰੀਵਾਲ ਦੀ ਪ੍ਰਭਜੋਤ ਕੌਰ ਪਹਿਲੇ, ਮਿਡਲ ਸਕੂਲ ਓਹੜਪੁਰ ਦੀ ਪ੍ਰਿਆ ਦੂਜੇ ਅਤੇ ਦਰੀਆ ਸਕੂਲ ਦੀ ਰਾਜੇਸ਼ਵਰੀ ਤੀਜੇ ਸਥਾਨ 'ਤੇ ਰਹੀ ।

ਇਸ ਮੌਕੇ ਇੰਦਰਜੀਤ ਸਿੰਘ ਡੀ.ਪੀ.ਈ., ਬਲਜਿੰਦਰ ਸਿੰਘ ਭਿੰਡਰ ਡੀ.ਪੀ.ਈ., ਅਵਤਾਰ ਸਿੰਘ, ਪਲਵਿੰਦਰ ਸਿੰਘ, ਕੁਲਵਿੰਦਰ ਸਿੰਘ, ਪਰਮਜੀਤ ਸਿੰਘ, ਪ੍ਰਭਜੋਤ ਕੌਰ, ਰਾਧਾ ਵਰਮਾ, ਰਜਨੀ ਦੇਵੀ, ਪ੍ਰਧਾ ਵਰਮਾ, ਰਜਨੀ ਬਾਲਾ, ਪਰਮਜੀਤ ਕੌਰ, ਅਜੇ ਕੁਮਾਰ, ਅੰਜਲੀ ਦੇਵੀ, ਸੁੱਚਾ ਸਿੰਘ, ਰੋਹਿਤ ਕੁਮਾਰ, ਜੋਤੀ ਸੈਣੀ, ਵੰਦਨਾ, ਗੁਰਪ੍ਰੀਤ ਕੌਰ, ਸਤਵਿੰਦਰ ਸਿੰਘ ਤੇ ਹੋਰ ਵੀ ਸਕੂਲਾਂ ਦੇ ਸਟਾਫ ਮੈਂਬਰ ਮੌਜੂਦ ਰਹੇ ।

# 16 ਦੀ ਹੜਤਾਲ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਿੰਡ ਬੰਦ ਕਰਨ ਦੇ ਫੈਸਲੇ ਦਾ ਪੁਰਜ਼ੋਰ ਸਮਰਥਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅੱਜ ਇੱਥੇ ਸ਼ਹੀਦ ਚੰਨਣ ਸਿੰਘ ਧੂਤ ਭਵਨ ਵਿਖੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਅਹੁਦੇਦਾਰਾਂ ਦੀ ਮੀਟਿੰਗ ਕਾਮਰੇਡ ਮਹਿੰਦਰ ਸਿੰਘ ਭੀਲੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਹਾਜ਼ਰ ਜਥੇਬੰਦੀ ਦੇ ਪੰਜਾਬ ਦੇ ਜਨਰਲ ਸਕੱਤਰ ਸਾਥੀ ਗੁਰਮੇਸ਼ ਸਿੰਘ ਨੇ ਸੂਬਾ ਵਰਕਿੰਗ ਕਮੇਟੀ ਦੇ ਫੈਸਲਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਸਾਂਝੇ ਸੰਘਰਸ਼ਾਂ ਨੂੰ ਅੱਗੇ ਵਧਾਉਣ ਲਈ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਮਜ਼ਬੂਤੀ ਉੱਪਰ ਜ਼ੋਰ ਦਿੱਤਾ। ਸਾਥੀ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਕਾਮਿਆਂ ਉਪਰ ਕੀਤੇ ਜਾ ਰਹੇ ਹਮਲਿਆਂ ਬਾਰੇ ਤੇ ਉਨ੍ਹਾਂ ਵਿਰੁੱਧ ਤਿੱਖੇ ਅਤੇ ਲਗਾਤਾਰ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ। ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਹੋਇਆਂ ਜ਼ਿਲ੍ਹੇ ਦੇ ਜਨਰਲ ਸਕੱਤਰ ਸਾਥੀ ਹਰਬੰਸ ਸਿੰਘ ਧੂਤ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਰਹਿੰਦੀ ਮੈਂਬਰਸ਼ਿਪ ਇੱਕ ਹਫ਼ਤੇ ਦੇ ਅੰਦਰ-ਅੰਦਰ ਮੁਕੰਮਲ ਕਰ ਕੇ ਸੂਬਾ ਦਫ਼ਤਰ ਜਮ੍ਹਾ ਕਰਵਾ ਦਿੱਤੀ ਜਾਵੇਗੀ। 8 ਫਰਵਰੀ ਨੂੰ ਕੇਰਲਾ ਸਰਕਾਰ ਦੇ ਸਮਰਥਨ ਲਈ ਪਿੰਡਾਂ ਵਿੱਚ ਲੋਕਾਂ ਦੇ ਇੱਕਠ ਕੀਤੇ ਜਾਣਗੇ। ਸੂਬਾ ਅਤੇ ਦਿੱਲੀ ਉਸਾਰੇ ਜਾ ਰਹੇ ਦਫ਼ਤਰ ਫੰਡ 15 ਫਰਵਰੀ ਤੱਕ ਜ਼ਿਲ੍ਹੇ ਅੰਦਰ ਟੀਮਾਂ ਬਣਾ ਕੇ ਇੱਕਠਾ ਕੀਤਾ ਜਾਵੇਗਾ। ਮੀਟਿੰਗ ਵਿਚ ਇੱਕ ਮਤਾ ਪਾਸ ਕਰਕੇ 16 ਫਰਵਰੀ ਨੂੰ ਟਰੇਡ ਯੂਨੀਅਨਜ਼ ਵੱਲੋਂ ਕੀਤੀ ਜਾ ਰਹੀ ਹੜਤਾਲ ਅਤੇ ਸਯੁੰਕਤ ਕਿਸਾਨ ਮੋਰਚੇ ਵੱਲੋਂ ਪਿੰਡ ਬੰਦ ਕਰਨ ਦੇ ਫੈਸਲੇ ਦਾ ਪੁਰਜ਼ੋਰ ਸਮਰਥਨ ਕੀਤਾ ਅਤੇ ਆਪਣੀਆਂ ਇਕਾਈਆਂ ਨੂੰ ਸੱਦਾ ਦਿੱਤਾ ਕਿ ਉਹ 16 ਫਰਵਰੀ ਨੂੰ ਆਪਣੇ ਪਿੰਡਾਂ ਵਿਚ ਇੱਕਠ ਕਰਕੇ ਸਮਰਥਨ ਕਰਨ । ਇਸ ਮੀਟਿੰਗ ਵਿਚ ਸਾਥੀ ਗੁਰਮੀਤ ਕਾਣੇ, ਰਾਜਰਾਣੀ, ਜੀਤ ਸਿੰਘ ਅਤੇ ਬਲਵਿੰਦਰ ਸਿੰਘ ਹਾਜ਼ਰ ਸਨ।

# ਸਮਾਜ ਨੂੰ ਤੰਦਰੁਸਤ ਰੱਖਣ 'ਚ ਸਫਾਈ ਸੇਵਕਾਂ ਦਾ ਅਹਿਮ ਰੋਲ : ਜਾਜਾ, ਓਮ ਭੱਟੀ

**ਟਾਂਡਾ ਉੜਮੁੜ,( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਭਾਰਤੀ ਵਾਲਮੀਕ ਧਰਮ ਸਮਾਜ (ਭਾਵਾਧਸ) ਦੇ ਮੁੱਖ ਦਫਤਰ ਟਾਂਡਾ ਵਿਖੇ ਹੋਏ ਇੱਕ ਸਮਾਗਮ ਵਿੱਚ ਪੰਜਾਬ ਕਨਵੀਨਰ ਭਾਵਾਧਸ ਵੀਰ ਸ਼੍ਰੇਸ਼ਠ ਸੁਰਿੰਦਰ ਜਾਜਾ ਅਤੇ ਆਪ ਨੇਤਾ ਓਮ ਪ੍ਰਕਾਸ਼ ਨੇ ਭੱਟੀ ਸੰਵਿਧਾਨ ਦਿਵਸ ਮੌਕੇ ਸਫਾਈ ਸੇਵਕਾਂ ਨੂੰ ਸਨਮਾਨਿਤ ਕੀਤਾ। ਦੇਸ਼ ਦੇ ਸੰਵਿਧਾਨ ਦਿਵਸ ਨੂੰ ਸਮਰਪਿਤ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਟਾਂਡਾ ਦੇ ਪ੍ਰਧਾਨ ਰਜਿੰਦਰ ਵਿੱਕੀ, ਰਾਜਨ ਮਲਹੋਤਰਾ, ਓਮ ਖੋਸਲਾ, ਪੰਕਜ ਖੋਸਲਾ, ਰੋਹਿਤ ਮੱਟੂ, ਸ਼ੁੱਭਮ ਭੱਟੀ ਤੇ ਹੋਰਨਾ ਸਵਾਈ ਸੇਵਕਾਂ ਨੂੰ ਸਨਮਾਨਿਤ ਕਰਦਿਆਂ ਭਾਵਾਧਸ ਪੰਜਾਬ ਦੇ ਕਨਵੀਨਰ ਸੁਰਿੰਦਰ ਜਾਜਾ ਨੇ ਕਿਹਾ ਕਿ ਸਫਾਈ ਸੇਵਕਾਂ ਦਾ ਵੀ ਸਾਡੇ ਦੇਸ਼ ਦੀ ਤਰੱਕੀ ਵਿੱਚ ਅਹਿਮ ਰੋਲ ਹੈ ਇਹ ਛੋਟੀ ਜਿਹੀ ਤਨਖਾਹ ਲੈ ਕੇ ਆਪਣੇ ਜੀਵਨ ਨੂੰ ਖਤਰੇ 'ਚ ਪਾ ਕੇ ਗਲੀਆਂ, ਮੁਹੱਲਿਆਂ ਨੂੰ ਸਾਫ਼ ਸੁਥਰਾ ਬਣਾ ਕੇ ਗੰਦਗੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਸਾਨੂੰ ਬਚਾਉਂਦੇ ਹਨ । ਉਨ੍ਹਾਂ ਹੋਰ ਕਿਹਾ ਕਿ ਇਨ੍ਹਾਂ ਸਫਾਈ ਸੇਵਕਾਂ ਕਰਕੇ ਹੀ ਸਾਫ ਵਾਤਾਵਰਣ ਮਿਲਦਾ ਹੈ, ਸੋ ਸਮਾਜ ਦੇ ਸਾਰੇ ਲੋਕਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਦਾ ਵੱਧ ਮਾਣ ਸਤਿਕਾਰ ਕਰਨ। ਇਸ ਮੌਕੇ ਸਫਾਈ ਮਜ਼ਦੂਰ ਫੈਡਰੇਸ਼ਨ ਟਾਂਡਾ ਦੇ ਪ੍ਰਧਾਨ ਰਜਿੰਦਰ ਵਿੱਕੀ ਤੇ ਰਾਜਨ ਮਲਹੋਤਰਾ ਨੇ ਭਾਵਾਧਸ ਦੇ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਆਪਣੀ ਡਿਊਟੀ ਹੋਰ ਵੀ ਵਧੀਆ ਤਰੀਕੇ ਨਾਲ ਨਿਭਾਉਣ ਦਾ ਪ੍ਰਣ ਕੀਤਾ। ਇਸ ਮੌਕੇ ਉਨ੍ਹਾਂ ਸਫਾਈ ਸੇਵਕਾਂ ਨੂੰ ਦਰਪੇਸ਼ ਵੱਖ ਵੱਖ ਮੁਸ਼ਕਲਾਂ ਤੋਂ ਜਾਣੂ ਵੀ ਕਰਵਾਇਆ ਅਤੇ ਸੂਬਾ ਸਰਕਾਰ ਨੂੰ ਇਨ੍ਹਾਂ ਮੁਸ਼ਕਲਾਂ ਦੇ ਹਰ ਲਈ ਢੁਕਵੇਂ ਕਦਮ ਚੁੱਕਣ ਲਈ ਅਪੀਲ ਕੀਤੀ। ਇਸ ਮੌਕੇ ਓਮ ਪ੍ਰਕਾਸ਼ ਭੱਟੀ, ਵਿਜੇ ਮੱਟੂ, ਸੁਨੀਲ ਜਾਜਾ, ਸੁਰਜੀਤ ਰਾਜਾ, ਰੋਹਿਤ ਟਾਂਡਾ, ਜਤਿੰਦਰ ਗੰਭਾ, ਗੁਰਦੀਪ ਦੀਪਾ, ਅਜੈ, ਵੈਰਾਗੀ ਚੌਹਾਨ, ਅਮਿਤ ਗੁੱਜਰ, ਕੁਲਦੀਪ ਸਿੰਘ, ਅਰਥ ਆਦਿ ਹਾਜ਼ਰ ਸਨ।



# ਕੇਂਦਰ ਸਰਕਾਰ ਪੰਜਾਬ ਨੂੰ ਅਟਲ-ਭੂ ਜਲ ਯੋਜਨਾ 'ਚ ਸ਼ਾਮਲ ਕਰੇ : ਜੌੜਾਮਾਜਰਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕੇਂਦਰ ਸਰਕਾਰ ਨੂੰ ਮੁੜ ਅਪੀਲ ਕੀਤੀ ਹੈ ਕਿ ਉਹ ਧਰਤੀ ਹੇਠਲੇ ਪਾਣੀ ਦੇ ਨਿਰੰਤਰ ਘਟਣ ਕਾਰਨ ਚਿੰਤਾਜਨਕ ਸਥਿਤੀ ਵੱਲ ਵਧ ਰਹੇ ਪੰਜਾਬ ਸੂਬੇ ਨੂੰ ਅਟਲ-ਭੂ ਜਲ ਯੋਜਨਾ ਵਿੱਚ ਸ਼ਾਮਲ ਕਰੇ। ਉਨ੍ਹਾਂ ਅਫ਼ਸੋਸ ਜਤਾਇਆ ਕਿ ਸੂਬਾ ਸਰਕਾਰ ਵੱਲੋਂ ਨਿਰੰਤਰ ਪੱਤਰ-ਵਿਹਾਰ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ।ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਖੇ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਘਟ ਰਹੇ ਪੱਧਰ ਨੂੰ ਰੋਕਣ ਅਤੇ ਪਾਣੀ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਸਬੰਧੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਵਿਚਾਰ-ਵਟਾਂਦਰੇ ਦੌਰਾਨ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਜਲ ਸਰੋਤ ਵਿਭਾਗ ਵੱਲੋਂ ਇਸ ਮਾਮਲੇ ਸਬੰਧੀ ਕਈ ਵਾਰ ਲਿਖਿਆ ਜਾ ਚੁੱਕਾ ਹੈ ਪਰ ਕੇਂਦਰ ਸਰਕਾਰ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਸੰਤ ਸੀਚੇਵਾਲ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੱਧਰ 'ਤੇ ਵੀ ਕੇਂਦਰ ਸਰਕਾਰ ਕੋਲ ਸੂਬੇ ਦੀ ਮੰਗ ਜ਼ੋਰਦਾਰ ਢੰਗ ਨਾਲ ਉਠਾਉਣ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਟਲ ਭੂ-ਜਲ ਯੋਜਨਾ ਤਹਿਤ ਉਨ੍ਹਾਂ ਸੂਬਿਆਂ ਦੀ ਮਦਦ ਕੀਤੀ ਜਾਣੀ ਸੀ, ਜਿੱਥੇ ਧਰਤੀ ਹੇਠਲੇ ਪਾਣੀ ਦੀ ਸਥਿਤੀ ਗੰਭੀਰ ਹੈ ਪਰ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਨਾਲ ਮਤਰੇਈ ਮਾਂ ਦਾ ਸਲੂਕ ਕਰਦਿਆਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਇਸ ਯੋਜਨਾ ਵਿੱਚ ਸ਼ਾਮਲ ਹੀ ਨਹੀਂ ਕੀਤਾ ਜਦਕਿ ਸੂਬੇ ਵਿੱਚ ਧਰਤੀ ਹੇਠਲਾ ਪਾਣੀ ਨਿਰੰਤਰ ਘਟਦਾ ਜਾ ਰਿਹਾ ਹੈ।ਇਸੇ ਦੌਰਾਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਜਲ ਸਰੋਤਾਂ ਬਾਰੇ ਬਣੀ ਸੰਸਦੀ ਕਮੇਟੀ ਵਿੱਚ ਉਹ ਮੈਂਬਰ ਹੋਣ ਦੇ ਨਾਤੇ ਇਸ ਸਕੀਮ ਤਹਿਤ ਪੰਜਾਬ ਨੂੰ ਬਾਹਰ ਰੱਖੇ ਜਾਣ ਦਾ ਪਹਿਲਾਂ ਵੀ ਸਖ਼ਤ ਇਤਰਾਜ਼ ਜਤਾ ਚੁੱਕੇ ਹਨ ਅਤੇ ਪੰਜਾਬ ਨੂੰ ਇਸ ਯੋਜਨਾ ਵਿੱਚ ਸ਼ਾਮਲ ਕਰਨ ਲਈ ਲਿਖ ਵੀ ਚੁੱਕੇ ਹਨ।ਸੰਤ ਸੀਚੇਵਾਲ ਵੱਲੋਂ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ ਪੱਕੀ ਸੜਕ ਬਣਾਉਣ ਦੀ ਮੰਗ ਬਾਰੇ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਤੁਰੰਤ ਪੰਜਾਬ ਮੰਡੀ ਬੋਰਡ ਨਾਲ ਰਾਬਤਾ ਕਰਨ ਤਾਂ ਜੋ ਸੜਕ ਬਣਾਉਣ ਸਬੰਧੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਦਰਿਆ ਕਿਨਾਰੇ ਸੜਕ ਬਣਨ ਨਾਲ ਧੁੱਸੀ ਬੰਨ੍ਹ ਨੂੰ ਮਜ਼ਬੂਤੀ ਮਿਲੇਗੀ ਅਤੇ ਹੜ੍ਹਾਂ ਦੌਰਾਨ ਪਾੜ ਪੈਣ ਦੀਆਂ ਘਟਨਾਵਾਂ ਨੂੰ ਕਾਫ਼ੀ ਹੱਦ ਤੱਕ ਠੱਲ੍ਹ ਪਵੇਗੀ। ਚੇਤਨ ਸਿੰਘ ਜੌੜਾਮਾਜਰਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੂਬੇ ਦੇ ਦਰਿਆਵਾਂ ਅਤੇ ਪੁਲਾਂ ਹੇਠ ਸਫ਼ਾਈ ਯਕੀਨੀ ਬਣਾਉਣ ਤਾਂ ਜੋ ਦਰਿਆ ਦੇ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਹੋ ਸਕੇ। ਉਨ੍ਹਾਂ ਕਿਹਾ ਕਿ ਹੁਣ ਜਦੋਂ ਬਰਸਾਤਾਂ ਦੇ ਸਮੇਂ ਵਿੱਚ 6 ਮਹੀਨੇ ਦਾ ਸਮਾਂ ਰਹਿ ਗਿਆ ਹੈ ਤਾਂ ਇਹ ਜ਼ਰੂਰੀ ਹੈ ਕਿ ਸਫ਼ਾਈ ਦੇ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ।ਮੀਟਿੰਗ ਦੌਰਾਨ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਚੀਫ਼ ਇੰਜੀਨੀਅਰ (ਡਰੇਨੇਜ) ਹਰਦੀਪ ਸਿੰਘ ਮਹਿੰਦੀਰੱਤਾ, ਚੀਫ਼ ਇੰਜੀਨੀਅਰ (ਨਹਿਰਾਂ) ਸ਼ੇਰ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।



# 25 ਲੱਖ ਦੀ ਐਂਬੂਲੈਂਸ ਲੋਕ ਅਰਪਣ

## * ਸੀਚੇਵਾਲ ਨੇ ਆਪਣੇ ਅਖਤਿਆਰੀ ਫੰਡ 'ਚੋਂ ਦਿੱਤੀ ਸੀ ਗ੍ਰਾਂਟ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ 25 ਲੱਖ ਦੀ ਗ੍ਰਾਂਟ ਦੇ ਕੇ ਤਿਆਰ ਕੀਤੀ ਐਂਬੂਲੈਂਸ ਅੱਜ ਲੋਕ ਅਰਪਣ ਕਰ ਦਿੱਤੀ। ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿੱਚ ਹੋਏ ਸੰਖੇਪ ਸਮਾਗਮ ਦੌਰਾਨ ਨਵੀਂ ਐਂਬੂਲੈਂਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਇਸ ਮੌਕੇ ਦੱਸਿਆ ਕਿ ਸਿਹਤ ਸਹੂਲਤਾਂ ਨੂੰ ਬੇਹਤਰ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਦੀਆਂ ਸਿਹਤ ਸਹੂਲਤਾਂ ਦੇ ਬੁਨਿਆਦੀ ਢਾਚੇ ਨੂੰ ਹੋਰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਸਿਵਲ ਹਸਪਤਾਲ ਲਈ 25 ਲੱਖ ਦੀ ਐਂਬੂਲੈਂਸ ਤੋਂ ਇਲਾਵਾ ਮਾਉਚਰੀ ਵਾਸਤੇ 9 ਲੱਖ ਦੀਆਂ 2 ਫਰਿੱਜਾਂ ਦੀ ਗ੍ਰਾਂਟ ਵੀ ਦਿੱਤੀ ਗਈ ਹੈ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਵਿੱਚ ਆਯੁਰਵੈਦਿਕ ਸਰਕਾਰੀ ਡਿਸਪੈਂਸਰੀ ਲਈ ਕਰੀਬ 7 ਲੱਖ 50 ਹਜ਼ਾਰ ਦੇ ਕਰੀਬ ਦੀ ਗ੍ਰਾਂਟ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਬਾਬੇ ਨਾਨਕ ਦੀ ਨਗਰੀ ਸੁਲਤਾਨਪੁਰ ਲੋਧੀ 'ਚ ਸਿਹਤ ਸਹੂਲਤਾਂ 'ਚ ਸੁਧਾਰ ਕਰਨ ਲਈ 41 ਲੱਖ 50 ਹਜ਼ਾਰ ਦੇ ਕਰੀਬ ਦੀ ਗ੍ਰਾਂਟ ਦਿੱਤੀ ਹੋਈ ਹੈ। ਇਸੇ ਤਰ੍ਹਾਂ ਕਪੂਰਥਲਾ ਦੇ ਸਿਵਲ ਹਸਪਤਾਲ ਵਾਸਤੇ ਵੀ 16 ਲੱਖ 40 ਹਜ਼ਾਰ ਦੀ ਗ੍ਰਾਂਟ ਡਿਜੀਟਲ ਐਕਸ-ਰੇਅ ਵਾਸਤੇ ਦਿੱਤੀ ਗਈ ਹੈ। ਕਪੂਰਥਲਾ ਜ਼ਿਲ੍ਹੇ ਦੇ ਪਿੰਡ ਬਲੇਰਖਾਨਪੁਰ ਲਈ ਵੀ 9 ਲੱਖ 90 ਹਜ਼ਾਰ ਦੀ ਗ੍ਰਾਂਟ ਸਰਕਾਰੀ ਡਿਸਪੈਂਸਰੀ ਲਈ ਦਿੱਤੀ ਹੋਈ ਹੈ। ਇਸ ਮੌਕੇ ਐਸ.ਡੀ.ਐਮ. ਜਸਪ੍ਰੀਤ ਸਿੰਘ ਨੇ ਕਿਹਾ ਕਿ ਸਮੁੱਚੀ ਸਬ ਡਵੀਜ਼ਨ ਦੇ ਵਿਕਾਸ ਲਈ ਮੈਂਬਰ ਪਾਰਲੀਮੈਂਟ ਸੰਤ ਸੀਚੇਵਾਲ ਕੰਮ ਕਰ ਰਹੇ ਹਨ। ਉਨ੍ਹਾਂ ਵੱਲੋਂ ਇਤਿਹਾਸਿਕ ਪਿੰਡ ਡੱਲਾ ਦੇ ਸੀਵਰੇਜ ਪਲਾਂਟ ਵਾਸਤੇ ਅਤੇ ਪਿੰਡ ਦੇ ਵਿਕਾਸ ਲਈ 50 ਲੱਖ ਦੀ ਗ੍ਰਾਂਟ ਐਲਾਨੀ ਹੋਈ ਹੈ ਜਿਸ ਵਿੱਚੋਂ ਉਨ੍ਹਾਂ ਵੱਲੋਂ ਲਗਭਗ ਅੱਧੀ ਖਰਚੀ ਜਾ ਚੁੱਕੀ ਹੈ। ਉਨ੍ਹਾਂ ਸੰਤ ਸੀਚੇਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਾਤਾਵਰਣ ਦੇ ਪੱਖ ਤੋਂ ਜੋ ਚੇਤਨਾ ਪੈਦਾ ਕਰ ਰਹੇ ਹਨ ਉਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸਵਾਰਿਆ ਜਾਵੇਗਾ। ਕਾਰਜ ਸਾਧਕ ਅਫਸਰ ਬਲਬੀਰ ਸਿੰਘ ਗਿੱਲ ਨੇ ਸਿਵਲ ਹਸਪਤਾਲ ਨੂੰ ਐਂਬੂਲੈਂਸ ਦਿੱਤੇ ਜਾਣ 'ਤੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕਰਦਿਆ ਕਿਹਾ ਕਿ ਇਸ ਨਾਲ ਮੰਡ ਇਲਾਕੇ ਨੂੰ ਜ਼ਿਆਦਾ ਲਾਭ ਹੋਵੇਗਾ। ਉਪਰੰਤ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ 'ਚ ਸੰਤ ਸੀਚੇਵਾਲ ਵੱਲੋਂ ਬੂਟੇ ਲਗਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਐਸ.ਐਮ.ਓ ਡਾ. ਰਵਿੰਦਰਪਾਲ ਸਿੰਘ ਸ਼ੁੱਭ, ਸੁਲਤਾਨਪੁਰ ਲੋਧੀ ਮਾਰਕੀਟ ਕਮੇਟੀ ਚੇਅਰਮੈਨ ਮਹੁੰਮਦ ਰਫੀ, ਆਪ ਤੋਂ ਜ਼ਿਲ੍ਹਾ ਯੂਥ ਪ੍ਰਧਾਨ ਅਕਾਸ਼ਦੀਪ ਸਿੰਘ ਚੀਮਾ, ਜਥੇਦਾਰ ਗੁਰਦਿਆਲ ਸਿੰਘ, ਸੁਰਜੀਤ ਸਿੰਘ ਸ਼ੰਟੀ, ਸਰਪੰਚ ਜੋਗਾ ਸਿੰਘ, ਗੱਤਕਾ ਕੋਚ ਗੁਰਵਿੰਦਰ ਕੌਰ, ਅਮਰੀਕ ਸਿੰਘ ਅਤੇ ਹਸਤਪਾਲ ਦਾ ਸਟਾਫ ਮੌਕੇ 'ਤੇ ਮੌਜੂਦ ਸਨ। ਐਸ.ਐਮ.ਓ ਡਾ. ਰਵਿੰਦਰਪਾਲ ਸਿੰਘ ਸ਼ੁੱਭ ਨੇ ਦੱਸਿਆ ਕਿ ਇਸ ਐਂਬੂਲੈਂਸ ਦੇ ਹਸਪਤਾਲ 'ਚ ਆਉਣ ਨਾਲ ਲੋਕਾਂ ਨੂੰ ਵੱਡੇ ਪੱਧਰ 'ਤੇ ਸਹੂਲਤ ਮਿਲੇਗੀ। ਸਮਾਗਮ ਦੌਰਾਨ ਡਾ. ਸ਼ੁੱਭ ਵੱਲੋਂ ਮੈਂਬਰ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਹਸਪਤਾਲ ਵਿੱਚ ਸਟਾਫ ਦੀ ਕਮੀ ਬਾਰੇ ਵੀ ਜਾਣੂ ਕਰਵਾਇਆ।



# ਅਕਸ਼ਦੀਪ ਸਿੰਘ ਤੇ ਮੰਜੂ ਰਾਣੀ ਬਣੇ ਨੈਸ਼ਨਲ ਓਪਨ ਪੈਦਲ ਤੋਰ ਮੁਕਾਬਲੇ ਦੇ ਚੈਂਪੀਅਨ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਚੰਡੀਗੜ੍ਹ ਵਿਖੇ ਚੱਲ ਰਹੀ 11ਵੀਂ ਨੈਸ਼ਨਲ ਓਪਨ ਪੈਦਲ ਤੋਰ ਚੈਂਪੀਅਨਸ਼ਿਪ ਦੇ ਅੱਜ 20 ਕਿਲੋਮੀਟਰ ਪੈਦਲ ਤੋਰ ਦੇ ਹੋਏ ਮੁਕਾਬਲੇ ਦੇ ਪੰਜਾਬ ਦੇ ਅਕਸ਼ਦੀਪ ਸਿੰਘ ਤੇ ਮੰਜੂ ਰਾਣੀ ਨੇ ਕ੍ਰਮਵਾਰ ਪੁਰਸ਼ਾਂ ਤੇ ਮਹਿਲਾ ਦੋਵਾਂ ਵਰਗਾਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੂਬੇ ਦਾ ਨਾਮ ਰੌਸ਼ਨ ਕੀਤਾ। ਪੁਰਸ਼ ਵਰਗ ਵਿੱਚ ਪਹਿਲੀਆਂ ਪੰਜ ਪੁਜ਼ੀਸ਼ਨਾਂ ਵਿੱਚੋਂ ਤਿੰਨ ਪੰਜਾਬ ਦੇ ਅਥਲੀਟਾਂ ਅਤੇ ਮਹਿਲਾ ਵਰਗ ਵਿੱਚ ਪਹਿਲੀਆਂ ਚਾਰ ਪੁਜ਼ੀਸ਼ਨਾਂ ਵਿੱਚੋਂ ਦੋ ਪੰਜਾਬ ਦੀਆਂ ਅਥਲੀਟਾਂ ਨੇ ਹਾਸਲ ਕੀਤੀਆਂ। ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੋਵੇਂ ਜੇਤੂ ਅਥਲੀਟਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਆਪਣੇ ਪ੍ਰਦਰਸ਼ਨ ਨਾਲ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਜ਼ਿਲੇ ਦੇ ਪਿੰਡ ਕਾਹਨੇਕੇ ਦਾ ਅਕਸ਼ਦੀਪ ਸਿੰਘ ਜਿੱਥੇ ਕੌਮੀ ਰਿਕਾਰਡ ਹੋਲਡਰ ਹੈ ਉਥੇ ਪੈਰਿਸ ਓਲੰਪਿਕ ਖੇਡਾਂ ਲਈ ਕੁਆਲੀਫਾਈ ਹੋ ਚੁੱਕਾ ਹੈ। ਇਸੇ ਤਰ੍ਹਾਂ ਮਾਨਸਾ ਜ਼ਿਲ੍ਹੇ ਦੇ ਪਿੰਡ ਖੈਰਿਹਾ ਖੁਰਦ ਦੀ ਮੰਜੂ ਰਾਣੀ ਨੇ ਕੌਮੀ ਰਿਕਾਰਡ ਬਣਾਉਣ ਤੋਂ ਇਲਾਵਾ ਹਾਂਗਜ਼ੂ ਏਸ਼ੀਅਨ ਗੇਮਜ਼ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਸੀ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਮੁੱਖ ਮੰਤਰੀ ਨੇ ਮੰਜੂ ਰਾਣੀ ਨੂੰ 50 ਲੱਖ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ ਸੀ ਜਦੋਂ ਕਿ ਅਕਸ਼ਦੀਪ ਸਿੰਘ ਨੂੰ ਓਲੰਪਿਕਸ ਕੁਆਲੀਫਾਈ ਕਰਨ ਸਮੇਂ 5 ਲੱਖ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਤ ਕੀਤਾ ਸੀ। ਅੱਜ ਸੁਖਨਾ ਝੀਲ ਉਤੇ ਚੱਲ ਰਹੀ ਚੈਂਪੀਅਨਸ਼ਿਪ ਵਿੱਚ ਪੁਰਸ਼ਾਂ ਦੀ 20 ਕਿਲੋਮੀਟਰ ਪੈਦਲ ਤੋਰ ਵਿੱਚ ਅਕਸ਼ਦੀਪ ਸਿੰਘ ਨੇ 1.19.38 ਦਾ ਸਮਾਂ ਕੱਢ ਕੇ ਸੋਨ ਤਮਗਾ ਜਿੱਤਿਆ। ਪੰਜਾਬ ਦਾ ਹੀ ਅਰਸ਼ਪ੍ਰੀਤ ਸਿੰਘ ਚੌਥੇ ਅਤੇ ਸਾਹਿਲ ਪੰਜਵੇਂ ਸਥਾਨ ਉਤੇ ਆਇਆ। ਮਹਿਲਾ ਵਰਗ ਵਿੱਚ ਮੰਜੂ ਰਾਣੀ ਨੇ 1.33.00 ਦਾ ਸਮਾਂ ਕੱਢ ਕੇ ਸੋਨ ਤਮਗਾ ਜਿੱਤਿਆ ਜਦੋਂ ਕਿ ਪੰਜਾਬ ਦੀ ਇਕ ਹੋਰ ਅਥਲੀਟ ਰਮਨਦੀਪ ਕੌਰ ਚੌਥੇ ਸਥਾਨ ਉਤੇ ਰਹੀ।

# ਕੁਸ਼ਟ ਰੋਗ ਪੂਰਨ ਇਲਾਜ ਯੋਗ : ਡਾ. ਸਤਵਿੰਦਰਪਾਲ ਸਿੰਘ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਅੱਜ ਵਿਸ਼ਵ ਕੁਸ਼ਟ ਰੋਗ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਸਤਵਿੰਦਰਪਾਲ ਸਿੰਘ ਨੇ ਨਰਸਿੰਗ ਵਿਦਿਆਥਣਾਂ ਸਮੇਤ ਸਮੁੱਚੇ ਸਟਾਫ ਨੂੰ ਕੁਸ਼ਟ ਰੋਗ ਦੇ ਮਰੀਜ਼ਾਂ ਨਾਲ ਕਿਸੇ ਤਰ੍ਹਾਂ ਦਾ ਭੇਦਭਾਵ ਨਾ ਕਰਨ, ਇਲਾਜ ਲਈ ਪ੍ਰੇਰਿਤ ਕਰਨ ਅਤੇ ਭਾਰਤ ਨੂੰ ਕੁਸ਼ਟ ਰੋਗ ਮੁਕਤ ਦੇਸ਼ ਬਣਾਉਣ ਲਈ ਯਤਨਸ਼ੀਲ ਰਹਿਣ ਦੀ ਸਹੁੰ ਚੁਕਾਈ।ਇਸ ਮੌਕੇ ਲੋਕਾਂ ਨੂੰ ਜਾਗਰੂਕ ਕਰਦਿਆਂ ਡਾ. ਉਂਗਲੀਆਂ ਦਾ ਟੇਢੇ ਮੇਢੇ ਹੋ ਜਾਣਾ ਜਾਂ ਝੜ ਜਾਣਾ ਕੁਸ਼ਟ ਰੋਗ ਦੇ ਲੱਛਣ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦਵਾਈ ਨਾਲ ਕੁਸ਼ਟ ਰੋਗ ਪੂਰਨ ਤੌਰ 'ਤੇ ਇਲਾਜਯੋਗ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਕੁਸ਼ਟ ਰੋਗ ਕੋਈ ਸ਼ਰਾਪ ਜਾਂ ਪਿਛਲੇ ਜਨਮਾਂ ਦਾ ਫਲ ਨਹੀਂ ਹੈ। ਇਸ ਰੋਗ ਨੂੰ ਛੁਪਾਉਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਸਮੇਂ 'ਤੇ ਕੀਤਾ ਗਿਆ ਇਲਾਜ ਬਿਮਾਰੀ ਨੂੰ ਗੰਭੀਰ ਹੋਣ ਤੋਂ ਬਚਾਉਂਦਾ ਹੈ। ਇਸ ਲਈ ਆਪਣੀ ਨਿਯਮਤ ਜਾਂਚ ਕਰਵਾਈ ਜਾਵੇ ਅਤੇ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਪੂਰਾ ਕੋਰਸ ਕੀਤਾ ਜਾਵੇ।ਡਾ. ਵਰਿੰਦਰ ਜ਼ਿਲ੍ਹਾ ਲੈਪਰੋਸੀ ਅਫਸਰ ਨੇ ਦੱਸਿਆ ਕਿ ਕੁਸ਼ਟ ਰੋਗ ਦੀ ਜਾਂਚ ਅਤੇ ਦਵਾਈ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਮੁਫਤ ਦਿੱਤੀ ਜਾਂਦੀ ਹੈ। ਸਤਵਿੰਦਰਪਾਲ ਸਿੰਘ ਨੇ ਦੱਸਿਆ ਕਿ ਕੁਸ਼ਟ ਰੋਗ ਪੂਰਨ ਰੂਪ ਵਿੱਚ ਇਲਾਜਯੋਗ ਹੈ। ਉਨ੍ਹਾਂ ਦੱਸਿਆ ਕਿ ਚਮੜੀ ਤੇ ਹਲਕੇ ਪੀਲੇ ਰੰਗ ਦੇ ਨਿਸ਼ਾਨ ਪੈ ਜਾਣ ਜੋ ਕਿ ਸੁੰਨ ਹੋਣ ਅਤੇ ਜਿੰਨਾ 'ਤੇ ਗਰਮ ਅਤੇ ਠੰਢੇ ਦਾ ਪਤਾ ਨਾ ਲੱਗੇ,

# ਆਈ ਕੇ ਜੀ ਪੀ ਟੀ ਯੂ ਇੰਫੋਸਿਸ ਸਪ੍ਰਿੰਗਬੋਰਡ ਨੂੰ ਲਾਂਚ ਕਰਨ ਵਾਲੀ ਰਾਜ ਦੀ ਪਹਿਲੀ ਯੂਨੀਵਰਸਿਟੀ

**ਜਲੰਧਰ ( ਸ਼ੈਲੀ ਐਲਬਰਟ)**:- ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਵੱਲੋਂ ਇੰਫੋਸਿਸ ਸਪ੍ਰਿੰਗਬੋਰਡ ਨਾਲ ਹੱਥ ਮਿਲਾਇਆ ਹੈ। ਇਸ ਦੇ ਨਾਲ ਹੀ ਆਈ.ਕੇ.ਜੀ ਪੀ.ਟੀ.ਯੂ, ਇੰਫੋਸਿਸ ਸਪਰਿੰਗਬੋਰਡ ਲਾਂਚ ਕਰਨ ਵਾਲੀ ਰਾਜ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ । ਇੰਫੋਸਿਸ ਸਪਰਿੰਗ ਬੋਰਡ ਲਾਂਚ ਸਮਾਰੋਹ ਸੋਮਵਾਰ ਨੂੰ ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿੱਚ ਕਰਵਾਇਆ ਗਿਆ, ਜਿਸ ਵਿੱਚ ਯੂਨੀਵਰਸਿਟੀ ਦੇ ਉਪ ਕੁਲਪਤੀ (ਵਾਈਸ ਚਾਂਸਲਰ) ਪ੍ਰੋ. (ਡਾ.) ਸੁਸ਼ੀਲ ਮਿੱਤਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਇੰਫੋਸਿਸ ਸਪ੍ਰਿੰਗਬੋਰਡ ਦੀ ਲਰਨਿੰਗ ਅਤੇ ਪ੍ਰੋਗਰਾਮ ਮੈਨੇਜਰ ਮੀਨਾਕਸ਼ੀ ਐੱਸ ਨੇ ਆਨਲਾਈਨ ਮਾਧਿਅਮ ਰਾਹੀਂ ਇਸ ਪ੍ਰੋਗਰਾਮ ਨੂੰ ਸੰਬੋਧਨ ਕੀਤਾ । ਪ੍ਰਿੰਸੀਪਲ ਕੰਸਲਟੈਂਟ ਲਰਨਿੰਗ ਇੰਫੋਸਿਸ ਲਿਮਟਿਡ ਕਮਲਜੀਤ ਕੌਰ ਨੇ ਮੁੱਖ ਬੁਲਾਰੇ ਵਜੋਂ ਲਾਂਚ ਸਮਾਰੋਹ ਵਿਚ ਹਾਜ਼ਰੀ ਭਰੀ । ਇਹ ਸਮਾਗਮ ਯੂਨੀਵਰਸਿਟੀ ਦੇ ਟਰੇਨਿੰਗ, ਪਲੇਸਮੈਂਟ, ਅਲੂਮਨੀ ਅਤੇ ਕਾਰਪੋਰੇਟ ਰਿਲੇਸ਼ਨਜ਼ ਵਿਭਾਗ ਵੱਲੋਂ ਕਰਵਾਇਆ ਗਿਆ। ਸਵਾਗਤੀ ਸ਼ਬਦ ਡਿਪਟੀ ਡਾਇਰੈਕਟਰ ਇੰਜੀਨਿਅਰ ਨਵਦੀਪਕ ਸੰਧੂ ਵੱਲੋਂ ਪੜ੍ਹੇ ਗਏ । ਮੁੱਖ ਮਹਿਮਾਨ ਉਪ ਕੁਲਪਤੀ ਪ੍ਰੋ.(ਡਾ.) ਸੁਸ਼ੀਲ ਮਿੱਤਲ ਨੇ ਕਿਹਾ ਕਿ ਇਹ ਭਾਗੀਦਾਰੀ ਸਾਡੇ ਉਦੇਸ਼ ਦਾ ਹਿੱਸਾ ਹੈ। ਯੂਨੀਵਰਸਿਟੀ ਹਮੇਸ਼ਾ ਉਦਯੋਗ-ਅਕਾਦਮੀਆਂ ਸਹਿਯੋਗ ਨੂੰ ਪਹਿਲ ਦਿੰਦੀ ਹੈ। ਉਨ੍ਹਾਂ ਕਿਹਾ ਕਿ ਤਕਨੀਕੀ ਸਿੱਖਿਆ ਹੋਰ ਸਿੱਖਿਆ ਨਾਲੋਂ ਵੱਖਰੀ ਹੈ, ਉਦਯੋਗ ਖੇਤਰ ਦੀ ਬਰਾਬਰ ਦੀ ਭਾਗੀਦਾਰੀ ਨਾਲ ਹੀ ਵਿਦਿਆਰਥੀਆਂ ਨੂੰ ਹੁਨਰਮੰਦ ਅਤੇ ਮੌਜੂਦਾ ਉਦਯੋਗ ਦੀ ਲੋੜ ਅਨੁਸਾਰ ਤਿਆਰ ਕੀਤਾ ਜਾ ਸਕਦਾ ਹੈ। ਉਪ-ਕੁਲਪਤੀ ਡਾ. ਮਿੱਤਲ ਨੇ ਯੂਨੀਵਰਸਿਟੀ ਦੀ ਫੈਕਲਟੀ ਨੂੰ ਵਿਦਿਆਰਥੀਆਂ ਨੂੰ ਹਰ ਮਹੀਨੇ ਉਦਯੋਗ ਦੇ ਦੌਰੇ 'ਤੇ ਭੇਜਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਦੀ ਸਮਰੱਥਾ ਨੂੰ ਲਗਾਤਾਰ ਅਭਿਆਸ ਨਾਲ ਜੋੜਨ 'ਤੇ ਜ਼ੋਰ ਦਿੱਤਾ।ਪ੍ਰਿੰਸੀਪਲ ਕੰਸਲਟੈਂਟ ਲਰਨਿੰਗ ਇੰਫੋਸਿਸ ਲਿਮਟਿਡ, ਕਮਲਜੀਤ ਕੌਰ ਨੇ ਹਾਜ਼ਰ ਵਿਦਿਆਰਥੀਆਂ ਨੂੰ ਇੰਫੋਸਿਸ ਸਪਰਿੰਗ ਬੋਰਡ ਤੇ ਉਪਲਬਧ ਕੋਰਸਾਂ ਬਾਰੇ ਇੱਕ ਡੈਮੋ ਦਿੱਤਾ । ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਯੂਨੀਵਰਸਿਟੀ ਦੇ ਬੋਰਡ ਆਫ਼ ਸਟੱਡੀਜ਼ ਦੇ ਸਹਿਯੋਗ ਨਾਲ ਇਨ੍ਹਾਂ ਕੋਰਸਾਂ ਦੇ ਕ੍ਰੈਡਿਟ ਟ੍ਰਾਂਸਫਰ ਦਾ ਕੰਮ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਰਕੀਟ ਅਤੇ ਉਦਯੋਗ ਲਈ ਲੋੜੀਂਦੇ ਸਾਰੇ ਕੋਰਸ ਅਤੇ ਵਿਸ਼ੇ ਇੰਫੋਸਿਸ ਸਪਰਿੰਗ ਬੋਰਡ ਤੇ ਉਪਲਬਧ ਹਨ। ਕਮਲਜੀਤ ਕੌਰ ਨੇ ਵਿਦਿਆਰਥੀਆਂ ਦੇ ਨਾਲ-ਨਾਲ ਫੈਕਲਟੀ ਨੂੰ ਵੀ ਇਸ ਦਾ ਲਾਹਾ ਲੈਣ ਲਈ ਪ੍ਰੇਰਿਤ ਕੀਤਾ । ਅੰਤ ਵਿੱਚ ਡੀਨ ਅਕਾਦਮਿਕ ਪ੍ਰੋ (ਡਾ.) ਵਿਕਾਸ ਚਾਵਲਾ ਵੱਲੋਂ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਸਾਰੇ ਸੀਨੀਅਰ ਅਧਿਕਾਰੀ ਅਤੇ ਫੈਕਲਟੀ ਮੈਂਬਰ ਹਾਜ਼ਰ ਸਨ ।



# ਬਿਰਧ ਆਸ਼ਰਮ ਦੀਆਂ ਸੇਵਾਵਾਂ ਲਈ ਵਿੱਤੀ ਮਦਦ ਭੇਟ

**ਅੱਡਾ ਸਰਾਂ ( ਕਾਜਲ )**- ਪ੍ਰਵਾਸੀ ਪੰਜਾਬੀ ਦਾਨੀ ਜਵਾਹਰ ਸਿੰਘ ਪੱਡਾ ਕਨੇਡਾ ਵੱਲੋਂ ਪਿੰਡ ਦੇਹਰੀਵਾਲ ਵਿਚ ਬੇਸਹਾਰਿਆਂ ਲਈ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਵਿਚ ਹੋਏ ਸਮਾਗਮ ਦੌਰਾਨ ਲੁਧਿਆਣਾ ਤੋਂ ਆਏ ਦਾਨੀਆਂ ਵੱਲੋਂ ਵਿੱਤੀ ਮਦਦ ਪ੍ਰਬੰਧਕਾਂ ਨੂੰ ਭੇਟ ਕੀਤੀ ਗਈ । ਆਸ਼ਰਮ ਵਿਚ ਰਹਿੰਦੇ ਮੈਂਬਰਾਂ ਦੀ ਸੇਵਾ ਸੰਭਾਲ ਲਈ ਮਨਜੀਤ ਸਿੰਘ ਲੁਧਿਆਣਾ, ਨਵਜੋਤ ਸਿੰਘ ਕਨੇਡਾ, ਬਲਵੀਰ ਕੁਮਾਰ, ਸੰਦੀਪ ਸਿੰਘ ਨੇ ਪ੍ਰਬੰਧਕਾਂ ਨੂੰ 50 ਹਜ਼ਾਰ ਰੁਪਏ ਦੀ ਵਿੱਤੀ ਮਦਦ ਭੇਟ ਕੀਤੀ। ਇਸ ਮੌਕੇ ਮੁੱਖ ਪ੍ਰਬੰਧਕ ਸੇਵਾਦਾਰ ਜਵਾਹਰ ਸਿੰਘ ਪੱਡਾ ਅਤੇ ਹਰਵਿੰਦਰ ਸਿੰਘ ਬਸੀ ਜਲਾਲ ਆਸ਼ਰਮ ਦੇ ਸੇਵਾ ਮਿਸ਼ਨ ਲਈ ਮਦਦ ਕਰਨ ਵਾਲੇ ਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ ਆਸ਼ਰਮ ਵਿਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਦੱਸਿਆ ਅਤੇ ਆਖਿਆ ਇਸ ਸਮਾਜ ਸੇਵੀ ਮਿਸ਼ਨ ਵਿਚ ਪ੍ਰਵਾਸੀ ਪੰਜਾਬੀ ਆਪਣਾ ਅਹਿਮ ਯੋਗਦਾਨ ਦੇ ਰਹੇ ਹਨ । ਇਸ ਮੌਕੇ ਉਨ੍ਹਾਂ ਦੱਸਿਆ ਕਿ ਆਸ਼ਰਮ ਦੇ ਸੇਵਾ ਮਿਸ਼ਨ ਦਾ ਦਾਇਰਾ ਹੋਰ ਵੱਡਾ ਕੀਤਾ ਜਾਵੇਗਾ । ਇੱਥੇ ਰਹਿੰਦੇ ਮੈਂਬਰਾਂ ਨੂੰ ਘਰਾਂ ਪਰਵਾਰਾਂ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ । ਇਸ ਮੌਕੇ ਨਰਿੰਦਰਪਾਲ ਸਿੰਘ ਪਿੰਕਾ, ਪੂਰਨ ਸਿੰਘ, ਭੋਲੂ, ਵਿਨੋਦ ਕੁਮਾਰ, ਆਤਮਾ ਰਾਮ, ਬਿੱਲਾ, ਮਨੋਹਰ ਸਿੰਘ, ਰਮੇਸ਼ ਕੁਮਾਰ, ਗੁਰਦੀਪ ਸਿੰਘ, ਮਨੋਹਰ ਲਾਲ, ਦੀਪਕ ਕੁਮਾਰ, ਲਾਡੀ, ਮੁਖਤਿਆਰ ਸਿੰਘ, ਅਵਤਾਰ ਕੌਰ, ਸੋਨੀਆ, ਸਪਨਾ, ਮਾਲਾ, ਬਲਜੀਤ ਕੌਰ, ਹਰਜਿੰਦਰ ਕੌਰ, ਰਾਣੀ, ਮਹਿੰਦਰ ਕੌਰ, ਲਕਸ਼ਮੀ, ਬਿਜਲੀ, ਊਸ਼ਾ ਰਾਣੀ ਆਦਿ ਹਾਜ਼ਰ ਸਨ।



# ਰਜਿੰਦਰ ਸੁਲਤਾਨਵੀ ਸਮੇਤ ਅਨੇਕਾਂ ਰਾਮ ਭਗਤ ਸਨਮਾਨਤ

**ਸੁਲਤਾਨਪੁਰ ਲੋਧੀ, ( ਹਨੀ )** ਸ਼੍ਰੀ ਰਾਮ ਜਨਮ ਭੂਮੀ ਸਮਿਤੀ ਸੁਲਤਾਨਪੁਰ ਲੋਧੀ ਵੱਲੋਂ ਸਥਾਨਕ ਸ਼੍ਰੀ ਰਾਮ ਮੰਦਰ ਵਿਖੇ ਵਿਸ਼ਾਲ ਸਨਮਾਨ ਸਮਾਗਮ ਕਰਵਾਇਆ ਗਿਆ । ਇਸ ਮੌਕੇ ਰਾਸ਼ਟਰੀ ਸਵੈ ਸੇਵਕ ਸੰਘ ਦੇ ਵਿਭਾਗ ਪ੍ਰਚਾਰਕ ਅਤੇ ਰਾਮ ਜਨਮ ਭੂਮੀ ਮੰਦਰ ਅਯੋਧਿਆ ਟਰਸਟ ਦੇ ਮੈਂਬਰ ਨਵਦੀਪ ਕੁਮਾਰ ਅਤੇ ਅਨੂ ਕੁਮਰਾ ਜਿਲਾ ਅਕਸ਼ਤ ਅਭਿਆਨ ਕਪੂਰਥਲਾ ਦੇ ਸੰਚਾਲਕ ਵੀ ਪੁੱਜੇ। ਸਮਾਗਮ ਦੀ ਪ੍ਰਧਾਨਗੀ ਉਦਯੋਗਪਤੀ ਕਰਨ ਧੀਰ, ਸ਼੍ਰੀ ਰਾਮ ਮੰਦਿਰ ਕਮੇਟੀ ਦੇ ਸੰਚਾਲਕ ਰਿਪਨ ਗੁਪਤਾ ਅਤੇ ਬਜਰੰਗ ਦਲ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਸੰਦੀਪ ਕਾਲਾ ਨੇ ਸਾਂਝੇ ਤੌਰ ਤੇ ਕੀਤੀ। ਸਮਾਗਮ ਦੇ ਪ੍ਰਬੰਧਕਾਂ ਦੱਸਿਆ ਕਿ 23 ਦਸੰਬਰ ਨੂੰ ਰਾਮ ਮੰਦਿਰ ਅਯੋਧਿਆ ਤੋਂ ਅਕਸ਼ਤ ਰੱਥ ਯਾਤਰਾ ਸਜਾਈ ਗਈ। ਜਿਸ ਵਿੱਚ ਇਕ ਜਨਵਰੀ ਤੋਂ 15 ਜਨਵਰੀ ਤੱਕ 3100 ਪਰਿਵਾਰਾਂ ਨੂੰ ਅਕਸ਼ਿਤ ਵੰਡੇ ਗਏ, ਇਸੇ ਦੌਰਾਨ 40 ਪਿੰਡਾਂ ਦੇ ਮੰਦਰਾਂ ਵਿੱਚ ਵੀ ਕਲਸ਼ ਦੀ ਸਥਾਪਨਾ ਕੀਤੀ ਗਈ । ਉਪਰੰਤ 22 ਜਨਵਰੀ ਨੂੰ ਸ਼ਹਿਰ ਸੁਲਤਾਨਪੁਰ ਲੋਧੀ ਦੇ 10 ਮੰਦਰਾਂ ਵਿੱਚ ਐਲ ਸੀ ਡੀ ਸਕਰੀਨਾਂ ਲਗਾ ਕੇ ਅਯੁੱਧਿਆ ਵਿਖੇ ਹੋਈ ਪ੍ਰਾਣ ਪ੍ਰਤਿਸ਼ਠਾ ਸਬੰਧੀ ਸਮਗਾਮ ਲਾਈਵ ਟੈਲੀਕਾਸਟ ਭਗਤਾਂ ਨੂੰ ਵਿਖਾਇਆ ਗਿਆ ਤੇ 50 ਦੇ ਕਰੀਬ ਥਾਵਾਂ ਤੇ ਵੱਖ-ਵੱਖ ਤਰਾਂ ਦੇ ਲੰਗਰ ਲਗਾਏ ਗਏ। ਉਹਨਾਂ ਦੱਸਿਆ ਕਿ ਉਸੇ ਦਿਨ ਰਾਤ ਨੂੰ ਸ਼੍ਰੀ ਰਾਮ ਮੰਦਿਰ ਵਿਖੇ 2500 ਦੀਵੇ ਅਤੇ ਮਾਤਾ ਸਿੰਘ ਭਵਾਨੀ ਮੰਦਰ ਵਿਖੇ 1100 ਦੀਵੇ ਜਲਾ ਕੇ ਦੀਪ ਮਾਲਾ ਕੀਤੀ ਗਈ। ਉਹਨਾਂ ਦੱਸਿਆ ਕਿ 160 ਰਾਮ ਭਗਤਾਂ ਨੇ ਰਾਮਦੂਤ ਬਣ ਕੇ ਇਹ ਸਾਰੇ ਕਾਰਜ ਨੂੰ ਸੰਪੂਰਨ ਕੀਤਾ ਜਿਨਾਂ ਨੂੰ ਮੁੱਖ ਮਹਿਮਾਨ ਅਤੇ ਸ਼੍ਰੀ ਰਾਮ ਜਨਮ ਭੂਮੀ ਸਮਿਤੀ ਸੁਲਤਾਨਪੁਰ ਲੋਧੀ ਦੇ ਮੈਂਬਰਾਨ ਵੱਲੋਂ ਸਨਮਾਨ ਪੱਤਰ ਅਤੇ ਚੁੰਨੀ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨ ਨਵਦੀਪ ਕੁਮਾਰ ਅਤੇ ਅਨੂ ਕੁਮਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਰਾਮ ਭਗਤ ਭਵਿਕ ਜੈਨ ਨੇ ਹਾਜ਼ਰ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਮ ਭਗਤ ਕਰਨ ਧੀਰ ਰਾਮ ਮੰਦਿਰ ਦੇ ਸੰਚਾਲਕ ਰਿਪਨ ਗੁਪਤਾ, ਬਜਰੰਗ ਦਲ ਦੇ ਪ੍ਰਧਾਨ ਸੰਦੀਪ ਕਾਲਾ ਅਤੇ ਪਹੁੰਚੇ ਮਹਿਮਾਨਾਂ ਵੱਲੋਂ ਸਹਿਯੋਗ ਦੇਣ ਵਾਲੇ ਸੇਵਕਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਜਿਨ੍ਹਾਂ ਚ ਉੱਘੇ ਭਜਨ ਗਾਇਕ ਰਜਿੰਦਰ ਸੁਲਤਾਨਵੀ, ਪੱਤਰਕਾਰ ਨਰੇਸ਼ ਹੈਪੀ, ਪੰਡਿਤ ਰਾਮ ਪਦਾਰਥ ਪਾਂਡੇ, ਪੰਡਿਤ ਆਲੋਕ ਨਾਥ ਤਿਵਾੜੀ, ਪੰਡਿਤ ਸਤ ਨਰਾਇਣ, ਮਹੰਤ ਸ਼ੈਲੀ ਡੱਲੇ ਵਾਲੇ, ਇੰਦਰ ਮੋਹਨ ਗੁਪਤਾ, ਸੀ ਏ ਮਨੋਜ ਕੁਮਾਰ ਡੋਗਰਾ, ਭਾਜਪਾ ਮੰਡਲ ਦੇ ਸਾਬਕਾ ਪ੍ਰਧਾਨ ਓਮ ਪ੍ਰਕਾਸ਼ ਡੋਗਰਾ, ਪੰਕਜ ਕਾਲਾ, ਦੀਪਕ ਚਾਵਲਾ, ਸੰਜੇ ਸ਼ਰਮਾ ਚੰਡੀਗੜ੍ਹ, ਰਜਨੀਸ਼ ਜੋਸ਼ੀ, ਵਿਕਾਸ, ਨਵੀਨ ਗੁਪਤਾ, ਰਾਜੇਸ਼ ਸੂਦ, ਸਾਹਿਲ ਸਰੋਆ, ਵਿਕਰਮ ਚੌਹਾਨ, ਸੋਨੂੰ ਸੇਠੀ, ਮਨੀਸ਼ ਕੁਮਾਰ, ਅਜੇ ਟੰਡਨ, ਅਮਨ ਨਾਹਰ, ਰਜੀਵ ਕੁਮਾਰ, ਵਰਿੰਦਰ ਜੈਨ, ਜਤਿੰਦਰ ਰਾਮ, ਅਸ਼ਵਨੀ ਪਰਮਾਰ, ਸੂਰਜ ਕੁਮਾਰ, ਅੰਕੁਸ਼ ਕੁਮਾਰ, ਪਵਨ ਕਾਲਾ, ਰਾਜਾ ਧੀਰ, ਰਵੀ ਜੈਨ, ਸੁਮਿਤ ਪੁਰੀ, ਹਰਸ਼ ਮਿੱਤਲ, ਸੰਨੀ ਨਾਹਰ, ਮਨੀ ਗੁਪਤਾ, ਗੋਲਡੀ ਡੋਗਰਾ, ਕਰਨ ਠਾਕੁਰ, ਰਾਕੇਸ਼ ਸਹੋਤਾ, ਗਗਨ ਨਾਹਰ, ਨਰੇਸ਼ ਸੇਠੀ, ਕਰਨ ਕੁਮਾਰ, ਇੰਦਰਵੀਰ ਅਰੋੜਾ, ਰੋਹਿਤ ਗੁਜਰਾਲ, ਸਨੀ ਸਹੋਤਾ ਆਦਿ ਸ਼ਾਮਲ ਸਨ।



# ਹਮਲਾਵਰਾਂ ਨੇ ਨੌਜਵਾਨ 'ਤੇ ਹਮਲਾ ਕਰਕੇ ਕੀਤਾ ਗੰਭੀਰ ਜ਼ਖਮੀ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਬੀਤੇ ਦਿਨੀਂ ਸਰਪੰਚ ਸੰਦੀਪ ਕੁਮਾਰ ਚੀਨਾਂ ਦਾ ਗੋਲੀਆਂ ਮਾਰ ਕੇ ਕਤਲ ਕਰਨ ਦਾ ਮਾਮਲਾ ਅਜੇ ਠੰਢਾ ਨਹੀਂ ਪਿਆ ਸੀ ਕਿ ਕੁਝ ਹਥਿਆਰਬੰਦ ਨੌਜਵਾਨਾਂ ਵੱਲੋਂ ਥਾਣਾ ਮੇਹਟੀਆਣਾ ਅਧੀਨ ਪੈਂਦੇ ਅੱਡਾ ਅੱਤੋਵਾਲ ਵਿਖੇ ਨਾਈ ਦੀ ਦੁਕਾਨ ਕਰ ਰਹੇ ਇੱਕ ਨੌਜਵਾਨ ਨੂੰ ਉਸ ਦੀ ਦੁਕਾਨ ਅੰਦਰ ਦਾਖਲ ਹੋ ਕੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਿਤ ਸਰਬਜੀਤ ਸਿੰਘ ਉਰਫ ਸਨੀ ਪੁੱਤਰ ਜੀਤ ਰਾਮ ਵਾਸੀ ਪਿੰਡ ਬੂਥਗੜ੍ਹ ਨੇ ਥਾਣਾ ਮੇਹਟੀਆਣਾ ਵਿਖੇ ਦਿੱਤੀ ਲਿਖਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਪਿਛਲੇ ਚਾਰ ਸਾਲ ਤੋਂ ਅੱਡਾ ਅੱਤੋਵਾਲ ਵਿਖੇ ਨਾਈ ਦੀ ਦੁਕਾਨ ਕਰ ਰਿਹਾ ਹੈ। 4 ਫਰਵਰੀ ਨੂੰ ਵਕਤ ਕਰੀਬ ਤਿੰਨ-ਸਾਢੇ ਤਿੰਨ ਵਜੇ ਦਾ ਹੋਵੇਗਾ। ਉਸ ਦੀ ਦੁਕਾਨ ਅੰਦਰ ਹਥਿਆਰਬੰਦ ਹਮਲਾਵਰ ਦਾਖਲ ਹੋਏ। ਜਿਨ੍ਹਾਂ ਪਾਸ ਬੇਸਬਾਲ, ਪੰਚ, ਤੇਜ਼ਧਾਰ ਹਥਿਆਰ ਅਤੇ ਇੱਕ ਪਾਸ ਪਿਸਤੌਲ ਵੀ ਸੀ। ਜਿਨ੍ਹਾਂ ਵਿੱਚੋਂ ਕੁਝ ਹਮਲਾਵਰਾਂ ਨੇ ਆਪਣੇ ਮੂੰਹ ਕੱਪੜੇ ਨਾਲ ਢਕੇ ਹੋਏ।ਹਮਲਾਵਰਾਂ ਵਿੱਚੋਂ ਇੱਕ ਨੇ ਆਪਣੇ ਫੋਨ 'ਤੇ ਵੀਡੀਓ ਕਾਲ ਕਰਕੇ ਕਿਸੇ ਲੜਕੀ ਨੂੰ ਉਸ ਦਾ ਚਿਹਰਾ ਦਿਖਾਉਣ ਤੋਂ ਬਾਅਦ ਸਰਬਜੀਤ ਸਿੰਘ ਉਰਫ ਸਨੀ ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰਕੇ ਉਸ ਨੂੰ ਅਗਲੀ ਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਆਪਣੇ ਮੋਟਰਸਾਈਕਲਾਂ 'ਤੇ ਫਰਾਰ ਹੋ ਗਏ। ਹਮਲਾਵਰਾਂ ਨੇ ਉਸ ਦੀ ਦੁਕਾਨ ਅੰਦਰ ਭੰਨ ਤੋੜ ਵੀ ਕੀਤੀ।ਪੀੜਿਤ ਸਨੀ ਨੇ ਦੱਸਿਆ ਕਿ ਉਸ ਨੂੰ ਲਹੂ ਲੁਹਾਣ ਹੋਏ ਨੂੰ ਉਸ ਦੇ ਕੁਝ ਜਾਣਕਾਰਾਂ ਨੇ ਹਸਪਤਾਲ ਵਿਖੇ ਭਰਤੀ ਕਰਵਾਇਆ। ਹਮਲੇ ਤੋਂ ਦੋ ਤਿੰਨ ਦਿਨ ਬਾਅਦ ਡਾਕਟਰਾਂ ਵੱਲੋਂ ਕੱਟੀ ਗਈ ਮੁਢਲੀ ਰਿਪੋਰਟ ਥਾਣਾ ਮੇਹਟੀਆਣਾ ਵਿਖੇ ਪੇਸ਼ ਕਰ ਦਿੱਤੀ ਗਈ ਸੀ। ਅੱਜ ਸਨੀ ਅਤੇ ਉਸ ਦੇ ਪਰਵਾਰ ਨੇ ਇੱਕ ਲਿਖਤੀ ਸ਼ਿਕਾਇਤ ਥਾਣਾ ਮੇਹਟੀਆਣਾ ਵਿਖੇ ਦਰਜ ਕਰਵਾਈ ਹੈ। ਜਿਸ ਵਿੱਚ ਉਨ੍ਹਾਂ ਨੇ ਮੁੱਖ ਅਫਸਰ ਥਾਣਾ ਮੇਹਟੀਆਣਾ ਅਤੇ ਜ਼ਿਲਾ ਪੁਲਸ ਮੁਖੀ ਪਾਸੋਂ ਇਨਸਾਫ ਦੀ ਗੁਹਾਰ ਲਗਾਈ ਹੈ।

## ਜਨਮ ਦਿਨ ਮੁਬਾਰਕ



ਜਨਤ ਕੌਰ (ਪਿੰਡ ਤੇਜਾ ਕਲਾਂ)

## ਵਰ੍ਹੇਗੰਢ ਮੁਬਾਰਕ



ਹਰਸ਼ਮੀਰ ਸਿੰਘ ਤੇ ਹਰਮਨਪ੍ਰੀਤ ਕੌਰ ਵਾਸੀ ਪਿੰਡ ਸਾਲਾਪੁਰ (ਰੂਪਨਗਰ) ਨੇ ਵਿਆਹ ਦੀ ਚੌਥੀ ਵਰ੍ਹੇਗੰਢ ਮਨਾਈ।

# ਦਸੂਹਾ ਹਲਕੇ 'ਚ ਪੰਜਵੇਂ ਬਹੁਮੰਤਵੀ ਖੇਡ ਪਾਰਕ ਦਾ ਉਦਘਾਟਨ



**ਦਸੂਹਾ/ਹੁਸ਼ਿਆਰਪੁਰ, : (ਓ ਪੀ ਰਾਣਾ )** ਦਸੂਹਾ ਦੇ ਪਿੰਡ ਬੰਗਾਲੀਪੁਰ ਵਿਖੇ ਨਵੇਂ ਬਣੇ ਖੇਡ ਪਾਰਕ, ਵਾਲੀਬਾਲ ਮੈਦਾਨ ਅਤੇ ਓਪਨ ਜਿੰਮ ਦਾ ਉਦਘਾਟਨ ਵਿਧਾਇਕ ਕਰਮਬੀਰ ਸਿੰਘ ਘੁੰਮਣ ਵੱਲੋਂ ਸਮੂਹ ਪਿੰਡ ਵਾਸੀਆਂ ਦੀ ਹਾਜ਼ਰੀ ਚ ਕੀਤਾ ਗਿਆ। ਇਸ ਮੌਕੇ ਵਿਧਾਇਕ ਘੁੰਮਣ ਨੇ ਕਿਹਾ ਕਿ ਇਸ ਖੇਡ ਮੈਦਾਨ 'ਤੇ ਕਰੀਬ 8 ਲੱਖ ਖਰਚ ਕੀਤਾ ਗਿਆ ਹੈ। ਇਸ ਵਿਚ ਵਾਲੀਬਾਲ ਦਾ ਖੇਡ ਮੈਦਾਨ ,ਸੈਰ ਕਰਨ ਨੂੰ ਪਾਰਕ ਟਰੈਕ ਅਤੇ ਬੱਚਿਆਂ ਵਾਸਤੇ ਝੂਲੇ,ਨੌਜਵਾਨਾ ਵਾਸਤੇ ਓਪਨ ਜਿਮ ਬਣਾਇਆ ਗਿਆ ਹੈ ਅਤੇ ਦਸੂਹਾ ਹਲਕੇ ਵਿਚ ਇਹ ਪੰਜਵਾਂ ਖੇਡ ਪਾਰਕ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਪਾਰਕ ਵੀ ਤਿਆਰ ਹੋ ਰਹੇ ਹਨ, ਜੋ ਜਲਦ ਹੀ ਲੋਕਾਂ ਦੇ ਸਪੁਰਦ ਕਰ ਦਿੱਤੇ ਜਾਣਗੇ ਤਾਂ ਜੋ ਇਹਨਾਂ ਖੇਡ ਮੈਦਾਨਾਂ ਚ ਖੇਡਣ ਨਾਲ ਨੋਜਵਾਨ ਨਸ਼ਿਆਂ ਤੋਂ ਦੂਰ ਰਹਿਣ। ਇਸ ਮੌਕੇ ਸਮੂਹ ਪਿੰਡ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਹਿਲੀ ਵਾਰ ਕੋਈ ਸਰਕਾਰ ਗਲੀਆਂ-ਨਾਲੀਆਂ ਤੋਂ ਹੱਟ ਕੇ ਕੰਮ ਕਰ ਰਹੀ ਹੈ ਅਤੇ ਇਸ ਪਾਰਕ ਦੇ ਬਨਣ ਨਾਲ ਇਲਾਕੇ ਦੇ ਲੋਕਾਂ ਨੂੰ ਬਹੁਤ ਵੱਡਾ ਲਾਭ ਹੋਵੇਗਾ।

ਇਸ ਮੌਕੇ ਬੀ ਡੀ ਪੀ ਓ ਧਨਵੰਤ ਸਿੰਘ ਰੰਧਾਵਾ. ਸਰਪੰਚ ਅਮਰਜੀਤ ਕੌਰ, ਹੈਪੀ ਬੰਗਾਲੀਪੁਰ, ਬਲਕਾਰ ਸਿੰਘ ਸਾਬਕਾ ਚੇਅਰਮੈਨ, ਕਾਲੀ ਬੰਗਾਲੀਪੁਰ, ਗੁਰਪ੍ਰੀਤ ਲਵਲੀ,ਕੇਪੀ ਸੰਧੂ, ਮਨਸਾ ਸਿੰਘ, ਸੰਦੀਪ ਸਿੰਘ ਢਿੱਲੋਂ, ਗਗਨ ਚੀਮਾ ਤੇ ਹੋਰ ਹਾਜ਼ਰ ਸਨ।

# ਸੀ ਟੀ ਗਰੁੱਪ ਤੇ ਕੈਨਮ ਦਾ ਅੰਤਰਰਾਸ਼ਟਰੀ ਵਿੱਦਿਅਕ ਐਕਸਪੋ ਬਣਿਆ ਖਿੱਚ ਦਾ ਕੇਂਦਰ

**ਜਲੰਧਰ: ( ਸ਼ੈਲੀ ਐਲਬਰਟ)**:-ਸੀਟੀ ਗਰੁੱਪ ਨੇ ਕੈਨਮ ਸਟੱਡੀ ਅਬਰੋਡ ਦੇ ਨਾਲ ਸਾਂਝੇਦਾਰੀ ਵਿੱਚ ਖੇਤਰੀ ਸਕੂਲਾਂ ਅਤੇ ਕਾਲਜਾਂ ਦੇ 700 ਤੋਂ ਵੱਧ ਵਿਦਿਆਰਥੀਆਂ ਲਈ ਇੱਕ ਸਫਲ ਅੰਤਰਰਾਸ਼ਟਰੀ ਵਿੱਦਿਅਕ ਐਕਸਪੋ ਦੀ ਮੇਜ਼ਬਾਨੀ ਕੀਤੀ । ਐਕਸਪੋ ਦਾ ਮੁੱਖ ਉਦੇਸ਼ ਅੰਤਰਰਾਸ਼ਟਰੀ ਸਿੱਖਿਆ ਦੇ ਆਲੇ ਦੁਆਲੇ ਦਿਆਂ ਆਮ ਵਹਿਮਾਂ ਨੂੰ ਦੂਰ ਕਰਨਾ ਅਤੇ ਚੋਟੀ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਮੌਕਿਆਂ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਨਾ ਸੀ। ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਡੀਕਿਨ ਯੂਨੀਵਰਸਿਟੀ, ਥੌਮਸਨ ਰਿਵਰਜ਼ ਯੂਨੀਵਰਸਿਟੀ, ਯੂਨੀਵਰਸਿਟੀ ਕੈਨੇਡਾ ਵੈਸਟ, ਯੂਨੀਵਰਸਿਟੀ ਆਫ ਨਿਆਗਰਾ ਫਾਲਸ, ਗਿਸਮਾ ਯੂਨੀਵਰਸਿਟੀ ਆਫ ਅਪਲਾਈਡ ਸਾਇੰਸਜ਼, ਯੂਨੀਵਰਸਿਟੀ ਆਫ ਵਿੰਡਸਰ, ਅਤੇ ਯੂਨੀਵਰਸਿਟੀ ਲਿਵਿੰਗ ਦੇ ਪ੍ਰਸਿੱਧ ਗਲੋਬਲ ਨੁਮਾਇੰਦਿਆਂ ਨੇ ਦਾਖਲਾ ਪ੍ਰਕਿਰਿਆਵਾਂ, ਕੈਂਪਸ ਜੀਵਨ, ਬਾਰੇ ਜਾਣਕਾਰੀ ਸਾਂਝੀ ਕਰਨ ਲਈ ਹਿੱਸਾ ਲਿਆ। ਇਹਨਾਂ ਮਾਣਯੋਗ ਯੂਨੀਵਰਸਿਟੀਆਂ ਅਤੇ ਸੀਟੀ ਗਲੋਬਲ ਐਜੂਕੇਸ਼ਨ ਸਰਵਿਸਿਜ਼ ਦੇ ਨੁਮਾਇੰਦਿਆਂ ਸਮੇਤ ਨਾਮਵਰ ਹਸਤੀਆਂ ਨੇ ਅੰਤਰਰਾਸ਼ਟਰੀ ਸਿੱਖਿਆ ਦੀ ਮਹੱਤਤਾ ਬਾਰੇ ਵਡਮੁੱਲੀ ਦ੍ਰਿਸ਼ਟੀਕੋਣ ਵਿੱਚ ਯੋਗਦਾਨ ਪਾਉਂਦੇ ਹੋਏ । ਇਸ ਮੌਕੇ ਦੀ ਸ਼ਲਾਘਾ ਕੀਤੀ। ਇੰਟਰਨੈਸ਼ਨਲ ਐਜੂਕੇਸ਼ਨਲ ਐਕਸਪੋ ਦੀਆਂ ਮੁੱਖ ਝਲਕੀਆਂ ਵਿੱਚ ਮਿੱਥ-ਬਸਟਿੰਗ ਸੈਸ਼ਨ, ਇੰਟਰਐਕਟਿਵ ਵਰਕਸ਼ਾਪਾਂ, ਅਤੇ ਨੈੱਟਵਰਕਿੰਗ ਮੌਕੇ ਸ਼ਾਮਲ ਸਨ । ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ ਨੇ ਇਸ ਸਮਾਗਮ ਦੀ ਸਫ਼ਲਤਾ 'ਤੇ ਤਸੱਲੀ ਪ੍ਰਗਟ ਕਰਦਿਆਂ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਸਿੱਖਿਆ ਦੇ ਮੌਕਿਆਂ ਬਾਰੇ ਸਹੀ ਜਾਣਕਾਰੀ ਦੇਣ ਤੇ ਇਸ ਦੇ ਪ੍ਰਭਾਵ 'ਤੇ ਜ਼ੋਰ ਦਿੱਤਾ।





ਡਡਵਿੰਡੀ ਦੀ ਦਾਣਾ ਮੰਡੀ ਅਤੇ ਕਮਾਲਪੁਰ ਮੋਠਾਂਵਾਲਾ ਦੀ ਦਾਣਾ ਮੰਡੀ ਵਿਖੇ ਟਰੈਕਟਰ ਮਾਰਚ ਵਿੱਚ ਸ਼ਾਮਲ ਹੋਣ ਸਮੇਂ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਗੁਰਮੀਤ ਸਿੰਘ, ਲਵਪ੍ਰੀਤ ਸਿੰਘ ਫੌਜੀ ਕਲੋਨੀ, ਅਜੀਤ ਸਿੰਘ ਔਜਲਾ, ਸਰਵਣ ਸਿੰਘ, ਸਾਬਕਾ ਸਰਪੰਚ ਸਤਨਾਮ ਸਿੰਘ, ਅਜੀਤ ਸਿੰਘ ਭੌਰ, ਮੁਕੰਦ ਸਿੰਘ ਸੈਦੋਭਲਾਣਾ , ਜਗਰੂਪ ਸਿੰਘ, ਸੁਖਵੰਤ ਸਿੰਘ ਰਾਜਵਿੰਦਰ ਸਿੰਘ ਮੋਖੇ, ਜਸਵੰਤ ਸਿੰਘ ਪਿਆਰਾ ਸਿੰਘ ਰੌਣਕ ਸਿੰਘ ਬਚਿੱਤਰ ਸਿੰਘ ,ਹਰਜੋਤ ਸਿੰਘ ,ਅਕੁੰਸ਼ ਖਿੰਡਾ, ਲਵਪ੍ਰੀਤ ਸਿੰਘ ਕਰਮਜੀਤਪੁਰ ,ਗੁਰਦੇਵ ਸਿੰਘ ਲਵਲੀ ਅਹਿਮਦਪੁਰ ਛੰਨਾ ਹਰਦੀਪ ਸਿੰਘ ਡਡਵਿੰਡੀ, ਗੁਰਵਿੰਦਰ ਸਿੰਘ ਸਰਪੰਚ ਮੀਰੇ, ਮਲਕੀਤ ਸਿੰਘ ਹੈਬਤਪੁਰ, ਕੁਲਵੰਤ ਸਿੰਘ ਸਰਪੰਚ ਰਾਜਿੰਦਰ ਸਿੰਘ ਹਰਬੰਸ ਸਿੰਘ ਕੁਲਵਿੰਦਰ ਸਿੰਘ ਮਨਦੀਪ ਸਿੰਘ ਦਲਜੀਤ ਸਿੰਘ ਗੁਰਮੀਤ ਸਿੰਘ ਵਿਸ਼ਵਜੋਤ ਸਿੰਘ ਮੇਜ਼ਰ ਸਿੰਘ ਜੱਗਾ ਸਿੰਘ, ਰਾਜਵੀਰ ਸਿੰਘ, ਹਰਚਰਨ ਸਿੰਘ ਮੋਮੀ ਚੱਕ ਕੋਟਲਾ, ਲਖਵਿੰਦਰ ਸਿੰਘ ਬਿਸ਼ਨ ਸਿੰਘ ਚੱਕ ਕੋਟਲਾ, ਸਵਰਨ ਸਿੰਘ ਨਸੀਰੇਵਾਲ, ਪ੍ਰਤਾਪ ਸਿੰਘ ਮੋਮੀ, ਬਰਿੰਦਰ ਸਿੰਘ ਸਾਬਕਾ ਸਰਪੰਚ, ਦਲਜੀਤ ਸਿੰਘ ਸ਼ਤਾਬਗੜ, ਸੰਤਾ ਸਿੰਘ ਭੈਣੀ ਹੁਸੇ ਖਾਂ , ਬਲਵੀਰ ਸਿੰਘ ਨੱਥੂ ਚਾਹਲ, ਗੁਰਵਿੰਦਰ ਸਿੰਘ, ਜਸਕਰਨ ਸਿੰਘ ਨਸੀਰੇਵਾਲ, ਬੰਤਾ ਸਿੰਘ, ਸੁਖਦੇਵ ਸਿੰਘ ਸਾਬਕਾ ਐਸ ਡੀ ਓ ਸੁਖਦੇਵ ਸਿੰਘ ਅਮਰਕੋਟ , ਹਰਜਿੰਦਰ ਸਿੰਘ, ਪਿਆਰਾ ਸਿੰਘ ਨਵਾਂ ਠੱਟਾ, ਰਵਿੰਦਰ ਸਿੰਘ ਸਰਪੰਚ ਅਮਰਕੋਟ, ਮਦਨ ਲਾਲ ਕੰਡਾ , ਮਹਿੰਗਾ ਸਿੰਘ ਆਦਿ ਹਾਜ਼ਰ ਸਨ।

(ਫੋਟੋ ਅਤੇ ਵੇਰਵਾ : ਬਲਵਿੰਦਰ ਸਿੰਘ ਧਾਲੀਵਾਲ ਸੁਲਤਾਨਪੁਰ ਲੋਧੀ)